I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

ਕੌਮੀ ਪਤ੍ਰਿਕਾ

# ਅਜੂਬੇ ਵਰਗੀ ਸ਼ਖ਼ਸੀਅਤ ਮਨਮੋਹਨ ਬਾਵਾ



ਹਰਵਿੰਦਰ ਬਿਲਾਸਪੁਰ
ਮੋਬਾਈਲ : 98149-07020

*ਮਨਮੋਹਨ ਬਾਵਾ ਦਾ ਬਚਪਨ ਬਹੁਤ ਗੁਰਬਤ ਵਿਚ ਗੁਜ਼ਰਿਆ। ਹਾਲਾਤ ਇੱਥੋਂ ਤਕ ਬਦਤਰ ਸਨ ਕਿ ਉਸ ਨੂੰ ਤੇਈ-ਚੌਵੀ ਸਾਲ ਦੀ ਉਮਰ ਤਕ ਪੈਰੀਂ ਜੁੱਤੀ ਨਹੀਂ ਸੀ ਜੁੜੀ। ਇਸ ਦੇ ਸਬੂਤ ਵਜੋਂ ਉਹ ਆਪਣੇ ਵੱਡੇ, ਚੌੜੇ ਪੰਜਿਆਂ ਵਾਲੇ ਪੈਰ ਵਿਖਾਉਣ ਲੱਗਦਾ ਹੈ...*

ਪ੍ਰਸਿੱਧ ਜਾਂ ਉੱਘਾ ਸ਼ਬਦ ਨਾਵਲਕਾਰ ਮਨਮੋਹਨ ਬਾਵਾ ਲਈ ਬੌਣਾ ਹੈ। ਇਸ ਦਾ ਅਹਿਸਾਸ ਉਸ ਨੂੰ ਮਿਲ ਕੇ ਅਤੇ ਉਸ ਬਾਰੇ ਜਾਣ ਕੇ ਬਾਖ਼ੂਬੀ ਹੋ ਜਾਂਦਾ ਹੈ। ਪਿਛਲੇ ਦਿਨੀਂ ਉਨਾਂ ਨਾਲ ਦੋ ਦਿਨ ਗੁਜ਼ਾਰਨ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਅਹਿਮ ਪਹਿਲੂਆਂ ਬਾਰੇ ਜਾਨਣ ਦਾ ਮੌਕਾ ਮਿਲਿਆ। ਜਿਸ ਤਰ੍ਹਾਂ ਅੱਜ ਖ਼ੁਦਕੁਸ਼ੀਆਂ ਦਾ ਦੌਰ ਚੱਲ ਰਿਹਾ ਹੈ, ਉਨਾਂ ਦੀ ਸੰਘਰਸ਼ਮਈ ਜ਼ਿੰਦਗੀ ਇਕ ਚਾਨਣ-ਮੁਨਾਰੇ ਦਾ ਕੰਮ ਕਰਦੀ ਹੈ।

ਆਪਣੀ ਜ਼ਿੰਦਗੀ ਬਾਰੇ ਕੁਝ ਬਿਆਨ ਕਰਨ ਤੋਂ ਪਹਿਲਾਂ ਉਹ ਦੋ ਮਿੰਟ ਲਈ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ। ਸ਼ਾਇਦ ਬੀਤੇ ਦੀਆਂ ਘਟਨਾਵਾਂ ਨੂੰ ਇਕ ਲੜੀ ਵਿਚ ਪਰੋਂਦਾ ਹੋਵੇ। ਉਸ ਦੇ ਡੱਬੀਆਂ ਵਾਲੇ ਖੇਸ ਦੀ, ਸਤੰਬਰ ਮਹੀਨੇ, ਡਲਹੌਜ਼ੀ ਦੀ ਹਲਕੀ ਠੰਢ ਨਾਲ ਗੁਫ਼ਤਗੂ ਸ਼ੁਰੂ ਹੋ ਜਾਂਦੀ ਹੈ। ਉਸ ਦਾ ਬਚਪਨ ਬਹੁਤ ਗੁਰਬਤ ਵਿਚ ਗੁਜ਼ਰਿਆ। ਹਾਲਾਤ ਇੱਥੋਂ ਤਕ ਬਦਤਰ ਸਨ ਕਿ ਉਸ ਨੂੰ ਤੇਈ-ਚੌਵੀ ਸਾਲ ਦੀ ਉਮਰ ਤਕ ਪੈਰੀਂ ਜੁੱਤੀ ਨਹੀਂ ਸੀ ਜੁੜੀ। ਇਸ ਦਾ ਸਬੂਤ ਉਹ ਆਪਣੇ ਵੱਡੇ, ਚੌੜੇ ਪੰਜਿਆਂ ਵਾਲੇ ਆਪਣੇ ਪੈਰ ਵਿਖਾਉਣ ਲੱਗ ਜਾਂਦਾ ਹੈ। ਬਾਪ ਦਾ ਪਿੱਛਾ, ਆਲਸ ਨੇ ਨਹੀਂ ਛੱਡਿਆ। ਨਾਨਾ ਜੀ ਸਰਦੇ-ਪੁੱਜਦੇ ਸਨ। ਜੁਆਈ ਨੂੰ ਕਈ ਕੰਮ ਸ਼ੁਰੂ ਕਰ ਕੇ ਦਿੱਤੇ ਪਰ ਸਭ ਫੇਲ੍ਹ। ਆਪਣੀ ਲੱਕੜੀ ਦੀ ਦੁਕਾਨ ਸੰਭਾਲ਼ ਦਿੱਤੀ ਪਰ ਡੇਢ ਦੋ ਸਾਲਾਂ ਵਿਚ ਉਹ ਵੀ ਖਤਮ।

ਬਚਪਨ ਦਾ ਕੁਝ ਸਮਾਂ ਧੂਰੀ ਅਤੇ ਕੁਝ ਅੰਮ੍ਰਿਤਸਰ, ਬਿਆਸ ਵਿਚ ਗੁਜ਼ਰਿਆ। ਫਿਰ ਸਾਰਾ ਪਰਿਵਾਰ ਦਿੱਲੀ ਜਾ ਕੇ ਵਸ ਗਿਆ। ਪੜ੍ਹਾਈ ਵਿਚ ਜ਼ਿਆਦਾ ਰੁਚੀ ਨਹੀਂ ਸੀ ਪਰ ਫਿਰ ਵੀ ਰੁਲ਼ਖੁਲ ਕੇ ਓਦੋਂ ਤਕ ਬਾਵਾ ਨੇ ਦਸਵੀਂ ਪਾਸ ਕਰ ਲਈ ਸੀ। ਪਰ ਉਸ ਦਾ ਮਨ ਕਹਿੰਦਾ ਸੀ ਕਿ ਉਸ ਨੇ ਕਲਰਕ ਨਹੀਂ ਬਣਨਾ। ਉਸ ਨੇ ਤਾਂ ਚਿਤਰਕਾਰ ਬਣਨਾ ਹੈ। ਪਰ ਕਿਸੇ ਆਰਟ ਕਾਲਜ ਵਿਚ ਦਾਖ਼ਲੇ ਲਈ ਘਰ ਦੇ ਹਾਲਾਤ ਸਾਜ਼ਗਾਰ ਨਹੀਂ ਸਨ। ਅਖੀਰ ਇਕ ਦਿਨ ਉਹ ਘਰੋਂ ਭੱਜ ਕੇ ਮੁੰਬਈ ਵਾਲੀ ਟਰੇਨ ਚੜ੍ਹ ਗਿਆ। ਉਸ ਵਕਤ ਉਸ ਕੋਲ ਉੱਨੀ ਰੁਪਏ ਸਨ ਜੋ ਉਸ ਨੇ ਘਰ ਦਾ ਸੌਦਾ ਪੱਤਾ ਲਿਆਉਣ ਵੇਲੇ ਪੈਸਿਆਂ ਵਿੱਚੋਂ ਥੋੜ੍ਹੇ ਥੋੜ੍ਹੇ ਰੱਖ ਕੇ ਜੋੜੇ ਸਨ। ਉਸ ਨੇ ਟਰੇਨ ਦੀ ਟਿਕਟ ਨਹੀਂ ਸੀ ਲਈ। ਰਾਤ ਸਾਰੀ ਗੁਜ਼ਰ ਗਈ ਪਰ ਸਵੇਰੇ ਪਹੁ ਫੁੱਟਦੀ ਨਾਲ ਟੀਟੀ ਆ ਗਿਆ। ਟਿੱਕਟ ਗੁੰਮ ਹੋ ਗਈ ਦਾ ਬਹਾਨਾ ਮਾਰਿਆ ਪਰ ਟੀਟੀ ਨੇ ਦੋ ਚਪੇੜਾਂ ਮਾਰ ਕੇ ਅਗਲੇ ਸਟੇਸ਼ਨ 'ਤੇ ਲਾਹ ਦਿੱਤਾ।

ਇਹ ਇਕ ਛੋਟਾ ਜਿਹਾ ਸਟੇਸ਼ਨ ਜਿਸ ਦਾ ਨਾਮ ਰੰਗ ਵਿਸੰਡਾ ਸੀ। ਉਸ ਨੂੰ ਕੋਈ ਗਿਆਨ ਨਹੀਂ ਸੀ ਕਿ ਮੁੰਬਈ ਹਾਲੇ ਕਿੰਨੀ ਦੂਰ ਹੈ। ਚਾਹ ਵਾਲੇ ਨੂੰ ਪੁੱਛਿਆ। ਉਸ ਨੇ ਕਿਹਾ ਕਿ ਇੱਥੋਂ ਭੁਪਾਲ ਵਾਲੀ ਗੱਡੀ ਫੜ੍ਹੋ। ਭੁਪਾਲ ਤੋਂ ਤੇਜ਼ ਟਰੇਨ ਮਿਲ ਜਾਵੇਗੀ। ਉਸ ਨੇ ਪੁੱਛਿਆ ਕਿ ਭੁਪਾਲ ਨੂੰ ਸੜਕ ਕਿਹੜੀ ਜਾਵੇਗੀ, ਚਾਹ ਵਾਲੇ ਨੇ ਰਸਤਾ ਸਮਝਾ ਦਿੱਤਾ। ਸੋਲਾਂ-ਸਤਾਰਾਂ ਸਾਲ ਦੇ ਬਾਵੇ ਦੇ ਪੈਰ ਲੰਮੇ ਪੈਂਡਿਆਂ ਨਾਲ ਉਲਝ ਗਏ। ਤੁਰਦੇ ਤੁਰਦੇ ਸ਼ਾਮ ਪਈ ਤਾਂ ਵੇਖਿਆ ਉਹ ਇਕ ਪਿੰਡ ਵਿਚ ਸੀ। ਉੱਥੇ ਇਕ ਮੰਦਿਰ ਵਿਚ ਰਾਤ ਕੱਟ ਸਵੇਰੇ ਫੇਰ ਤੁਰ ਪਿਆ। ਰਸਤੇ ਵਿਚ ਇਕ ਪੁਰਾਣਾ ਸ਼ਹਿਰ ਗੈਰਸਪੁਰ ਆਇਆ। ਸਾਹਮਣੇ ਇਕ ਪੁਰਾਣਾ ਮੰਦਿਰ ਸੀ, ਜੋ ਬਹੁਤ ਟੁੱਟੀ ਭੱਜੀ ਹਾਲਤ ਵਿਚ ਸੀ। ਓਥੇ ਦੋ ਤਿੰਨ ਬੰਦੇ ਆਪਣੇ ਕੰਮ ਵਿਚ ਰੁੱਝੇ ਹੋਏ ਸਨ। ਸ਼ਾਇਦ ਮੰਦਿਰ ਦੇ ਨਵੀਨੀਕਰਨ ਬਾਰੇ ਮੁਢਲਾ ਕੰਮ ਚੱਲ ਰਿਹਾ ਸੀ। ਇਕ ਨਕਸ਼ਾ ਨਵੀਸ, ਇਕ ਫੋਟੋਗ੍ਰਾਫ਼ਰ ਅਤੇ ਇਕ ਚਿੱਤਰਕਾਰ ਆਪਣੇ ਕੰਮ ਵਿਚ ਰੁੱਝੇ ਹੋਏ ਸਨ।

ਬਾਵਾ ਚਿੱਤਰਕਾਰ ਕੋਲ ਜਾ ਕੇ ਬੈਠ ਗਿਆ। ਚਿੱਤਰਕਾਰ ਸਕੈੱਚ ਤਿਆਰ ਕਰ ਰਿਹਾ ਸੀ। ਉਹ ਚਿੱਤਰਕਾਰ ਪਾਸੋਂ ਕਾਗ਼ਜ਼ ਲੈ ਆਥਣ ਤਕ ਵਿੰਗੀਆਂ ਟੇਢੀਆਂ ਲਕੀਰਾਂ ਵਾਹੁੰਦਾ ਰਿਹਾ। ਸ਼ਾਮ ਛੁੱਟੀ ਦੇ ਵਕਤ ਚਿੱਤਰਕਾਰ ਨੇ ਆਪਣੇ ਕੁਝ ਸਕੈੱਚ ਜਿੰਨਾਂ ਵਿਚ ਕੁਝ ਖ਼ਾਮੀ ਰਹਿ ਗਈ ਸੀ, ਸੁੱਟ ਦਿੱਤੇ, ਜਿਨਾਂ ਨੂੰ ਚਿੱਤਰਕਾਰ ਦੀ ਇਜ਼ਾਜਤ ਲੈ ਕੇ ਬਾਵੇ ਨੇ ਸਾਂਭ ਲਿਆ। ਉੱਥੇ ਹੀ ਰਾਤ ਕੱਟ ਕੇ ਸਵੇਰੇ ਅਗਲੇ ਸਫ਼ਰ 'ਤੇ ਨਿੱਕਲ ਲਿਆ। ਇਸ ਵਕਤ ਤਕ ਉਸ ਦੇ ਬੋਝੇ ਵਿਚਲੇ ਪੈਸੇ ਖਤਮ ਹੋ ਚੁੱਕੇ ਸਨ। ਅੱਗੇ ਸਾਂਚੀ ਸ਼ਹਿਰ ਵਿਚ ਇਕ ਭੱਠੇ ਤੇ ਨੌਕਰੀ ਲਈ ਤਰਲਾ ਮਾਰਿਆ। ਮਜ਼ਦੂਰੀ ਦਾ ਕੰਮ ਮਿਲਿਆ। ਕੁਝ ਦਿਨਾਂ ਬਾਅਦ ਜਦ ਮਾਲਕ ਨੂੰ ਉਸ ਦੇ ਪੜ੍ਹੇ ਲਿਖੇ ਹੋਣ ਦਾ ਪਤਾ ਲੱਗਿਆ ਤਾਂ ਉਸ ਨੂੰ ਮਜ਼ਦੂਰਾਂ ਦੀ ਹਾਜ਼ਰੀ ਵਗੈਰਾ ਲਗਾਉਣ ਦਾ ਕੰਮ ਦੇ ਦਿੱਤਾ। ਥੋੜ੍ਹੇ ਦਿਨ ਹੋਰ ਕੰਮ ਕਰਨ ਤੋਂ ਬਾਅਦ ਉਸ ਨੇ ਮਾਲਕ ਤੋਂ ਇਜ਼ਾਜਤ ਮੰਗੀ ਤੇ ਦੱਸਿਆ ਕਿ ਉਹ ਤਾਂ ਮੁੰਬਈ ਚਿੱਤਰਕਾਰੀ ਸਿੱਖਣ ਜਾ ਰਿਹਾ ਹੈ ਤਾਂ ਮਾਲਕ ਨੇ ਉਸ ਦੀ ਮਿਹਨਤ ਤੋਂ ਇਲਾਵਾ ਕੁਝ ਹੋਰ ਪੈਸੇ ਵੀ ਦੇ ਦਿੱਤੇ।

ਇਸ ਤਰ੍ਹਾਂ ਸਤਾਰਾਂ ਦਿਨਾਂ ਬਾਅਦ ਭੁਪਾਲ ਪਹੁੰਚਿਆ। ਭੁਪਾਲ ਤੋਂ ਮੁੰਬਈ। ਆਰਟ ਕਾਲਜ ਗਿਆ। ਪਤਾ ਲੱਗਿਆ ਅਡਮਿਸ਼ਨਾਂ ਹੋ ਚੁੱਕੀਆਂ ਸਨ। ਫਿਰ ਵੀ ਪ੍ਰਬੰਧਕ ਨੇ ਪੁੱਛਿਆ ਕਿ ਤੁਹਾਨੂੰ ਚਿੱਤਰਕਾਰੀ ਬਾਰੇ ਕੁਝ ਗਿਆਨ ਹੈ? ਤਾਂ ਉਸ ਨੇ ਉਹ ਸਕੈੱਚ ਜੋ ਉਹ ਗੈਰਸਪੁਰ ਤੋਂ ਲੈ ਕੇ ਆਇਆ ਸੀ, ਵਿਖਾ ਦਿੱਤੇ ਕਿ ਇਹ ਮੈਂ ਬਣਾਏ ਹਨ। ਪ੍ਰਬੰਧਕ ਨੇ ਪ੍ਰਭਾਵਿਤ ਹੋ ਕੇ ਸਪੈਸ਼ਲ ਦਾਖ਼ਲਾ ਦੇ ਦਿੱਤਾ।

ਸੱਤ ਅੱਠ ਮਹੀਨੇ ਕਾਲਜ ਲਗਾਏ। ਵਾਪਸ ਘਰ ਜਾਣ ਦਾ ਮਨ ਕੀਤਾ ਤਾਂ ਉਸ ਨੇ ਪ੍ਰਬੰਧਕ ਨੂੰ ਦੱਸਿਆ। ਪ੍ਰਬੰਧਕ ਇਸ ਗੱਲ ਤੇ ਮੰਨ ਗਿਆ ਕਿ ਉਹ ਹਰ ਸਾਲ ਸਾਰੇ ਸਬਜੈਕਟਾਂ ਨਾਲ ਸਬੰਧਿਤ ਆਪਣੇ ਚਿੱਤਰ ਬਣਾ ਕੇ ਸਾਨੂੰ ਪੋਸਟ ਕਰ ਦਿਆ ਕਰੇ। ਜੇ ਕੁਆਲਿਫਾਈ ਕਰਦਾ ਹੋਵੇਗਾ ਤਾਂ ਉਸ ਨੂੰ ਪੇਪਰ ਦੇਣ ਦੀ ਇਜਾਜ਼ਤ ਮਿਲ ਜਾਇਆ ਕਰੇਗੀ। ਵਾਪਸ ਦਿੱਲੀ ਆ ਕੇ ਇਕ ਬੰਗਾਲੀ ਆਰਟਿਸਟ ਕੋਲੋਂ ਟ੍ਰੇਨਿੰਗ ਲਈ। ਇਸ ਤਰ੍ਹਾਂ ਉਹ ਹਰ ਸਾਲ ਪੇਪਰ ਦਿੰਦਾ ਰਿਹਾ। ਯਾਦਾਂ ਤਾਜ਼ਾ ਕਰਦਿਆਂ ਉਹ ਦੱਸਦਾ ਹੈ ਕਿ ਮੈਂ ਡਿਜ਼ਾਈਨ ਦੇ ਸਬਜੈਕਟ ਚੋਂ ਕਾਫੀ ਕੰਮਜ਼ੋਰ ਸਾਂ।



ਮੇਰੇ ਵਾਂਗ ਗਵਾਲੀਅਰ ਤੋਂ ਤਿੰਨ ਕੁੜੀਆਂ ਵੀ ਪੇਪਰ ਦੇਣ ਆਉਂਦੀਆਂ ਸਨ। ਓਦੋਂ ਹੁਣ ਵਾਂਗ ਕੁੜੀਆਂ ਨੂੰ ਬੁਲਾਉਣ ਦਾ ਰਿਵਾਜ਼ ਨਹੀਂ ਸੀ ਪਰ ਮੇਰੇ ਨਾਲ ਉਨ੍ਹਾਂ ਦੀ ਹੈਲੋ ਹਾਏ ਹੋ ਗਈ। ਉਨ੍ਹਾਂ ਵਿੱਚੋਂ ਇਕ ਕੁੜੀ ਦਾ ਨਾਂ ਬਸੰਤੀ ਸੀ। ਡਿਜ਼ਾਈਨ ਦੇ ਪੇਪਰ ਤੋਂ ਇਕ ਦਿਨ ਪਹਿਲਾਂ ਉਸ ਨੂੰ ਬੇਨਤੀ ਕੀਤੀ ਕਿ ਕੱਲ੍ਹ ਨੂੰ ਤੁਸੀਂ ਕਿਸੇ ਅੱਛੇ ਡਿਜ਼ਾਈਨ ਵਾਲੀ ਸਾੜ੍ਹੀ ਪਹਿਨ ਕੇ ਆਈਓ। ਦੂਸਰੇ ਦਿਨ ਤਿੰਨੇ ਕੁੜੀਆਂ ਬਹੁਤ ਵਧੀਆ ਡਿਜ਼ਾਈਨ ਦੀਆਂ ਸਾੜੀਆਂ ਪਹਿਨ ਕੇ ਆਈਆਂ। ਇਸ ਤਰ੍ਹਾਂ ਸਾੜ੍ਹੀ ਤੋਂ ਨਕਲ ਮਾਰ ਕੇ ਪਾਸ ਹੋਇਆ। ਬਸੰਤੀ ਤੇ ਬਾਅਦ ਵਿਚ ਉਸ ਨੇ ਦੋ ਤਿੰਨ ਕਹਾਣੀਆਂ ਵੀ ਲਿਖੀਆਂ।

ਦੂਸਰਾ ਇਸ਼ਕ ਉਸ ਨੂੰ ਸਫ਼ਰ ਨਾਲ ਹੋਇਆ। ਉਸ ਨੇ ਸਾਰੀ ਦੁਨੀਆ ਗਾਹੀ ਹੈ। ਇਸ ਮੰਤਵ ਲਈ ਉਸ ਨੂੰ ਯੂਐਨਓ ਅਤੇ ਹੋਰ ਸੰਸਥਾਵਾਂ ਤੋਂ ਵੀ ਸਹਾਇਤਾ ਮਿਲਦੀ ਰਹੀ। ਦੇਸ਼ ਵਿਚ ਬਹੁਤੀ ਯਾਤਰਾ ਉਸ ਨੇ ਪੈਦਲ ਕੀਤੀ। ਉਹ ਦੱਸਦਾ ਹੈ ਕਿ ਜਿੱਥੇ ਜਿੱਥੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਗਏ, ਉਹ ਸਾਰੇ ਸਥਾਨਾਂ 'ਤੇ ਗਿਆ ਹੈ। ਦੁਨੀਆਂ ਦੇ ਕਈ ਸਥਾਨਾਂ 'ਤੇ ਉਹ ਦੂਹਰੀ-ਤੀਹਰੀ ਵਾਰ ਵੀ ਜਾ ਆਇਆ ਹੈ।

ਹੁਣ ਤਾਂ ਗੂਗਲ 'ਤੇ ਧਰਤੀ ਦੇ ਹਰ ਕੋਨੇ ਦਾ ਨਕਸ਼ਾ ਹੈ ਪਰ ਉਸ ਵਕਤ ਨਹੀਂ ਸੀ। ਪਰਬਤਰੋਹੀ ਦੌਰਾਨ ਉਸ ਨੇ ਹਿਮਾਲਿਆ ਪਰਬਤ ਲੜੀ ਅਤੇ ਹਿਮਾਚਲ ਦੇ ਹੋਰ ਬਹੁਤ ਸਾਰੇ ਪਹਾੜੀ ਏਰੀਏ ਦੀ ਟਰੈਕਿੰਗ ਜੋ ਕਿ ਬਹੁਤ ਜ਼ੋਖ਼ਮ ਵਾਲਾ ਕੰਮ ਹੈ, ਦੇ ਨਕਸ਼ੇ ਬਣਾਏ। ਇਨ੍ਹਾਂ ਨਕਸ਼ਿਆਂ ਨੂੰ ਉਸ ਵੇਲੇ ਇੰਗਲੈਂਡ ਦੇ ਪ੍ਰਕਾਸ਼ਕ ਨੇ ਛਾਪਿਆ, ਜਿਸ ਤੋਂ ਬਾਵੇ ਨੂੰ ਲਗਪਗ ਡੇਢ ਕਰੋੜ ਰੁਪਏ ਦੀ ਰਾਇਲਟੀ ਪ੍ਰਾਪਤ ਹੋਈ। ਇਨ੍ਹਾਂ ਯਾਤਰਾਵਾਂ ਬਾਰੇ ਵਿਸਥਾਰ ਨਾਲ ਜਾਨਣ ਲਈ ਉਸ ਦੇ ਸਫ਼ਰਨਾਮੇ 'ਜੰਗਲ ਜੰਗਲ ਪਰਬਤ ਪਰਬਤ', ਪੱਥ ਹੀ ਮੰਜ਼ਿਲ ਹੈ' ਅਤੇ ਹੁਣ '20000 ਮੀਲ ਲੰਮੀ ਦੇਸ਼ ਕਾਲ ਯਾਤਰਾ' ਪਾਠਕਾਂ ਦੀ ਕਚਿਹਰੀ ਵਿਚ ਹਾਜ਼ਰ ਹਨ।

ਇਸੇ ਦੌਰਾਨ ਇਤਿਹਾਸ ਦੀਆਂ ਪੁਸਤਕਾਂ ਪੜ੍ਹਨ ਦਾ ਸ਼ੌਕ ਲੱਗ ਗਿਆ, ਬਹੁਤ ਸਾਰੀਆਂ ਇਤਿਹਾਸਕ ਪੁਸਤਕਾਂ ਪੜ੍ਹੀਆਂ ਜਿਨਾਂ ਵਿੱਚੋਂ 'ਵੋਲਗਾ ਸੇ ਗੰਗਾ' ਵੀ ਸ਼ਾਮਿਲ ਹੈ। ਹੁਣ ਉਸ ਦੇ ਅੰਦਰ ਕੁਝ ਖੌਰੂ ਪਾ ਰਿਹਾ ਸੀ ਜੋ ਬਾਹਰ ਆਉਣਾ ਚਾਹੁੰਦਾ ਸੀ। ਉਸ ਨੂੰ ਲੱਗਿਆ ਕਿ ਇਤਿਹਾਸ ਦੇ ਕੁਝ ਪਹਿਲੂ ਦੁਨੀਆਂ ਦੀ ਨਜ਼ਰ ਵਿਚ ਲਿਆਂਦੇ ਹੀ ਨਹੀਂ ਗਏ। ਆਖਰ ਪਚਵੰਜਾ ਸਾਲ ਦੀ ਉਮਰ ਵਿਚ ਆ ਕੇ ਕਲਮ ਚੁੱਕ ਲਈ। ਪਹਿਲਾਂ ਕਹਾਣੀਆਂ ਲਿਖੀਆਂ। ਪਰ ਉਸ ਨੂੰ ਲੱਗਿਆ ਕਿ ਜੋ ਉਹ ਕਹਿਣਾ ਚਾਹੁੰਦਾ ਹੈ ਉਹ ਕਹਾਣੀ ਵਿਚ ਨਹੀਂ ਸਮਾ ਸਕਦਾ। ਫਿਰ ਉਸ ਨੇ ਇਤਿਹਾਸਕ ਪਿਠਭੂਮੀ ਵਾਲੇ ਵੱਡ ਅਕਾਰੀ ਨਾਵਲ ਲਿਖੇ। ਹੁਣ ਤਕ ਉਸ ਦੇ 'ਯੁੱਧ ਨਾਦ', 'ਕਾਲ ਕਥਾ', ਯੁੱਗ ਅੰਤ', 'ਅਫਗਾਨਿਸਤਾਨ ਦੀ ਉਰਵਲਾ' ਅਤੇ '1857 ਦਿੱਲੀ ਦਿੱਲੀ' ਪ੍ਰਕਾਸ਼ਿਤ ਹੋ ਚੁੱਕੇ ਹਨ। ਸ਼ੇਰ ਸ਼ਾਹ ਸੂਰੀ ਉੱਪਰ ਇਕ ਨਾਵਲ ਛਪਣ ਲਈ ਤਿਆਰ ਹੈ।

ਉਹ ਅੱਜ ਕੱਲ੍ਹ ਡਲਹੌਜ਼ੀ ਦੇ ਸਭ ਤੋਂ ਪੁਰਾਣੇ ਅਤੇ ਵਿਸ਼ਾਲ ਖੇਤਰ ਵਾਲੇ ਹੋਟਲ ਮੇਹਰ ਦਾ ਮਾਲਕ ਹੈ। ਦੋ ਬੇਟੀਆਂ ਹਨ ਜੋ ਆਪਣੇ ਘਰ ਸੁੱਖੀ-ਸਾਂਦੀ ਵਸਦੀਆਂ ਹਨ। ਪਚਾਸੀ ਸਾਲ ਦੇ ਸਵਾ ਛੇ ਫੁੱਟੇ ਨੌਜਵਾਨ ਬਾਬੇ ਦਾ ਨਾਂ ਸਾਹਿਤ ਅਕੈਡਮੀ ਪੁਰਸਕਾਰ ਲਈ ਵਿਚਾਰ ਅਧੀਨ ਨਾਵਾਂ ਵਿਚ ਬੋਲਦਾ ਹੈ। ਹਾਲਾਂਕਿ ਉਸ ਵਰਗੀਆਂ ਸ਼ਖ਼ਸੀਅਤਾਂ ਇਨ੍ਹਾਂ ਮਾਣ-ਸਨਮਾਨਾਂ ਤੋਂ ਬਹੁਤ ਉੱਪਰ ਹੁੰਦੀਆਂ ਹਨ ਪਰ ਫਿਰ ਵੀ ਸਾਡੀ ਤਾਂ ਇਹੀ ਦੁਆ ਹੈ ਕਿ ਉਹ ਦਿਨ ਜਲਦੀ ਆਵੇ ਜਦ ਇਹ ਪੁਰਸਕਾਰ ਉਨਾਂ ਦੀ ਝੋਲੀ ਪਵੇ। •

---

# ਤੈਂ ਕੀ ਦਰਦ ਨਾ ਆਇਆ

ਕਹਾਣੀ





ਸਤਨਾਮ ਚੌਹਾਨ
ਮੋਬਾਈਲ : 98886-15531

ਵਰ੍ਹਿਆਂ ਪਹਿਲਾਂ ਕਾਲੀ ਹਨੇਰੀ ਝੁਲੀ। ਜਿਸ ਵਿਚ ਪਤਾ ਨਹੀਂ ਕਿੰਨੇ ਹੀ ਘਰ ਉਜੜੇ, ਕਿੰਨੀਆਂ ਹੀ ਅਸਮਤਾਂ ਲੁੱਟੀਆਂ ਗਈਆਂ, ਕਿੰਨੀਆਂ ਨੇ ਆਪਣੀਆਂ ਇੱਜ਼ਤਾਂ ਬਚਾਉਣ ਖ਼ਾਤਰ ਖੂਹ-ਟੋਬਿਆਂ 'ਚ ਛਾਲਾਂ ਮਾਰੀਆਂ। ਲੋਕਾਂ ਦੇ ਮਿਹਨਤ ਨਾਲ ਬਣਾਏ ਘਰ ਉੱਜੜ ਗਏ। ਮਨੁੱਖ ਨੂੰ ਮਨੁੱਖ ਦੀ ਪਛਾਣ ਭੁੱਲ ਗਈ। ਇਹ ਦੱਸਦੇ-ਦੱਸਦੇ ਮੇਰੇ ਬਾਪੂ ਜੀ ਇਕ ਹਾਉਕਾ ਲੈ ਕੇ ਉਦਾਸ ਹੋ ਗਏ। ਮੇਰੇ ਦੇਖਦੇ-ਦੇਖਦੇ ਇਕ ਪੀੜ ਉਨ੍ਹਾਂ ਦੇ ਚਿਹਰੇ 'ਤੇ ਫੈਲ ਗਈ। ਮੈਂ ਫੇਰ ਪੁੱਛਿਆ, "ਬਾਪੂ ਜੀ ਫੇਰ ਕੀ ਹੋਇਆ"। ਉਨ੍ਹਾਂ ਫਿਰ ਹਉਕਾ ਲਿਆ ਫਿਰ ਮੈਨੂੰ ਉਸ ਕਾਲੀ ਹਨੇਰੀ ਦੇ ਉਜਾੜੇ ਦੀ ਦਰਦਨਾਕ ਘਟਨਾ ਸੁਣਾਉਣ ਲੱਗੇ। ਫਿਰ ਰੁੱਕ ਕੇ ਕਹਿੰਦੇ "ਛੱਡ ਤੂੰ ਕੀ ਲੈਣਾ ਸੁਣ ਕੇ ਇੰਨਾਂ ਦਰਦ" ਕਿਵੇਂ ਸਹੇਗੀ, ਕਿਵੇਂ ਸੁਣੇਗੀ? ਨਾ ਜ਼ਿੱਦ ਕਰ ਮੇਰੀ ਲਾਡਲੀ ਧੀ। ਨਾ ਜ਼ਿੱਦ ਕਰ। ਪਰ ਮੈਂ ਫਿਰ ਵੀ ਬਾਪੂ ਜੀ ਕੋਲ ਕੁਰਸੀ ਰੱਖ ਬੈਠ ਗਈ, ਨਹੀਂ ਤੁਸੀਂ ਸੁਣਾਓ।

ਬਾਪੂ ਬੋਲਦਾ ਹੈ ਤਾਂ ਇਦਾਂ ਲੱਗਦਾ ਜਿਵੇਂ ਆਵਾਜ਼ ਕਿਸੇ ਡੂੰਘੇ ਖੂਹ ਚੋਂ ਆ ਰਹੀ ਹੋਵੇ। ਦਰਦੀਲੀ ਜਿਹੀ। ਅੱਖਾਂ ਦੇ ਕੋਨਿਆਂ ਵਿਚ ਪਾਣੀ ਸਿਮ ਆਇਆ। ਵੈਸੇ ਮੈਂ ਕਦੇ ਬਾਪੂ ਜੀ ਨੂੰ ਰੋਂਦੇ ਨਹੀਂ ਸੀ ਦੇਖਿਆ, ਬਥੇਰੀਆਂ ਮੁਸੀਬਤਾਂ ਦੇ ਪਹਾੜ ਆਏ। ਮਾਂ ਦੀ ਮੌਤ ਤਾਂ ਇਕ ਸੱਚੀ-ਮੁੱਚੀ ਪਹਾੜ ਜਿਹੀ ਹੀ ਮੁਸੀਬਤ ਸੀ, ਜਿਸ ਨਾਲ ਬਾਪੂ ਜੀ ਇਕੱਲੇ ਵੀ ਹੋਏ ਤੇ ਪਰਿਵਾਰਕ ਜ਼ਿੰਮੇਵਾਰੀਆਂ ਵੀ ਆਣ ਸਿਰ ਪਈਆਂ। ਖੈਰ...।

ਬਾਪੂ ਜੀ ਬੋਲੇ ਉਸ ਕਾਲੀ ਹਨੇਰੀ ਆਉਣ ਦੇ ਅਸਾਰ ਤਾਂ ਬੜੇ ਦਿਨ ਪਹਿਲਾਂ ਹੀ ਭਾਂਪ ਲਏ ਗਏ ਸਨ। ਪਰ ਫਿਰ ਵੀ ਲੋਕ ਇਹ ਸੋਚਦੇ ਕਿ ਸ਼ਾਇਦ ਇਹ ਹਨੇਰੀ ਕੁਝ ਪਲਾਂ, ਘੰਟਿਆਂ, ਦਿਨਾਂ ਦੀ ਹੋਵੇਗੀ ਤੇ ਫਿਰ ਆਮ ਵਰਗਾ ਮਾਹੌਲ ਹੋ ਜਾਵੇਗਾ। ਸਭ ਕੁਝ ਰਾਜਿਆਂ ਦੀਆਂ ਚਾਲਾਂ ਸਨ, ਦੋ ਟੋਟੇ ਕਰ ਕੇ ਰੱਖ ਦਿੱਤੇ, ਉਨ੍ਹਾਂ ਸਾਂਝਾ ਦੇ, ਜੋ ਸਦੀਆਂ ਤੋਂ ਬਣੀਆਂ ਹੋਈਆਂ ਸਨ। ਉਨ੍ਹਾਂ ਵਿਚ ਇਕ ਨਫ਼ਰਤ ਦੀ ਚਿੰਗਾਰੀ ਛੱਡ ਦਿੱਤੀ ਗਈ ਉਹ ਸੀ ਧਰਮ। ਲੋਕ ਇੱਧਰਲੇ ਪਾਸਿਉਂ ਮੁਸਲਮਾਨਾਂ ਦੇ ਵੈਰੀ ਬਣ ਗਏ ਤੇ ਉੱਧਰ ਜੋ ਭਰਾਵਾਂ ਵਾਂਗ ਸਾਂਝਾਂ ਪਾ ਕੇ ਰਹਿੰਦੇ ਸਨ, ਉਹ ਹਿੰਦੂ ਸਿੱਖਾਂ ਦੇ ਵੈਰੀ ਬਣ ਗਏ।

*ਤੁਰਨ ਲੱਗਿਆਂ ਪੁੱਤਰਾ ਮੈਂ ਘਰੋਂ 'ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੀ ਬੀੜ ਚੁੱਕ ਲਈ ਜੋ ਸਾਡੇ ਪਾਕਿਸਤਾਨ ਵਾਲੇ ਘਰ ਵਿਚ ਬਿਰਾਜਮਾਨ ਸੀ...*

ਸਾਡਾ ਵੀ ਨਵਾਂ ਸੋਹਣਾ ਮਕਾਨ ਬਣਿਆ ਹੋਇਆ ਸੀ, ਰਾਵਲਪਿੰਡੀ ਦੇ ਕੋਲ ਪਿੰਡ ਸੀ, ਜ਼ਮੀਨ ਸੀ, ਘਰ ਵਿਚ ਬਰਕਤਾਂ ਸਨ। ਉਨ੍ਹਾਂ ਦਿਨਾਂ 'ਚ ਲੋਕ ਬੈਂਕਾਂ 'ਚ ਘੱਟ ਹੀ ਪੈਸਾ-ਧੇਲਾ ਜਮ੍ਹਾਂ ਕਰਾਉਂਦੇ। ਘਰਾਂ ਵਿਚ ਹੀ ਗਾਗਰਾਂ, ਘੜਿਆਂ 'ਚ ਪਾ ਕੇ ਦੱਬ ਛੱਡਦੇ, ਚੋਰ ਉਚੱਕਿਆਂ ਤੋਂ ਬਚਾਉਣ ਲਈ।

"ਫੇਰ ਬਾਪੂ ਜੀ ਅੱਗੇ ਕੀ ਹੋਇਆ"? ਮੈਂ ਪੁੱਛਿਆ।

ਫੇਰ ਪੁੱਤਰਾ ਇਹ ਹਨੇਰੀ ਸਾਡੇ ਵਾਲੇ ਪਾਸੇ ਰੁਖ ਕਰ ਗਈ। ਲੋਕ ਹਲਕੇ ਕੁੱਤਿਆਂ ਵਾਂਗੂ ਕਲ੍ਹ ਤਕ ਜੋ ਹਮਸਾਏ ਸਨ, ਜਿਨ੍ਹਾਂ ਨਾਲ ਸਭ ਕੁਝ ਸਾਂਝਾ ਸੀ, ਉਨਾਂ ਨੂੰ ਜਾਨੋ ਮਾਰਨ 'ਤੇ ਤੁਲੇ ਹੋਏ ਸਨ। ਨੌਜਵਾਨ ਕੁੜੀਆਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ ਸਨ, ਨੰਗ-ਧੜੰਗੀਆਂ ਕੁੜੀਆਂ ਦੀਆਂ ਲਾਸ਼ਾਂ ਬਿਨਾਂ ਛਾਤੀਆਂ ਤੋਂ ਰੁਲ਼ ਰਹੀਆਂ ਸਨ, ਲੋਕ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਅਸੀਂ ਵੀ ਆਪਣਾ ਥੋੜ੍ਹਾ ਬਹੁਤ ਸਮਾਨ ਇਕ ਡਾਚੀ 'ਤੇ ਲੱਦ ਤੁਰ ਪਏ। ਸਾਡੇ ਨਾਲ ਤੇਰਾ ਤਾਇਆ, ਦਾਦਾ ਜੀ, ਮਾਂ ਤੇ ਹੋਰ ਕਈ ਲੋਕ ਸਨ। ਤੁਰਨ ਲੱਗਿਆਂ ਪੁੱਤਰਾ ਮੈਂ ਘਰੋਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਚੁੱਕ ਲਈ ਜੋ ਸਾਡੇ ਪਾਕਿਸਤਾਨ ਵਾਲੇ ਘਰ ਵਿਚ ਬਿਰਾਜਮਾਨ ਸੀ। ਹਫੜਾ-ਦਫੜੀ ਇੰਨੀ ਪਈ ਕਿ ਕੁਝ ਹੋਰ ਚੁੱਕਣ ਦਾ ਸਮਾਂ ਹੀ ਨਾ ਮਿਲਿਆ।

ਤੁਰਦੇ-ਤੁਰਦੇ ਡਾਚੀ ਜਿਸ ਤੇ ਸਮਾਨ ਰੱਖਿਆ ਸੀ, ਉਹ ਬਹਿ ਗਈ। ਰਾਹ 'ਚ ਤੇਰੇ ਦਾਦਾ ਜੀ ਨੂੰ ਮਾੜੇ ਲੋਕਾਂ ਨੇ ਮਾਰ ਦਿੱਤਾ ਅਤੇ ਤੇਰੇ ਤਾਇਆ ਜੀ ਵੀ ਉਨ੍ਹਾਂ ਦਾ ਮੁਕਾਬਲਾ ਕਰਦੇ ਹੋਏ ਮਾਰੇ ਗਏ। ਮੈਂ ਤੇ ਤੇਰੀ ਮਾਂ ਰਹਿ ਗਏ, ਕੀ ਕਰਦੇ ਅਸੀਂ। ਸਭ ਸਮਾਨ ਛੱਡਿਆ, ਡਾਚੀ ਵੀ ਪਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਕੀ ਕਰੀਏ?

"ਫੇਰ ਬਾਪੂ ਜੀ" ਮੈਂ ਵੀ ਪੂਰੀ ਤਰ੍ਹਾਂ ਬਾਪੂ ਜੀ ਦੇ ਨਾਲ-ਨਾਲ ਤੁਰਦਾ ਮਹਿਸੂਸ ਕਰ ਰਹੀ ਸੀ ਤੇ ਉਨ੍ਹਾਂ ਜਿੰਨਾ ਦਰਦ ਮਹਿਸੂਸ ਕਰ ਰਹੀ ਸਾਂ। ਜਿੰਨਾ ਉਨਾਂ ਨੇ ਹੰਢਾਇਆ ਸੀ। "ਫਿਰ ਮੈਂ ਖੜ੍ਹੇ ਹੋ ਗੁਰੂ ਸੱਚੇ ਅੱਗੇ ਆਪਣੀ ਬੇਵਸੀ ਦੀ ਅਰਜੋਈ ਕਰ ਆਦਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਲ ਪ੍ਰਵਾਹ ਕਰ ਦਿੱਤਾ। ਦਿਲ ਬੜਾ ਰੋਇਆ ਬੜਾ ਤੜਪੇ ਪਰ ਹੋਰ ਕੋਈ ਚਾਰਾ ਨਹੀਂ ਸੀ। ਫਿਰ ਅਸੀਂ ਪੈਦਲ ਤੁਰ ਪਏ। ਲਾਸ਼ਾਂ, ਕੋਈ ਮਰਿਆ ਹੋਇਆ, ਕੋਈ ਅੱਧ ਮਰਿਆ ਤੜਪ ਰਿਹਾ ਸੀ। ਜਵਾਨ ਔਰਤਾਂ ਦੀਆਂ ਨੰਗੀਆਂ ਲਾਸ਼ਾਂ ਬੜਾ ਭਿਆਨਕ ਸਮਾਂ ਸੀ। ਪਰ-ਪਰ ਇਹ ਕਾਫ਼ਿਰ ਅੱਖਾਂ ਕੀ ਕਰਦੀਆਂ। ਸਭ ਦੇਖਣਾ ਪਿਆ"। ਬਾਪੂ ਜੀ ਦੀਆਂ ਅੱਖਾਂ ਫਿਰ ਸਿਮ ਆਈਆਂ।

ਕਿਸੇ ਪਾਸੇ ਮਰੀ ਹੋਈ ਮਾਂ ਦੇ ਦੁਆਲੇ ਨਿੱਕਾ ਬੱਚਾ ਰਿੜ੍ਹਦਾ, ਉਸ ਦੀਆਂ ਮਰੀਆਂ ਛਾਤੀਆਂ ਵਿੱਚੋਂ ਦੁੱਧ ਚੁੰਘਣ ਦੀ ਕੋਸ਼ਿਸ਼ ਕਰ ਰਿਹਾ ਸੀ। ਬੱਸ ਪੁੱਤਰਾ ਹੁਣ ਹੋਰ ਨਾ ਦਰਦ ਫਰੋਲ, ਇਹ ਦਾਸਤਾਂ ਤਾਂ ਬਹੁਤ ਲੰਮੀ ਏ। ਤੂੰ ਛੋਟੀ ਏ ਜਾਹ ਖੇਡ। ਪਰ ਮੈਂ ਛੋਟੀ ਨਹੀਂ ਸਾਂ। ਮੈਨੂੰ ਤਾਂ ਇੱਦਾਂ ਲੱਗਦਾ ਸੀ ਜਿਵੇਂ ਮੈਂ ਹੁਣ ਵੀ ਪਾਕਿਸਤਾਨ 'ਚ ਹਾਂ। ਮੇਰੀ ਕੋਈ ਸਾਂਝ ਹੈ, ਉੱਥੋਂ ਦੀ ਮਿੱਟੀ ਨਾਲ। ਕਦੇ-ਕਦੇ ਮੈਂ ਸੋਚਦੀ ਹਾਂ ਕਿ ਸ਼ਾਇਦ ਮੈਂ ਕੋਈ ਉਧਰਲੀ ਹੀ ਰੂਹ ਹੋਵਾਂ। ਪਾਕਿਸਤਾਨ, ਲਾਹੌਰ ਦੀਆਂ ਰੌਣਕਾਂ ਮੈਨੂੰ ਕਈ ਵਾਰ ਸੁਪਨੇ 'ਚ ਦਿੱਸੀਆਂ ਨੇ। ਖੈਰ...ਬਾਪੂ ਜੀ ਨੂੰ ਮੈਂ ਹੋਰ ਦੁੱਖੀ ਨਹੀਂ ਦੇਖਣਾ ਚਾਹੁੰਦੀ ਸਾਂ ਇਸ ਲਈ ਹੋਰ ਕੁਝ ਪੁੱਛਣ ਦੀ ਥਾਂ ਉੱਪਰ ਵੱਲ ਮੂੰਹ ਕਰਕੇ ਇਹੋ ਹੀ ਕਿਹਾ "ਹੇ ਰੱਬਾ ਤੈਂ ਕੀ ਦਰਦ ਨਾ ਆਇਆ"। •

---

# ਸਾਹਿਤ ਦੀ ਸਾਰਥਿਕਤਾ



ਭੁਪਿੰਦਰ ਸਿੰਘ ਚੌਂਕੀਮਾਨ
ਮੋਬਾਈਲ : 82849-79502

*ਜਿਨ੍ਹਾਂ ਸਮਾਜਿਕ ਕੁਰੀਤੀਆਂ ਨੂੰ ਕਾਨੂੰਨ ਠੀਕ ਨਹੀਂ ਕਰ ਸਕਦਾ, ਉਨ੍ਹਾਂ ਨੂੰ ਲੇਖਕਾਂ ਦੁਆਰਾ ਲੋਕਾਂ ਦੀ ਸੋਚ ਬਦਲ ਕੇ ਹੀ ਖ਼ਤਮ ਕੀਤਾ ਜਾ ਸਕਦਾ ਹੈ। ਲੋਕਾਂ ਦੀ ਸੋਚ ਪ੍ਰਭਾਵਿਤ ਕਰਨ ਲਈ ਲੇਖਕ ਦਾ ਆਪਣਾ ਆਚਰਨ ਬਹੁਤ ਉੱਚਾ ਹੋਣਾ ਚਾਹੀਦਾ ਹੈ...*

ਹਰ ਸਮਾਜ ਦੀ ਅਸਲੀ ਤਸਵੀਰ ਨੂੰ ਉਸ ਦੇ ਸਾਹਿਤ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਵਧੀਆ ਸਾਹਿਤ ਹੀ ਇਕ ਸੁੰਦਰ ਤੇ ਨਰੋਏ ਸਮਾਜ ਨੂੰ ਜਨਮ ਦਿੰਦਾ ਹੈ। ਸਾਹਿਤਕਾਰਾਂ ਦੀ ਕਲਮ ਵਿਚ ਐਸਾ ਜਾਦੂ ਹੁੰਦਾ ਹੈ, ਜਿਸ ਕਿਸਮ ਦਾ ਗੁਣ ਉਸ ਅੰਦਰ ਹੁੰਦਾ ਹੈ, ਉਸੇ ਕਿਸਮ ਦੇ ਸਮਾਜ ਦੀ ਸਿਰਜਣਾ ਕਰ ਦਿੰਦਾ ਹੈ। ਜੇ ਸਾਹਿਤ ਲੱਚਰਤਾ ਭਰਪੂਰ ਹੋਵੇ ਤਾਂ ਸਮਾਜ ਪੁੱਠੇ ਪਾਸੇ ਵੱਲ ਨੂੰ ਚੱਲ ਪੈਂਦਾ ਹੈ। ਦੂਸਰੇ ਪਾਸੇ ਜੋ ਸਾਹਿਤ ਨੈਤਿਕਤਾ ਅਤੇ ਇਨਸਾਨੀ ਕਦਰਾਂ-ਕੀਮਤਾਂ ਵਾਲਾ ਹੋਵੇ। ਉਸ ਸਮਾਜ ਦਾ ਮਿਆਰ ਬਹੁਤ ਉੱਚ ਕੋਟੀ ਦੇ ਕਿਰਦਾਰ ਵਾਲਾ ਹੁੰਦਾ ਹੈ।

ਸਮਾਜ ਤਾਂ ਚੱਲਦਾ ਰਹਿੰਦਾ ਹੈ ਭਾਵੇਂ ਉਹ ਕਿਸੇ ਵੀ ਕਿਸਮ ਦਾ ਹੋਵੇ। ਸਮਾਜ ਕਾਇਦੇ ਕਾਨੂੰਨ ਅਨੁਸਾਰ ਚਲਾਇਆ ਜਾਂਦਾ ਹੈ ਪਰ ਸਮਾਜ ਅੰਦਰ ਕੁਝ ਅਜਿਹੇ ਵਰਤਾਰੇ ਅਤੇ ਹਾਲਾਤ ਹੁੰਦੇ ਹਨ ਜਿਨ੍ਹਾਂ ਨੂੰ ਕਾਨੂੰਨ ਬਣਾ ਕੇ ਹੀ ਨਹੀਂ ਪੈਦਾ ਕੀਤਾ ਜਾ ਸਕਦਾ ਜਾਂ ਚਲਾਇਆ ਜਾ ਸਕਦਾ। ਉਨ੍ਹਾਂ ਹਾਲਾਤ ਅਤੇ ਵਰਤਾਰਾਂ ਨੂੰ ਉਸਾਰੂ ਪਾਸੇ ਵੱਲ ਲੈ ਕੇ ਜਾਣ ਦੀ ਜ਼ਿੰਮੇਵਾਰੀ ਲੇਖਕਾਂ ਤੇ ਸਾਹਿਤਕਾਰਾਂ ਦੀ ਹੁੰਦੀ ਹੈ ਜੋ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਨੂੰ ਕਲਮ ਰਾਹੀਂ ਪ੍ਰਗਟ ਕਰਕੇ ਸਮਾਜ ਨੂੰ ਸਹੀ ਲੀਹ ਉੱਪਰ ਲਿਆ ਕੇ ਅੱਗੇ ਤੋਰਨ ਵਿਚ ਮਹਾਨ ਯੋਗਦਾਨ ਪਾਉਂਦੇ ਹਨ। ਸਾਹਿਤਕਾਰ 'ਤੇ ਲੇਖਕ ਲੋਕਾਂ ਦੇ ਸੱਚੇ ਹਿਤੈਸ਼ੀ ਹੁੰਦੇ ਹਨ। ਸਮਾਜ ਨੂੰ ਨਰੋਏ ਪੱਖ ਵੱਲ ਲਿਜਾ ਕੇ ਇਕ ਨੈਤਿਕਤਾ ਭਰਪੂਰ ਸਮਾਜ ਦੀ ਹੋਂਦ ਪੈਦਾ ਕਰਨਾ ਹੀ ਇਨ੍ਹਾਂ ਦਾ ਉਦੇਸ਼ ਹੋਣਾ ਚਾਹੀਦਾ ਹੈ।

ਪ੍ਰਭਾਵਸ਼ਾਲੀ ਢੰਗ ਨਾਲ ਲਿਖਣਾ ਇਕ ਕੁਦਰਤ ਦਾ ਦਿੱਤਾ ਗੁਣ ਹੁੰਦਾ ਹੈ। ਕੁਦਰਤ ਦੇ ਪ੍ਰਦਾਨ ਕੀਤੇ ਹੋਏ ਇਸ ਸੁੰਦਰ ਗੁਣ ਦੀ ਵਰਤੋਂ ਸਕਾਰਥ ਹੋਣੀ ਚਾਹੀਦੀ ਹੈ। ਇਸ ਦੀ ਸਾਰਥਿਕ ਵਰਤੋਂ ਕਰ ਕੇ ਸਮਾਜ ਨੂੰ ਉਸਾਰੂ ਪਾਸੇ ਜਾਣ ਵਾਸਤੇ ਸੇਧ ਦਿੱਤੀ ਜਾਵੇ। ਇਸ ਸੇਧ ਦੇਣ ਵਿਚ ਜਦੋਂ ਖ਼ੁਦਗਰਜ਼ੀ ਜਾਂ ਕੋਈ ਹੋਰ ਮਤਲਬ ਹੋਵੇ, ਉਸ ਵਕਤ ਇਹ ਸਮਾਜ ਨੂੰ ਪੁੱਠੀ ਸੇਧ ਦੇ ਕੇ ਸਮਾਜ ਦੇ ਤਾਣੇ-ਬਾਣੇ ਨੂੰ ਵਿਗਾੜਨ ਵਿਚ ਭਾਰੀ ਯੋਗਦਾਨ ਕਰਦਾ ਹੈ, ਜਿਸ ਕਰਕੇ ਸਾਡੇ ਸਮਾਜ ਵਿਚ ਹਰ ਰੋਜ਼ ਨਵੀਆਂ ਤੋਂ ਨਵੀਆਂ ਕੁਰੀਤੀਆਂ ਜਨਮ ਲੈਣਾ ਸ਼ੁਰੂ ਕਰ ਦਿੰਦੀਆਂ ਹਨ। ਲੇਖਕਾਂ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ, ਅਣਜਾਣ ਅਤੇ ਬੇਖ਼ਬਰੇ ਲੋਕਾਂ ਨੂੰ ਜਗਾਕੇ ਪ੍ਰਚਲਤ ਕੁਰੀਤੀਆਂ ਨੂੰ ਖਤਮ ਕਰਵਾਉਣਾ ਹੁੰਦਾ ਹੈ। ਉਸ ਦੇ ਨਾਲ ਹੀ ਇਹ ਫ਼ਰਜ਼ ਵੀ ਬਣਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਕੁਰੀਤੀਆਂ ਬਾਰੇ ਲੋਕਾਂ ਨੂੰ ਅਗਾਹ ਕਰਨਾ ਹੁੰਦਾ ਹੈ। ਕੁਝ ਕੁ ਸਮਾਜਿਕ ਕੁਰੀਤੀਆਂ ਨੂੰ ਕਾਨੂੰਨ ਠੀਕ ਨਹੀਂ ਕਰ ਸਕਦਾ ਉਨ੍ਹਾਂ ਨੂੰ ਲੇਖਕਾਂ ਦੁਆਰਾ ਲੋਕਾਂ ਦੀ ਸੋਚ ਬਦਲ ਕੇ ਹੀ ਖਤਮ ਕੀਤਾ ਜਾ ਸਕਦਾ ਹੈ। ਲੋਕ ਸੋਚ ਪ੍ਰਭਾਵਿਤ ਕਰਨ ਲਈ ਸਾਹਿਤਕਾਰ ਜਾਂ ਲੇਖਕ ਦਾ ਆਪਣੇ ਆਪ 'ਚ ਆਚਰਨ ਬਹੁਤ ਉੱਚਾ ਹੋਣਾ ਚਾਹੀਦਾ ਹੈ ਤਾਂ ਹੀ ਲੋਕ ਉਸ ਤੋਂ ਪ੍ਰਭਾਵਿਤ ਹੋਣਗੇ।

ਸਾਹਿਤਕਾਰ ਤੇ ਲੇਖਕ ਸਮੇਂ-ਸਮੇਂ 'ਤੇ ਪੈਦਾ ਹੋ ਰਹੀਆਂ ਕੁਰੀਤੀਆਂ ਬਾਰੇ ਭਾਵੇਂ ਕਾਫੀ ਕੁਝ ਲਿਖਦੇ ਹਨ ਪਰ ਉਹ ਸੱਚਾਈ ਨੂੰ ਉਸ ਢੰਗ ਨਾਲ ਪੇਸ਼ ਨਹੀਂ ਕਰਦੇ ਜਿਸ ਨਾਲ ਉਨ੍ਹਾਂ ਬੁਰਾਈਆਂ ਨੂੰ ਖਤਮ ਕੀਤਾ ਜਾ ਸਕੇ। ਇਕ ਕਮਜ਼ੋਰੀ ਦੇਖਣ ਵਿਚ ਆਮ ਮਿਲਦੀ ਹੈ, ਉਹ ਹੈ ਖ਼ੁਦਗਰਜ਼ੀ ਦੀ ਭਾਵਨਾ ਹੈ। ਲਿਖਾਰੀ ਜਾਂ ਸਾਹਿਤਕਾਰ ਜਦੋਂ ਕਦੇ ਬੁਲੰਦੀਆਂ ਹਾਸਲ ਕਰ ਲੈਂਦੇ ਹਨ, ਉਨ੍ਹਾਂ ਨੂੰ ਬਾਬਾ ਬੋਹੜ ਦੇ ਖਿਤਾਬ ਨਾਲ ਲੋਕਾਂ ਦੁਆਰਾ ਨਿਵਾਜ਼ਿਆ ਜਾਂਦਾ ਹੈ।

ਸਾਡੇ ਅੱਜ ਦੇ ਬਾਬੇ ਬੋਹੜ ਨਾਲ ਨਿਵਾਜ਼ੇ ਕਲਾਕਾਰ ਤੇ ਸਾਹਿਤਕਾਰ, ਆਪਣੀ ਅਗਲੀ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਉਨ੍ਹਾਂ ਦੀ ਸਖ਼ਤ ਆਲੋਚਨਾ ਕਰ ਕੇ ਉਨ੍ਹਾਂ ਦੇ ਉਭਰ ਰਹੇ ਗੁਣਾਂ 'ਤੇ ਬੁਰੀ ਸੱਟ ਮਾਰਦੇ ਹਨ। ਬਾਬੇ ਬੋਹੜ ਸੋਚਦੇ ਹਨ ਜੇ ਇਹ ਨਵੇਂ ਉੱਭਰ ਰਹੇ ਲੇਖਕ ਜ਼ਿਆਦਾ ਉੱਚੇ ਉਠ ਕੇ ਉਨ੍ਹਾਂ ਦੀ ਜਗ੍ਹਾ ਲੈ ਲੈਣਗੇ, ਜਿਸ ਕਰਕੇ ਉਨ੍ਹਾਂ ਹੀ ਸਮਾਜ ਅੰਦਰ ਤੂਤੀ ਘੱਟ ਬੋਲਣ ਲੱਗ ਜਾਵੇਗੀ।

ਲੇਖਕ ਤੇ ਸਾਹਿਤਕਾਰ ਬਹੁਤ ਵਿਸ਼ਾਲ ਹਿਰਦੇ ਵਾਲੇ ਸੁਲਝੇ ਹੋਏ ਸਮਾਜ ਦੇ ਬੁੱਧੀਜੀਵੀ ਮੰਨੇ ਜਾਂਦੇ ਹਨ। ਇਨ੍ਹਾਂ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਖ਼ੂਬਸੂਰਤ ਲਿਖਣ ਅਤੇ ਸੋਚਣ ਦਾ ਜੋ ਗੁਣ ਬਖਸ਼ਿਸ਼ ਕੀਤਾ ਹੋਇਆ ਹੁੰਦਾ ਹੈ, ਉਹ ਗੁਣ ਹੋਰ ਆਮ ਆਦਮੀਆਂ ਕੋਲ ਨਹੀਂ ਹੁੰਦਾ। ਆਮ ਦੇਖਣ 'ਚ ਆਉਂਦਾ ਹੈ ਕਿ ਸਾਹਿਤਕ ਸਭਾਵਾਂ ਵਿਚ ਇਕ ਦੂਸਰੇ ਪ੍ਰਤੀ ਈਰਖਾ ਅਤੇ ਜਲਨ ਦੇਖਣ ਨੂੰ ਮਿਲਦੀ ਹੈ। ਅਗਰ ਕਿਸੇ ਲੇਖਕ ਦੀ ਕਵਿਤਾ, ਲੇਖ ਜਾਂ ਕਿਤਾਬ ਲੋਕਾਂ ਦੀ ਤਾਰੀਫ਼ ਦਾ ਪਾਤਰ ਜਾਵੇ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਹੈ ਪਰ ਲੇਖਕ ਆਪਣੀ ਖ਼ੁਦਗਰਜ਼ੀ ਤੋਂ ਉਪਰ ਉਠ ਕੇ ਕਿਸੇ ਵਿਅਕਤੀ, ਜਗ੍ਹਾ ਅਤੇ ਘਟਨਾ ਦੇ ਦੋਵੇਂ ਪਾਸਿਆਂ ਨੂੰ ਦੇਖਦੇ ਹੋਏ, ਨਿਰਪੱਖ ਹੋ ਕੇ ਗੁਣ ਅਤੇ ਔਗੁਣਾਂ ਨੂੰ ਲੋਕਾਂ ਅੱਗੇ ਪੇਸ਼ ਕਰਨਾ ਚਾਹੀਦਾ ਹੈ। ਕਿਸੇ ਨਾ ਕਾਬਲ ਆਦਮੀ ਦੀ ਨਾਂ ਬਣਦੀ, ਬੇਲੋੜੀ ਜ਼ਰੂਰਤ ਨਾਲੋਂ ਜ਼ਿਆਦਾ ਤਾਰੀਫ ਕਰਨਾ, ਉਸ ਆਦਮੀ ਨਾਲ ਅਸਿੱਧੇ ਤੌਰ 'ਤੇ ਬੇਇਨਸਾਫ਼ੀ ਹੁੰਦੀ ਹੈ ਕਿਉਂਕਿ ਉਹ ਆਦਮੀ ਆਪਣੇ ਗੁਣਾਂ ਅਤੇ ਔਗੁਣਾਂ ਬਾਰੇ ਸਹੀ ਅੰਦਾਜ਼ਾ ਨਹੀਂ ਲਗਾ ਸਕੇਗਾ ਜਿਸ ਕਰਕੇ ਉਹ ਹੋਰ ਭਾਰੀ ਅਗਿਆਨਤਾ ਵੱਲ ਵਧਦਾ ਜਾਵੇਗਾ।



ਅੱਜ ਦੇ ਗੰਧਲੇ ਹੋਏ ਮਾਹੌਲ ਨੂੰ ਸਹੀ ਦਿਸ਼ਾ 'ਚ ਤੋਰਨ ਲਈ ਉਸ ਦੇ ਦਸੇਰੇ ਬਣ ਕੇ ਲੇਖਕ ਅੱਗੇ ਆਉਣ ਅਤੇ ਸੱਚੀ ਗੱਲ ਕਰਨ। ਇਹ ਅੱਜ ਦੀ ਸਭ ਤੋਂ ਵੱਡੀ ਸਮਾਜ ਦੀ ਲੋੜ ਹੈ। ਸਾਡੇ ਅੱਜ ਦੇ ਹਰ ਵਰਗ ਦੇ ਨੇਤਾ ਸਮਾਜ ਦੇ ਭੋਲੇ-ਭਾਲੇ, ਗ਼ਰੀਬ ਤੇ ਮੱਧਵਰਗੀ ਲੋਕਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੇ ਪ੍ਰਭਾਵ ਥੱਲੇ ਲਿਆ ਕੇ ਉਨ੍ਹਾਂ ਦੇ ਉਪਦੇਸ਼ਕ ਬਣ ਰਹੇ ਹਨ, ਜਿਸ ਕਾਰਨ ਉਹ ਗ਼ਰੀਬ ਅਤੇ ਮੱਧਵਰਗੀ ਲੋਕ ਆਪਣਾ ਨਾਂ ਪੂਰਾ ਹੋਣ ਵਾਲੇ ਨੁਕਸਾਨ ਦੇ ਪਾਤਰ ਬਣ ਰਹੇ ਹਨ। ਇਸ ਦਾ ਉਨ੍ਹਾਂ ਲੋਕਾਂ ਨੂੰ ਅਹਿਸਾਸ ਕਰਵਾਉਣਾ ਸਾਡੇ ਬੁੱਧੀਜੀਵੀ ਲੇਖਕਾਂ ਦਾ ਫਰਜ਼ ਬਣਦਾ ਹੈ।

ਬਹੁਤੇ ਲੇਖਕ, ਕਿਤਾਬਾਂ, ਲੇਖਾਂ, ਅਖ਼ਬਾਰਾਂ ਆਦਿ ਰਾਹੀਂ ਲੋਕ ਸੇਵਾ ਨਿਭਾ ਰਹੇ ਹਨ ਅਤੇ ਉਨ੍ਹਾਂ ਨੇ ਬਹੁਤ ਸਾਰੇ ਵਿਗੜੇ ਹੋਏ ਹਾਲਾਤ ਨੂੰ ਸੁਧਾਰਨ ਵਿਚ ਮਹਾਨ ਯੋਗਦਾਨ ਵੀ ਪਾਇਆ ਹੈ। ਬਾਕੀ ਸਾਹਿਤਕਾਰਾਂ ਨੂੰ ਆਪਣੀ ਲੇਖਨੀ ਦੀ ਤਾਕਤ ਅਤੇ ਉਸ ਦੇ ਪ੍ਰਭਾਵ ਦਾ ਅਹਿਸਾਸ ਕਰਾ, ਮਜਬੂਰ ਅਤੇ ਬੇਵਸੀ ਵਿਚ ਰਹਿੰਦੇ ਲੋਕਾਂ ਦੀ ਬਾਂਹ ਫੜਨ ਲਈ ਆਪਣੀ ਕਲਮ ਦਾ ਇਸਤੇਮਾਲ ਕਰਨਾ ਚਾਹੀਦਾ ਹੈ। •

---

## ਗ਼ਜ਼ਲਾਂ

ਉਸ ਦਾ ਚਾਰ-ਚੁਫੇਰਾ ਮੌਜਾਂ ਮਾਣ ਰਿਹੈ।
ਲੀਡਰ ਨਾਲ ਲੁਟੇਰਾ ਮੌਜਾਂ ਮਾਣ ਰਿਹੈ।

ਉਸ ਦੇ ਪਿੱਛੇ ਛੁਪਿਆ, ਬਹੁਤ ਸੁਰੱਖਿਅਤ ਹੈ,
ਚਾਨਣ ਮਗਰ ਹਨੇਰਾ ਮੌਜਾਂ ਮਾਣ ਰਿਹੈ।

ਕੱਲ੍ਹ ਨੂੰ ਤੇਰੇ ਦੀ ਵੀ ਵਾਰੀ ਆਵੇਗੀ,
ਜੇਕਰ ਅੱਜ-ਕੱਲ੍ਹ ਮੇਰਾ ਮੌਜਾਂ ਮਾਣ ਰਿਹੈ।

ਉਸ ਦੇ ਕਾਰਨ ਕਦਰ ਵਧੀ ਹੈ ਘੋੜੀ ਦੀ,
ਘੋੜੀ ਨਾਲ ਵਛੇਰਾ ਮੌਜਾਂ ਮਾਣ ਰਿਹੈ।

ਇਕ ਦੀ ਮੌਤ ਹੈ ਬਣਦੀ ਜੀਵਨ ਦੂਜੇ ਦਾ,
ਮੱਛੀਆਂ ਮਾਰ, ਮਛੇਰਾ ਮੌਜਾਂ ਮਾਣ ਰਿਹੈ।

ਆਖ-ਆਖ ਕੇ, 'ਸੱਪ ਹੈ ਏਸ ਪਟਾਰੀ ਵਿਚ',
ਖਾਲੀ-ਹੱਥ ਸਪੇਰਾ ਮੌਜਾਂ ਮਾਣ ਰਿਹੈ।

ਬੁੱਢੇ ਸ਼ੇਰ ਦੀ ਭਬਕ ਅਜੇ ਵੀ ਕਾਇਮ ਹੈ,
ਉਸ ਦਾ ਟੱਬਰ-ਘੇਰਾ ਮੌਜਾਂ ਮਾਣ ਰਿਹੈ।

ਸਾਡੀਆਂ ਮੌਜਾਂ ਕਿਉਂ ਚੁਭੀਆਂ ਨੇ ਲੋਕਾਂ ਨੂੰ,
ਹੋਰ ਵੀ ਜਗ ਬਥੇਰਾ ਮੌਜਾਂ ਮਾਣ ਰਿਹੈ।

ਭੌਰੇ ਤਰਸ ਰਹੇ ਨੇ, ਜਦ ਕਿ ਕਲੀਆਂ 'ਚੋਂ,
ਕੱਢ ਕੇ ਇਤਰ, ਫੁਲੇਰਾ ਮੌਜਾਂ ਮਾਣ ਰਿਹੈ।

'ਸੰਧੂ' ਕਿਸ ਦਿਨ ਜਾਪੂਗਾ ਕਿ ਹਰ ਬੰਦਾ,
ਹੋਇਐ ਸੋਨ-ਸਵੇਰਾ, ਮੌਜਾਂ ਮਾਣ ਰਿਹੈ।



• ਅਮਰਜੀਤ ਸਿੰਘ ਸੰਧੂ, ਮੋਬਾਈਲ : 94636-13528

ਕਦੇ ਦਿਲ ਵਿਚ ਨਹੀਂ ਹੁੰਦੀ ਸਿਕੰਦਰ ਹੋਣ ਦੀ ਇੱਛਾ।
ਮਗਰ ਤੌਬਾ, ਨਹੀਂ ਤੇਰੇ ਤੋਂ ਮੁਨਕਰ ਹੋਣ ਦੀ ਇੱਛਾ।

ਜਦੋਂ ਤੀਕਣ ਰਹੂ, ਮਨ ਵਿਚ ਸਰੋਵਰ ਹੋਣ ਦੀ ਇੱਛਾ।
ਰਹੇ ਗੀ ਮੁਲਤਵੀ ਤਦ ਤਕ ਸਮੁੰਦਰ ਹੋਣ ਦੀ ਇੱਛਾ।

ਸਮੇਂ ਦੀ ਹੀ ਨਜ਼ਾਕਤ ਹੈ ਕਿ ਆਜਿਜ਼ ਹੋ ਗਿਆ ਹੈ ਦਿਲ,
ਨਹੀਂ, ਕਿਸ ਵਿਚ ਨਹੀਂ ਹੁੰਦੀ ਸਿਕੰਦਰ ਹੋਣ ਦੀ ਇੱਛਾ।

ਮਿਰੇ ਮੌਲਾ ਦਈਂ ਤੂੰ ਸਾਰਿਆਂ ਨੂੰ ਫੁੱਲ ਜਿਹਾ ਹੀ ਦਿਲ,
ਕਿਸੇ ਪੱਥਰ 'ਚ ਵੀ, ਹੋਵੇ ਨ ਪੱਥਰ ਹੋਣ ਦੀ ਇੱਛਾ।

ਨ ਮਹਿਲਾਂ ਵਿਚ ਬੁਲਾ ਮੁੜ ਮੁੜ, ਨ ਇਹਨਾਂ ਦੇ ਦਿਖਾ ਸੁਪਨੇਂ,
ਕਿਤੇ ਮਰ ਹੀ ਨ ਜਾਵੇ, ਆਪਣਾਂ ਘਰ ਹੋਣ ਦੀ ਇੱਛਾ।

ਨਿਰੰਤਰ ਵਹਿਣ ਵਿਚ ਹੀ ਜ਼ਿੰਦਗੀ ਹੈ ਦੋਸਤ ਦਰਿਆ ਦੀ,
ਭਲੇ ਹੀ ਮਨ 'ਚ ਹੋਵੇ ਅੰਤ ਸਾਗਰ ਹੋਣ ਦੀ ਇੱਛਾ।

ਦੁਆ ਕਰੀਏ, ਰਹੇ ਪਰਬਲ ਹਮੇਸ਼ਾਂ ਹੀ ਮਨਾਂ ਅੰਦਰ,
ਕਦੇ ਮੱਧਮ ਨ ਹੋਵੇ, ਹੋਰ ਬਿਹਤਰ ਹੋਣ ਦੀ ਇੱਛਾ।

ਕਦੇ ਵੇਖੀ ਨ ਤੇਰੀ ਢਾਕ 'ਤੇ ਸੋਨੇ ਦੀ ਗਾਗਰ ਮੈਂ,
ਤਦੇ ਹੀ ਮਨ 'ਚ ਹੈ ਮਿੱਟੀ ਦੀ ਗਾਗਰ ਹੋਣ ਦੀ ਇੱਛਾ।

ਪਰਿੰਦਾ ਪਿੰਜਰੇ ਵਿਚ ਕੈਦ ਭਾਵੇਂ ਮਰਦਾ ਮਰ ਜਾਵੇ,
ਮਗਰ ਐ ਦੀਪ ਮਰਦੀ ਨਾ ਸੁਤੰਤਰ ਹੋਣ ਦੀ ਇੱਛਾ।



• ਗੁਰਦੀਪ ਭਾਟੀਆ, ਮੋਬਾਈਲ :94648-89046

ਰਾਵੀ 'ਵਾਜ਼ਾਂ ਮਾਰਦੀ, ਪਾਵੇ ਖਿੱਚ ਲਾਹੌਰ।
ਚਾਹੁੰਦਾਂ, ਪਰ ਨਾ ਜਾ ਸਕਾਂ, ਕਿੱਡਾ ਭੈੜਾ ਦੌਰ।

ਸੰਨ ਸੰਤਾਲੀ ਵਿਚ ਸੀ, ਵੱਜੀ ਐਸੀ ਮਾਰ,
ਬੀਤੇ ਸੱਤਰ ਸਾਲ ਪਰ, ਹੁਣ ਵੀ ਦੁਖਦੇ ਮੌਰ।

ਗੱਲ ਸੁਣ ਮੇਰੀ 'ਆਲਮਾ', ਪਾ ਗਲ਼ਵਕੜੀ ਘੁੱਟ,
ਤਾਰੋਂ ਪਾਰੋਂ ਕੂਕਦਾ, ਯਾਰ ਤਿਰਾ ਬਖਤੌਰ।

ਦਿੱਲੀ ਨੂੰ ਮੈਂ ਆਖਦਾਂ, ਬਣ ਜੇ ਵੱਡੀ ਭੈਣ,
ਵਿਚਰੇ ਸਾਊ ਵੀਰ ਬਣ, ਪਹਿਲਾਂ ਵਾਂਙ ਲਾਹੌਰ।

ਅਪਣਾ ਵਿਰਸਾ ਇਕ ਹੈ, ਇੱਕੋ ਸੱਭਿਆਚਾਰ,
ਰਿਸ਼ਤੇ ਨਾਤੇ ਇਕ ਨੇ, ਇਕ ਤਰੀਕਾ-ਤੌਰ।

ਤਕੜੇ ਹੋ ਕੇ ਮਿੱਤਰੋ ! ਤਾਰ ਵਗ੍ਹਾਈਏ ਤੋੜ,
ਰਲ਼ ਕੇ ਮਾਰੋ ਹੰਭਲ਼ਾ, ਵਿਗੜੇ ਜਾਵਣ ਸੌਰ।

ਫੁੱਲਾਂ 'ਤੇ ਬਹਿ ਤਿੱਤਲੀ, ਰਸ-ਕਸ ਮਾਣੇ ਖ਼ੂਬ,
ਕਲੀਆਂ ਕੋਲੋਂ ਗੁਜ਼ਰਦਾ, ਗੂੰਜਾਂ ਪਾਵੇ ਭੌਰ।

ਇੱਧਰ ਬੇਬਸ ਲੁੱਛਦਾਂ, ਪੈਣ ਕਲੇਜੇ ਹੌਲ਼,
ਜਦ ਮੈਂ ਜਾਂਦੇ ਵੇਖਦਾਂ, ਤਾਰੋਂ ਪਾਰ ਜਨੌਰ।

ਪਾਠ ਕੁਰਾਨ ਸ਼ਰੀਫ਼ ਦਾ, ਕਰਦਾ ਹਾਂ ਮੈਂ ਨਿੱਤ,
ਕੀ ਤੂੰ ਆਦਿ-ਗਰੰਥ ਨੂੰ, ਕਰਦਾ ਹੁੰਦੈਂ ਚੌਰ?

ਆਖੀਂ, ਭਾਬੀ 'ਅਨਵਰੀ', ਫ਼ੋਨ ਮਿਲਾਵੇ ਅੱਜ,
ਦੁਖ ਸੁਖ ਕਰਨਾ ਲੋੜਦੀ, ਨਣਦ ਹਰਿੰਦਰ ਕੌਰ।

ਚਾਹੁੰਦਾਂ ਜੜ੍ਹ-ਥਾਂ ਵੇਖਣੀ, ਛੱਬੀ ਨੰਬਰ ਚੱਕ,
ਇਸ ਤੋਂ ਵੱਡੀ ਲੋਚ ਨਾ, 'ਸੂਫ਼ੀ' ਦੀ ਕੁਈ ਔਰ।



• ਅਮਰ 'ਸੂਫ਼ੀ', ਮੋਬਾਈਲ : 98555-43660

---

## ਕਵਿਤਾਵਾਂ

### ਸਦਾ ਰਹਿਣ ਜਿਉਂਦੀਆਂ ਮਾਵਾਂ

ਮੈਨੂੰ ਰੋਂਦੇ ਫਿਰਦੇ ਦਿਸਦੇ ਨੇ ਪੁੱਤ ਅੜੀਏ ਤੇਰੇ...
ਸਦਾ ਰਹਿਣ ਜਿਉਂਦੀਆਂ ਮਾਵਾਂ ਤਾਹੀਂ ਬੱਚਿਆਂ ਦੇ ਖੇੜੇ...

ਕਿਤੇ ਪੁੱਤਰ ਤਰਸਣ ਮਾਵਾਂ ਨੂੰ
ਕਿਤੇ ਪੈਂਦੇ ਟੁੱਕਰ ਕਾਂਵਾ ਨੂੰ
ਤੇਰੇ ਬਾਝੋਂ ਕੌਣ ਕਰੂਗਾ ਲਾਡ ਘਨੇਰੇ...

ਤੂੰ ਤੁਰ ਗਈ ਹੋ ਮਜਬੂਰ ਬੜੀ
ਬੱਚਿਆਂ ਨੂੰ ਸਿੱਕਦੀ ਦੂਰ ਖੜ੍ਹੀ
ਮੂੰਹ ਵੇਖਣ ਨੂੰ ਤਰਸ ਗਏ ਲਾਲ ਤੇਰੇ...

ਨੌਂ ਮਹੀਨੇ ਕੁੱਖ ਵਿਚ ਪਾਲਦੀ
ਲਹੂ ਚਰਬੀ ਦੇ ਵਿਚ ਢਾਲਦੀ
ਸਹੁਰੇ ਉੱਠ ਕੇ ਆਖਦੇ ਇਹ ਕੀ ਲੱਗਦੇ ਤੇਰੇ...

ਪੁੱਤ ਚਾਰ ਤੇ ਭਾਵੇਂ ਪੰਜ ਹੋਵਣ
ਬੱਚੇ ਮਾਵਾਂ ਦੀ ਜਿੰਦ ਹੋਵਣ
ਮਾਵਾਂ ਬਿਨਾਂ ਤਾਂ ਰੁਲ਼ ਜਾਂਦੇ ਚਾਅ-ਲਾਡ ਘਨੇਰੇ...

ਕੋਈ ਤਾਂ ਰੋਂਦੀ ਇਕ ਬਾਝੋਂ
ਉਹਦੀ ਸੁੱਖ ਗਈ ਆਂਦਰ ਸਿੱਕ ਬਾਝੋਂ
ਬਾਲ਼ਾਂ ਨੂੰ ਛੱਡ ਲੈ ਲਏ ਤੂੰ ਮੌਤ ਨਾਲ ਫੇਰੇ...



• ਅਮਰਜੀਤ ਕੌਰ ਹਿਰਦੇ, ਮੋਬਾਈਲ :99888-68847

### ਕੁੜੀਏ ਨੀ ਸੁਣ

ਕੁੜੀਏ ਨੀ ਸੁਣ ਸੋਹਣੀਏ ਕੁੜੀਏ
ਮਾਂ ਦੀਏ ਮਨਮੋਹਣੀਏ ਚਿੜੀਏ
ਪਿਓ ਦਾ ਸੋਹਣਾ ਪੁੱਤ ਤੂੰ ਕੁੜੀਏ
ਵੀਰ ਦਾ ਸੱਜਾ ਗੁੱਟ ਨੀ ਕੁੜੀਏ
ਬਾਬਲ ਦਾ ਇਹੋ ਕਹਿੰਣਾ ਪੁੱਤ ਵੇ
ਸ਼ਰਮ ਦਾ ਸੁਰਮਾ ਪਈ ਪੁੱਤ ਵੇ
ਹਯਾ ਦੀ ਸੁਰਖ਼ੀ ਲਾਈਂ ਪੁੱਤ ਵੇ
ਨਿੰਦਾ ਨੂੰ ਜੋ ਰੋਕਣ ਵਾਲੇ
ਕੰਨੀਂ ਕਾਂਟੇ ਪਾਈਂ ਪੁੱਤ ਵੇ
ਇੱਜ਼ਤ ਬਾਬਲ ਦੀ ਚੇਤੇ ਕਰਾਵੇ
ਕੋਕਾ ਨੱਕ ਵਿਚ ਪਾਈਂ ਪੁੱਤ ਵੇ
ਉੱਚੇ ਸੁੱਚੇ ਜੀਵਨ ਵਾਲੀ
ਬਿੰਦੀ ਮੱਥੇ ਲਾਈਂ ਪੁੱਤ ਵੇ
ਜੋ ਜੀਵਨ ਦੀ ਮਰਯਾਦਾ ਦੱਸੇ
ਐਸੀ ਝਾਂਜਰ ਪਾਈਂ ਪੁੱਤ ਵੇ
ਇਸ ਘਰ ਨੂੰ ਤੂੰ ਜੋੜਕੇ ਜਾਣਾ
ਅਗਲਾ ਘਰ ਵਸਾਈਂ ਪੁੱਤ ਵੇ
ਕਦੇ-ਕਦਾਈ ਪੇਕੇ ਗੇੜਾ ਮਾਰਕੇ
ਬਾਬਲ ਦਾ ਦੁੱਖ ਵੰਡਾਈਂ ਪੁੱਤ ਵੇ।



• ਜਸਵਿੰਦਰ ਸਿੰਘ, ਮੋਬਾਈਲ : 95923-00387

### ਹਿੰਮਤ

ਬੁੱਲਿਆ ਤੋਂ ਨਾ ਡਰ
ਕਈ ਝੱਖੜ ਵੀ ਸਰ ਕਰਨੇ ਨੇ
ਕਈ ਲਹਿਰਾ ਨੂੰ ਠੰਡੀਆਂ ਕਰਨਾ
ਕਈ ਸਮੁੰਦਰ ਸਰ ਕਰਨੇ ਨੇ
ਜਿੱਤ ਦਾ ਝੰਡਾ ਹੈ ਲਹਿਰਾਉਣਾ,
ਕੁਝ ਸਖ਼ਤ ਫੈਸਲੇ ਵੀ ਕਰਨੇ ਨੇ
ਜ਼ਹਿਰ ਨੂੰ ਵੀ ਅੰਮ੍ਰਿਤ ਸਮਝੀ
ਕੌੜੇ ਘੁੱਟ ਕੁਝ ਜਰ ਕਰਨੇ ਨੇ
ਘੁਪ ਹਨੇਰਾ ਮਿਟ ਜਾਏਗਾ
ਸੂਰਜ ਚਾਨਣ ਚੜ੍ਹ ਕਰਨੇ ਨੇ



• ਬਲਜੀਤ ਤਲਵੰਡੀ, ਮੋਬਾਈਲ : 92177-68857

# ਖੇਤੀਬਾੜੀ

## ਆਉ ਹਰਿਆਲੀ ਮੋੜ ਲਿਆਈਏ



• ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਵਿਕਾਸ ਦੇ ਨਾਂ ਉਪਰ ਪਿਛਲੇ ਪੰਜ ਸਾਲਾਂ ਵਿੱਚ 1355 ਵਿਕਾਸ ਕਾਰਜਾਂ ਲਈ 6300 ਏਕੜ ਰਕਬੇ ਉਪਰੋਂ ਲੱਖਾਂ ਦਰੱਖ਼ਤ ਕੱਟ ਕੇ ਵਾਤਾਵਰਣ ਨੂੰ ਭਾਰੀ ਨੁਕਸਾਨ ਪਹੁੰਚਾਇਆ ਗਿਆ ਹੈ। ਪੰਜਾਬ ਵਿੱਚ 2012 ਦੌਰਾਨ ਗਰੀਨ ਪੰਜਾਬ ਮਿਸ਼ਨ ਸਕੀਮ ਤਹਿਤ ਰੁੱਖਾਂ ਹੇਠ 6.87 ਪ੍ਰਤੀਸ਼ਤ ਰਕਬਾ ਵਧਾ ਕੇ 15 ਪ੍ਰਤੀਸ਼ਤ ਕਰਨ ਦਾ ਟੀਚਾ ਮਿਥਿਆ ਗਿਆ ਸੀ ਪਰ ਹੋਇਆ ਕੁਝ ਨਹੀਂ। 33 ਪ੍ਰਤੀਸ਼ਤ ਖੇਤਰ ਰੁੱਖਾਂ ਹੇਠ ਹੋਣਾ ਚਾਹੀਦਾ ਸੀ ਪਰ ਪੰਜਾਬ ਵਿੱਚ ਸਿਰਫ 6.12 ਪ੍ਰਤੀਸ਼ਤ ਧਰਤੀ ਉੱਤੇ ਹੀ ਜੰਗਲ ਬਚੇ ਹਨ। ਹੁਣ ਵੀ ਕੋਈ ਭਰੋਸਾ ਨਹੀਂ ਕਿ ਕਦੋਂ ਜੰਗਲ ਵਾਲੀ ਜ਼ਮੀਨ ਉੱਤੇ ਨਾਜਾਇਜ਼ ਕਬਜ਼ਾ ਹੋ ਜਾਵੇ ਜਾਂ ਇਹ ਕਿਸੇ ਹੋਰ ਵਿਕਾਸ ਕੰਮ ਲਈ ਦਰੱਖ਼ਤ ਕੱਟ ਕੇ ਵਿਰਾਨ ਕਰ ਦਿੱਤੀ ਜਾਵੇ।

ਲੱਖਾਂ ਰੁੱਖਾਂ ਦੇ ਕੱਟੇ ਜਾਣ ਕਰਕੇ ਹੜ੍ਹਾਂ ਤੇ ਸੋਕੇ ਦਾ ਖ਼ਤਰਾ ਵਧ ਗਿਆ ਹੈ। ਉਛਲਦੇ ਦਰਿਆ ਆਪਣੇ ਕੰਢਿਆਂ ਤੋਂ ਬਾਹਰ ਵਗ ਜਾਂਦੇ ਹਨ। ਰੁੱਖ ਘਟ ਹੋਣ ਕਰਕੇ ਤੇਜ਼ ਪਾਣੀ ਸਾਹਮਣੇ ਕੋਈ ਰੁਕਾਵਟ ਨਹੀਂ ਹੁੰਦੀ। ਰੁੱਖ ਘਟ ਹੋਣਗੇ ਤਾਂ ਧਰਤੀ ਦੀ ਤਪਸ਼ ਹੋਰ ਵਧੇਗੀ। ਉਪਜਾਊ ਧਰਤੀ ਉੱਤੇ ਨਮੀਂ ਘਟੇਗੀ। ਸੁੱਕੀ ਧਰਤੀ ਰੇਤਲੀ ਹੁੰਦੀ ਜਾਵੇਗੀ। ਧਰਤੀ ਹੇਠਲਾ ਪਾਣੀ ਹੋਰ ਹੇਠਾਂ ਚਲਾ ਜਾਵੇਗਾ। ਫੁੱਲ, ਫਲ, ਬਨਸਪਤੀ, ਲੱਕੜੀ ਦੀ ਕਿੱਲਤ ਹੋ ਜਾਵੇਗੀ। ਪਿਛਲੀ ਸਰਕਾਰ ਸਮੇਂ ਪੰਜਾਬ ਵਿੱਚ ਜੰਗਲ ਹੇਠ ਰਕਬੇ ਨੂੰ ਵਧਾਉਣ ਲਈ ਕੇਂਦਰ ਸਰਕਾਰ ਨੇ 6.11 ਕਰੋੜ ਰੁਪਏ ਭੇਜੇ ਸਨ। ਪੰਜਾਬ ਸਰਕਾਰ ਨੇ ਆਪਣਾ 40 ਪ੍ਰਤੀਸ਼ਤ ਹਿੱਸਾ ਨਹੀਂ ਪਾਇਆ। ਅਗਲੇ ਸਾਲ ਕੇਂਦਰੀ ਗਰਾਂਟ ਨਹੀਂ ਆਈ। ਕਰੋੜਾਂ ਰੁਪਏ ਤੀਰਥ ਯਾਤਰਾਵਾਂ ਉੱਤੇ ਲਾਏ ਗਏ ਪਰ ਰੁੱਖਾਂ ਹੇਠ ਰਕਬਾ ਨਹੀਂ ਵਧਾਇਆ ਗਿਆ।

ਜ਼ਮੀਨ, ਜਲ, ਜੰਗਲ, ਜ਼ਿੰਦਗੀ ਖ਼ਤਰੇ ਵਿੱਚ ਹੈ। ਬਿਰਖ ਕੱਟੇ ਜਾ ਰਹੇ ਹਨ। ਹਰਿਆਵਲ ਖਤਮ ਹੋ ਰਹੀ ਹੈ। ਟਾਹਲੀਆਂ, ਕਿੱਕਰਾਂ ਤਾਂ ਪਹਿਲਾਂ ਹੀ ਖਤਮ ਹੋ ਗਈਆਂ ਹਨ। ਪ੍ਰਦੂਸ਼ਿਤ ਹਵਾ ਤੇ ਪਾਣੀ ਕਰਕੇ ਹਰੇਕ ਮਿੰਟ ਵਿੱਚ ਔਸਤਨ ਦੋ ਭਾਰਤੀਆਂ ਦੀ ਮੌਤ ਹੋ ਰਹੀ ਹੈ।

ਪੌਣ ਪਾਣੀ ਬਾਰੇ ਇਤਿਹਾਸਿਕ ਸਮਝੌਤਾ, ਪੈਰਿਸ ਵਿਖੇ 13 ਦਸੰਬਰ 2015 ਨੂੰ ਹੋਇਆ ਸੀ। ਇਸ ਮੌਕੇ 196 ਦੇਸ਼ਾਂ ਦੇ ਨੁਮਇੰਦੇ ਹਾਜ਼ਰ ਸਨ। ਆਲਮੀ ਤਪਸ਼ ਘੱਟ ਕਰਨ ਲਈ ਸਹਿਮਤੀ ਤਹਿਤ 2020 ਤੱਕ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਘੱਟ ਕਰਨ ਬਾਰੇ ਫੈਸਲਾ ਹੋਇਆ ਸੀ। ਬਾਅਦ ਵਿੱਚ ਅਮਰੀਕਾ ਨੇ ਇਸ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ।

ਪੰਜਾਬ ਵਿੱਚ ਲੱਖਾਂ ਹਰੇ-ਭਰੇ ਦਰੱਖ਼ਤ ਕੱਟ ਦਿੱਤੇ ਗਏ ਹਨ। ਕਿਸੇ ਅਥਾਰਿਟੀ ਪਾਸੋਂ ਇਸ ਵਾਸਤੇ ਪ੍ਰਵਾਨਗੀ ਨਹੀਂ ਲਈ ਗਈ। ਹੁਣ ਸ਼ਿਕਾਇਤ ਮਿਲਣ ਉੱਤੇ ਕੌਮੀ ਗਰੀਨ ਟ੍ਰਿਬਿਊਨਲ ਸਰਗਰਮ ਹੋਇਆ ਹੈ। ਨਵੀਆਂ ਬਣ ਰਹੀਆਂ ਸੜਕਾਂ ਦੇ ਕਿਨਾਰਿਆਂ ਉੱਤੇ ਹੋਰ ਰੁੱਖ ਕੱਟਣ ਦੀ ਮਨਾਹੀ ਕਰ ਦਿੱਤੀ ਗਈ ਹੈ ਭਾਵੇਂ ਕਿ ਆਰਾ ਮਸ਼ੀਨਾਂ ਤੇ ਕੁਹਾੜੇ ਹਾਲੇ ਵੀ ਚੱਲ ਰਿਹਾ ਹੈ।

17 ਅਗਸਤ 2017 ਨੂੰ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਖ਼ਤ ਤਾੜਨਾ ਕੀਤੀ ਸੀ ਕਿ ਤਾਜ ਮਹੱਲ ਦੇ ਨੇੜੇ 80 ਕਿਲੋਮੀਟਰ ਤੱਕ 450 ਬਿਰਖ ਕਿਸੇ ਵੀ ਸੂਰਤ ਵਿੱਚ ਕੱਟੇ ਨਾ ਜਾਣ। ਸੁਪਰੀਮ ਕੋਰਟ ਸਾਹਮਣੇ 450 ਰੁੱਖ ਕੱਟਣ ਦੀ ਆਗਿਆ ਲਈ ਪਟੀਸ਼ਨ ਸਾਹਮਣੇ ਆਈ ਸੀ। ਸਰਕਾਰ ਦੀ ਦਲੀਲ ਸੀ ਕਿ ਦਿੱਲੀਂ ਤੋਂ ਮਥੁਰਾ ਤੱਕ ਨਵੀਂ ਰੇਲ ਲਾਈਨ ਵਿਛਾਈ ਜਾਵੇ। ਸੁਪਰੀਮ ਕੋਰਟ ਨੇ ਕੇਂਦਰ ਨੂੰ ਪੁੱਛਿਆ ਕਿ ਤਾਜਮਹੱਲ ਵਰਗੀ ਅਦੁੱਤੀ ਕਲਾ ਕ੍ਰਿਤੀ ਨੂੰ, ਜਿਹੜੀ ਵਿਸ਼ਵ ਵਿਰਾਸਤ ਦਾ ਹਿੱਸਾ ਹੈ, ਕੀ ਖਤਮ ਕਰਨ ਦਾ ਵਿਚਾਰ ਹੈ ? ਸੰਸਾਰ ਦੇ ਇਸ ਅਜੂਬੇ ਨੂੰ ਪਹਿਲਾਂ ਹੀ ਹਵਾ ਪ੍ਰਦੂਸ਼ਣ ਤੇ ਵੱਧ ਰਹੀ ਧਰਤ-ਤਪਸ਼ ਦਾ ਵੱਡਾ ਖ਼ਤਰਾ ਹੈ।

ਜੇ ਵੱਧ ਤੋਂ ਵੱਧ ਰੁੱਖ ਹੋਣਗੇ ਤਾਂ ਧਰਤੀ ਠੰਢੀ ਰਹੇਗੀ। ਵੱਧ ਤੋਂ ਵੱਧ ਹਰਿਆਵਲ ਹੋਵੇਗੀ। ਰੁੱਖ ਸਾਨੂੰ ਜੀਵਨਦਾਨੀ ਆਕਸੀਜਨ ਦਿੰਦੇ ਹਨ। ਜ਼ਹਿਰੀਲੀ ਕਾਰਬਨ ਡਾਈਆਕਸਾਈਡ ਚੂਸਦੇ ਹਨ। ਬਨਸਪਤੀ ਮੌਲਦੀ ਹੈ। ਜੇ ਇਸੇ ਗਤੀ ਨਾਲ ਸੜਕਾਂ ਉੱਤੇ ਵਾਹਨ ਵੱਧਦੇ ਜਾਣਗੇ; ਹੋਰ ਹੋਟਲ, ਮੈਰਿਜ ਪੈਲੇਸ ਬਣਦੇ ਜਾਣਗੇ, ਹੋਰ ਨਵੇਂ ਕਾਰਖਾਨੇ ਹਵਾ ਦੇ ਪਾਣੀ ਨੂੰ ਦੂਸ਼ਿਤ ਕਰਨਗੇ ਤਾਂ ਪ੍ਰਦੂਸ਼ਣ ਵਿੱਚ ਵਾਧਾ ਹੋਣਾ ਯਕੀਨੀ ਹੈ। ਧਰਤੀ ਉੱਤੇ ਰਹਿਣਾ ਮੁਸ਼ਕਿਲ ਹੋ ਜਾਵੇਗਾ। ਧਰਤੀ ਹੇਠਲੇ ਪਾਣੀ ਦੇ ਸੋਮੇ ਸੁੱਕਦੇ ਜਾਣਗੇ। ਸੋਕਾ ਤੇ ਕਾਲ ਦਾ ਖ਼ਤਰਾ ਵੱਧ ਜਾਵੇਗਾ। ਅਨੇਕਾਂ ਕਿਸਮ ਦੇ ਪਸ਼ੂ, ਪੰਛੀ, ਜੀਵ-ਜੰਤੂ, ਕੀੜੇ ਮਰ ਜਾਣਗੇ। ਬਰਫੀਲੇ ਪਹਾੜ ਸੁੰਗੜਦੇ ਜਾਣਗੇ। ਕੁਦਰਤ ਦਾ ਸਹਿਜ ਤੇ ਸੰਤੁਲਨ ਵਿਗੜ ਜਾਵੇਗਾ। ਅਮੀਰੀ ਦੀਆਂ ਹੋਰ ਸਿਖ਼ਰਾਂ ਛੂਣ ਲਈ ਕਾਰਪੋਰੇਟ ਜਗਤ ਦੀ ਹਵਸ ਵੱਧਦੀ ਜਾਵੇਗੀ। ਪਹਾੜਾਂ ਜੰਗਲਾਂ ਵਿੱਚ ਸਦੀਆਂ ਤੋਂ ਵਸੇ ਆਦਿ-ਵਾਸੀਆਂ ਨੂੰ ਆਪਣੇ ਘਰਾਂ ਵਿੱਚੋਂ ਉਜਾੜ ਕੇ, ਪਹਾੜਾਂ ਜੰਗਲਾਂ ਉੱਤੇ ਕਬਜ਼ਾ ਕਰਕੇ, ਨਵੇਂ ਕਾਰਖਾਨੇ ਖੋਲ੍ਹੇ ਜਾਣਗੇ। ਕੁਦਰਤੀ ਵਾਤਾਵਰਨ ਵਿੱਚ ਵਿਗਾੜ ਪੈਦਾ ਹੋਵੇਗਾ। ਤਬਾਹਕੁਨ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਨਹੀਂ ਜਾ ਸਕੇਗਾ। ਪਾਣੀ ਦੇ ਸੋਮੇ ਸੁੱਕ ਜਾਣਗੇ। ਕਾਲ ਦਾ ਖਤਰਾ ਪੈਦਾ ਹੋਵੇਗਾ।

ਬਹੁਤ ਸਾਰੇ ਅਗਾਂਹਵਧੂ ਦੇਸ਼ਾਂ ਵਿੱਚ ਬਿਰਖ ਕੱਟਣ ਦੀ ਸਖ਼ਤ ਮਨਾਹੀ ਹੈ। ਕੈਨੇਡਾ ਦੇ ਕੌਮੀ ਝੰਡੇ ਵਿੱਚ ਉਥੋਂ ਦੇ ਕੌਮੀ ਬਿਰਖ ਮੈਪਲ ਦਾ ਪੱਤਾ ਸ਼ਾਮਲ ਹੈ। ਪੰਜਾਬ ਵਿੱਚ ਬਹੁਤ ਸਾਰੇ ਗੁਰਦੁਆਰਿਆਂ ਦੇ ਨਾਮ ਰੁੱਖਾਂ ’ਤੇ ਅਧਾਰਿਤ ਹਨ ਜਿਵੇਂ ਝਾੜ ਸਾਹਿਬ, ਜੰਡ ਸਾਹਿਬ, ਰੇਰੂ ਸਾਹਿਬ, ਟਾਹਲੀ ਸਾਹਿਬ ਆਦਿ। ਉਪਜਾਊ ਧਰਤੀ ਹੌਲੀ ਹੌਲੀ ਘੱਟਦੀ ਜਾ ਰਹੀ ਹੈ। ਥਾਂ ਥਾਂ ਰਿਹਾਇਸ਼ੀ ਬਸਤੀਆਂ ਉੱਸਰ ਰਹੀਆਂ ਹਨ। ਹਰੇ ਭਰੇ ਜੰਗਲ ਕੱਟ ਕੇ, ਕੰਕਰੀਟ ਦੇ ਜੰਗਲ ਉਸਾਰੇ ਜਾ ਰਹੇ ਹਨ। ਧਰਤੀ ਸੁੰਗੜ ਰਹੀ ਹੈ। ਧਰਤੀ ਉਤੇ ਸੇਮ ਤੇ ਕੱਲਰ ਨੇ ਹਮਲਾ ਕੀਤਾ ਹੋਇਆ ਹੈ। ਜੇ ਧਰਤੀ ਘਟਦੀ ਗਈ ਤਾਂ ਰੁੱਖਾਂ ਲਈ ਵੀ ਥਾਂ ਘਟਦੀ ਜਾਵੇਗੀ। ਹਰਿਆਵਲ ਤਪਸ਼ ਵਿੱਚ ਬਦਲ ਜਾਵੇਗੀ। ਧਰਤੀ ਵਿੱਚ ਅਸੀਂ ਬਹੁਤ ਗੰਦ ਮਿਲਾ ਰਹੇ ਹਾਂ। ਧਰਤੀ ਹੇਠਾਂ ਤਾਰਾਂ, ਪਾਈਪਾਂ, ਸੀਵਰੇਜ ਦੀ ਗੰਦਗੀ, ਕਾਰਖਾਨਿਆਂ ਦਾ ਜ਼ਹਿਰੀਲਾ ਮਾਦਾ ਮਿਲਾਇਆ ਜਾ ਰਿਹਾ ਹੈ। ਧਰਤੀ ਉੱਪਰ ਫਸਲਾਂ ਦਾ ਰਹਿੰਦ ਖੂੰਦ, ਘਾਹ ਫੂਸ ਸਾੜਿਆ ਜਾ ਰਿਹਾ ਹੈ। ਧਰਤੀ ਦਾ ਸੀਨਾ ਅੰਦਰੋਂ ਵਿੰਨ੍ਹਿਆ ਜਾ ਰਿਹਾ ਹੈ। ਪਾਣੀ ਦੀਆਂ ਭਰੀਆਂ ਸਮੁੰਦਰੀ ਹਵਾਵਾਂ ਸਾਡੇ ਪਹਾੜਾਂ ਨਾਲ ਟਕਰਾਉਂਣ ਤੋਂ ਪਹਿਲਾਂ ਹੀ ਤਪ ਜਾਂਦੀਆਂ ਹਨ, ਬਾਰਸ਼ ਕਿਵੇਂ ਬਰਸੇ। ਪਾਣੀ ਦੇ ਭਰੇ ਮੇਘਲੇ ਸਾਡੇ ਨਾਲ ਪਹਿਲਾਂ ਹੀ ਰੁੱਸ ਗਏ ਹਨ। ਵੀਰਵਾਰ ਦੀਆਂ ਝੜੀਆਂ ਹਫਤਾ ਹਫਤਾ ਤੱਕ ਬਰਸਦੀਆਂ ਸਨ। ਪਿੱਪਲ ਦੇ ਹਰੇ ਚੌੜੇ ਪੱਤੇ ਤੋੜ ਕੇ ਗਰਮ ਤਵੇ ਉੱਤੇ ਮਿੱਠੇ ਪੂੜੇ ਫੈਲਾਏ ਜਾਂਦੇ ਸਨ। ਹੁਣ ਤਾਂ ਵਾਤਾਵਰਣ ਦਾ ਸਾਵਾਂਪਨ ਹੀ ਨਹੀਂ ਰਿਹਾ। ਇਹ ਸਥਿਤੀ ਬਦਲਣੀ ਪਏਗੀ। ਸਾਨੂੰ ਦਰੱਖ਼ਤਾਂ ਹੇਠ ਰਕਬਾ ਵਧਾ ਕੇ ਮੁੜ ਹਰਿਆ ਭਰਿਆ ਵਾਤਾਵਰਣ ਬਣਾਉਣਾ ਪਏਗਾ।

ਸੰਪਰਕ: 94638- 08697

# ਬੀਜ ਵਾਸਤੇ ਆਲੂ ਪੈਦਾ ਕਰਨ ਦੇ ਅਹਿਮ ਨੁਕਤੇ

• ਸਤਪਾਲ ਸ਼ਰਮਾ, ਦਿਲਬਾਗ ਸਿੰਘ

**ਪੰਜਾਬ ’ਚ ਪ੍ਰਤੀ ਹੈਕਟੇਅਰ ਪੈਦਾਵਾਰ 25.7 ਟਨ ਪ੍ਰਤੀ ਹੈਕਟੇਅਰ ਹੈ, ਜੋ ਕਿ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਵੱਧ ਹੈ। ਸੂਬੇ ਦੇ ਤਿੰਨ ਜ਼ਿਲ੍ਹੇ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਕਰੀਬ 50 ਫ਼ੀਸਦੀ ਆਲੂ ਪੈਦਾ ਕਰਦੇ ਹਨ। ਆਲੂ ਉਤਪਾਦਨ ਦਾ 60 ਫ਼ੀਸਦੀ ਹਿੱਸਾ ਬੀਜ ਲਈ ਵਰਤਿਆ ਜਾਂਦਾ ਹੈ। ਦੇਸ਼ ਵਿਚ ਆਲੂ ਦੇ ਬੀਜ ਦੀ ਮੌਜੂਦਾ ਮੰਗ ਦੇ ਮੁਕਾਬਲੇ ਕਾਫੀ ਘੱਟ ਹੈ। ਇਸ ਲਈ ਆਲੂ ਦੀ ਬੀਜ ਦੇ ਤੌਰ ’ਤੇ ਪੈਦਾਵਾਰ ਹੋਰ ਵਧਾਉਣ ਦੀ ਲੋੜ ਹੈ।**



ਪਿਛਲੇ ਸਾਲ ਪੰਜਾਬ ਵਿਚ 93.0 ਹਜ਼ਾਰ ਹੈਕਟੇਅਰ ਰਕਬੇ ’ਚੋਂ 23.9 ਲੱਖ ਟਨ ਆਲੂ ਦੀ ਪੈਦਾਵਾਰ ਕੀਤੀ ਗਈ। ਪੰਜਾਬ ’ਚ ਪ੍ਰਤੀ ਹੈਕਟੇਅਰ ਪੈਦਾਵਾਰ 25.7 ਟਨ ਪ੍ਰਤੀ ਹੈਕਟੇਅਰ ਹੈ, ਜੋ ਕਿ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਵੱਧ ਹੈ। ਸੂਬੇ ਦੇ ਤਿੰਨ ਜ਼ਿਲ੍ਹੇ ਜਲੰਧਰ, ਕਪੂਰਥਲਾ ਤੇ ਹੁਸ਼ਿਆਰਪੁਰ ਕਰੀਬ 50 ਫ਼ੀਸਦੀ ਆਲੂ ਪੈਦਾ ਕਰਦੇ ਹਨ। ਆਲੂ ਉਤਪਾਦਨ ਦਾ 60 ਫ਼ੀਸਦੀ ਹਿੱਸਾ ਬੀਜ ਲਈ ਵਰਤਿਆ ਜਾਂਦਾ ਹੈ। ਦੇਸ਼ ਵਿਚ ਆਲੂ ਦੇ ਬੀਜ ਦੀ ਮੌਜੂਦਾ ਮੰਗ ਦੇ ਮੁਕਾਬਲੇ ਕਾਫੀ ਘੱਟ ਹੈ। ਇਸ ਲਈ ਆਲੂ ਦੀ ਬੀਜ ਦੇ ਤੌਰ ’ਤੇ ਪੈਦਾਵਾਰ ਹੋਰ ਵਧਾਉਣ ਦੀ ਲੋੜ ਹੈ।

**ਵਿਸ਼ਾਣੂ ਰੋਗ ਕਾਰਨ ਘਟਦਾ ਹੈ ਝਾੜ**

ਚੰਗੀ ਪੈਦਾਵਾਰ ਲਈ ਸਿਹਤਮੰਦ ਬੀਜ ਮੁਢਲੀ ਜ਼ਰੂਰਤ ਹੈ। ਆਲੂ ਦੀ ਫ਼ਸਲ ’ਚ ਇਸ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ ਕਿਉਂਕਿ ਇਸ ਦਾ ਮੂਲ ਬੀਜ ਆਲੂ ਹੀ ਹੈ। ਬੀਜ ਆਲੂ ਦੀ ਖੇਤੀ ਦਾ ਏਨਾ ਜ਼ਰੂਰੀ ਹਿੱਸਾ ਹੈ ਕਿ ਇਸ ਦੀ ਕੀਮਤ ਲਾਗਤ ਦਾ 50 ਫ਼ੀਸਦੀ ਹੁੰਦੀ ਹੈ। ਜੇ ਅਸੀਂ ਆਲੂ ਦਾ ਉਹੀ ਬੀਜ ਸਾਲ-ਦਰ-ਸਾਲ ਵਰਤਦੇ ਰਹਿੰਦੇ ਹਾਂ ਤਾਂ ਇਸ ਨਾਲ ਬੀਜ ਕਮਜ਼ੋਰ ਪੈ ਜਾਂਦਾ ਹੈ ਤੇ ਝਾੜ ਘਟ ਜਾਂਦਾ ਹੈ। ਝਾੜ ਘਟਣ ਦਾ ਮੁੱਖ ਕਾਰਨ ਵਿਸ਼ਾਣੂ ਰੋਗ ਹੁੰਦੇ ਹਨ। ਇਹ ਵਿਸ਼ਾਣੂ ਰੋਗ ਤੇਲੇ ਰਾਹੀਂ ਜਾਂ ਨੇੜਲੇ ਖੇਤਾਂ ’ਚੋਂ ਫ਼ਸਲ ਤਕ ਫ਼ੈਲਦਾ ਹੈ ਤੇ ਆਲੂ ਦੇ ਬੀਜ ਨੂੰ ਕਮਜ਼ੋਰ ਕਰਦਾ ਹੈ। ਆਲੂ ਦਾ ਮਿਆਰੀ ਬੀਜ ਤਦ ਪੈਦਾ ਕੀਤਾ ਜਾ ਸਕਦਾ ਹੈ ਜਦੋਂ ਤੇਲੇ ਦਾ ਹਮਲਾ ਨਾ ਹੋਵੇ। ਅਜਿਹਾ ਮੌਸਮ ਅਕਤੂਬਰ- ਜਨਵਰੀ ਦਰਮਿਆਨ ਹੁੰਦਾ ਹੈ। ਆਲੂ ਦੀ ਫ਼ਸਲ ਦੇ ਪੱਤੇ ਦਸੰਬਰ ਦੇ ਅਖ਼ੀਰ ’ਚ ਤੇਲੇ ਦੇ ਵਧਣ ਤੋਂ ਪਹਿਲਾਂ ਕੱਟ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ ਦਵਾਈਆਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਜਿਸ ਨਾਲ ਤੇਲੇ ਨੂੰ ਕਾਬੂ ਕੀਤਾ ਜਾਂਦਾ ਹੈ।

**ਬਿਜਾਈ ਦਾ ਸਮਾਂ**

ਬੀਜ ਵਾਲੀ ਫ਼ਸਲ ਦੀ ਬਿਜਾਈ 5 ਤੋਂ 15 ਅਕਤੂਬਰ ਤਕ ਕਰ ਦੇਣੀ ਚਾਹੀਦੀ ਹੈ। ਬਿਜਾਈ ਦਾ ਫ਼ਾਸਲਾ 50 ਸੈਂਟੀਮੀਟਰ ਗੁਣਾ 15 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਫ਼ਸਲ ਬੀਜਣ ਤੋਂ ਪਹਿਲਾਂ ਖੇਤ ’ਚ ਹਰੀ ਖਾਦ ਪਾਓ ਤੇ 2-3 ਸਾਲ ਦੇ ਫ਼ਸਲੀ ਚੱਕਰ ਅਪਣਾਓ। ਇਸ ਨਾਲ ਆਲੂ ਦੇ ਬੀਜ ਦੀ ਗੁਣਵੱਤਾ ’ਚ ਸੁਧਾਰ ਆਉਂਦਾ ਹੈ।

**ਬੀਜ ਦੀ ਸੋਧ**

ਕੋਲਡ ਸਟੋਰ ’ਚੋਂ ਆਲੂ ਕੱਢਣ ਉਪਰੰਤ, ਬਿਮਾਰੀ ਵਾਲੇ ਆਲੂਆਂ ਨੂੰ ਛਾਂਟ ਕੇ ਵੱਖ ਕਰ ਲਵੋ ਤੇ ਉਨ੍ਹਾਂ ਨੂੰ ਜ਼ਮੀਨ ’ਚ ਡੂੰਘਾ ਦਬਾਅ ਦੇਵੋ। ਬੀਜ ਨੂੰ ਖਰੀਂਢ ਰੋਗ, ਕਾਲੇ ਰੋਗ ਤੇ ਕੋਹੜ ਤੋਂ ਬਚਾਉਣ ਲਈ ਐਮੀਸਨ 2.5 ਗ੍ਰਾਮ ਪ੍ਰਤੀ ਲਿਟਰ ਪਾਣੀ ਜਾਂ ਮੋਨਸਰਨ 2.5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਦੇ ਘੋਲ ’ਚ 10 ਮਿੰਟ ਡੁਬੋ ਕੇ ਰੱਖੋ। ਬੀਜ ਨੂੰ ਬਿਜਾਈ ਤੋਂ 10-15 ਦਿਨ ਪਹਿਲਾਂ ਕੋਲਡ ਸਟੋਰ ਵਿੱਚੋਂ ਕੱਢ ਕੇ ਸੁਕਾ ਲਵੋ ਤੇ ਫਿਰ ਘੱਟ ਠੰਡੇ ਥਾਂ ’ਤੇ, ਜਿਥੇ ਤੇਜ਼ ਰੋਸ਼ਨੀ ਨਾ ਹੋਵੇ ਫੁਟਾਰਾ ਆਉਣ ਲਈ ਖਿਲਾਰ ਦਿਓ। ਆਲੂਆਂ ’ਤੇ ਆਇਆ ਇਹ ਫੁਟਾਰਾ ਆਲੂ ਦੇ ਜ਼ਮੀਨ ਵਿੱਚੋਂ ਬਾਹਰ ਨਿਕਲਣ, ਜ਼ਿਆਦਾ ਆਲੂ ਪੈਣ, ਬੀਜ ਵਾਲੇ ਅਕਾਰ ਦੇ ਜ਼ਿਆਦਾ ਆਲੂ ਬਣਨ ’ਚ ਸਹਾਈ ਹੁੰਦਾ ਹੈ। ਫੁਟਾਰੇ ਵਾਲੇ ਆਲੂ (40 ਤੋਂ 80 ਗ੍ਰਾਮ) ਜ਼ਿਆਦਾ ਮਾਤਰਾ ’ਚ ਬੀਜ ਵਾਲੇ ਆਲੂ ਪੈਦਾ ਕਰਦੇ ਹਨ ਜੋ ਵਿਸ਼ਾਣੂ ਰੋਗ ਤੋਂ ਰਹਿਤ ਹੁੰਦੇ ਹਨ।

**ਕੀਟਾਂ ਤੋਂ ਬਚਾਅ**

ਬੀਜ ਵਾਲੀ ਫ਼ਸਲ ਨੂੰ ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਉਣ ਲਈ ਥਿਮਟ 10 ਜੀ (ਫੋਰੇਟ) 5 ਕਿੱਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਵੇਲੇ ਖੇਤ ’ਚ ਪਾਓ। ਇਸ ਤੋਂ ਬਾਅਦ 300 ਮਿਲੀਲਿਟਰ ਮੈਟਾਸਿਸਟੌਕਸ 20 ਤਾਕਤ 100 ਲਿਟਰ ਪਾਣੀ ’ਚ ਘੋਲ ਕੇ 40-45 ਦਿਨਾਂ ਬਾਅਦ ਸਪਰੇਅ ਕਰੋ।

**ਬਿਮਾਰੀਆਂ ਦੀ ਰੋਕਥਾਮ**

ਤੇਲਾ ਫ਼ਸਲ ਉੱਪਰ ਵਿਸ਼ਾਣੂ ਰੋਗ ਫੈਲਾਉਂਦਾ ਹੈ। ਇਨ੍ਹਾਂ ਰੋਗਾਂ ਵਿਚ ਪੱਤਿਆਂ ਦੇ ਮੁੜਣ ਦਾ ਰੋਗ, ਵਿਸ਼ਾਣੂ ਐਕਸ, ਵਿਸ਼ਾਣੂ ਵਾਈ ਤੇ ਵਿਸ਼ਾਣੂ-ਏ ਰੋਗ ਮੁੱਖ ਹਨ। ਵਿਸ਼ਾਣੂ ਰੋਗਾਂ ’ਤੇ ਕਾਬੂ ਪਾਉਣ ਲਈ ਆਲੂਆਂ ਉੱਪਰ ਬਿਜਾਈ ਵੇਲੇ ਮਿੱਟੀ ਦੀ ਮੋਟੀ ਪਰਤ ਚੜ੍ਹਾਓ। ਬੀਜ ਪੈਦਾ ਕਰਨ ਲਈ ਉਸ ਖੇਤ ਦੀ ਚੋਣ ਕਰੋ, ਜਿਸ ’ਚ ਆਲੂਆਂ ਦੇ ਖਰੀਂਢ ਰੋਗ, ਆਲੂਆਂ ਦਾ ਕੋਹੜ ਤੇ ਆਲੂਆਂ ਦਾ ਕਾਲਾ ਪੈਣਾ ਆਦਿ ਨਾ ਹੋਏ ਹੋਣ। ਬਿਮਾਰਿਆਂ ਦੇ ਹਮਲੇ ਤੋਂ ਬਚਾਅ ਲਈ ਇੰਡੋਫਿਲ ਐਮ-45 ਜਾਂ ਕਵਚ 500- 700 ਗ੍ਰਾਮ ਪ੍ਰਤੀ ਏਕੜ, ਜਦੋਂ ਬੂਟੇ 20-25 ਸੈਂਟੀਮੀਟਰ ਦੇ ਹੋ ਜਾਣ ਤਾਂ ਸਪਰੇਅ ਕਰੋ ਅਤੇ 10 ਦਿਨਾਂ ਬਾਅਦ ਇਹ ਸਪਰੇਅ ਦੁਬਾਰਾ ਕਰੋ। ਬੀਜ ਵਾਲੀ ਫ਼ਸਲ ਦਾ ਬਿਜਾਈ ਤੋਂ 50, 65 ਤੇ 80 ਦਿਨ ਬਾਅਦ ਨਿਰੀਖਣ ਕਰੋ ਤਾਂ ਜੋ ਅਣਚਾਹੇ ਬੂਟੇ ਅਤੇ ਬਿਮਾਰੀ ਵਾਲੇ ਬੂਟੇ ਖੇਤ ਵਿੱਚੋਂ ਪੁੱਟੇ ਜਾ ਸਕਣ। ਫ਼ਸਲ ਨੂੰ ਝੁਲਸ ਰੋਗ ਤੋਂ ਬਚਾਉਣ ਲਈ ਨਵੰਬਰ ਦੇ ਪਹਿਲੇ ਹਫ਼ਤੇ ਤੋਂ ਐਂਟਰਾਕੋਲ ਜਾਂ ਇੰਡੋਫਿਲ ਐਮ-45 ਜਾਂ ਕਵਚ 500-700 ਗ੍ਰਾਮ ਪ੍ਰਤੀ ਏਕੜ ਜਾਂ ਕਾਪਰ ਆਕਸੀਕਲੋਰਾਈਡ 50 ਤਾਕਤ ਪਾਊਡਰ 750- 1000 ਗ੍ਰਾਮ ਪ੍ਰਤੀ ਏਕੜ 250 ਤੋਂ 300 ਲਿਟਰ ਪਾਣੀ ਵਿਚ ਘੋਲ ਕੇ ਹਫ਼ਤੇ-ਹਫ਼ਤੇ ਦੇ ਵਕਫ਼ੇ ’ਤੇ ਪੰਜ ਸਪਰੇਅ ਕਰੋ। ਜੇ ਅਗੇਤਾ ਝੁਲਸ ਰੋਗ ਜ਼ਿਆਦਾ ਵਧ ਜਾਵੇ ਤਾਂ ਦੂਜੀ ਤੇ ਤੀਜੀ ਸਪਰੇਅ ਵੇਲੇ ਉਕਤ ਦਵਾਈਆਂ ਦੀ ਥਾਂ ਕਰੂਜੈਟ ਐੱਮ-8 ਜਾਂ ਰਿਡੋਮਿਲ ਗੋਲਡ ਦੀ 700 ਗ੍ਰਾਮ ਮਾਤਰਾ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ।

**ਤੇਲੇ ਦੀ ਰੋਕਥਾਮ**

ਨਦੀਨ ਨਾਸ਼ਕਾਂ ਦੀ ਵਰਤੋਂ ਨਾਲ ਖੇਤ ਵਿਚਲੇ ਤੇ ਨੇੜਲੇ ਨਦੀਨਾਂ ਨੂੰ ਖਤਮ ਕਰ ਦਿਓ, ਕਿਉਂਕਿ ਤੇਲਾ ਇਨ੍ਹਾਂ ਨਦੀਨਾਂ ਉੱਪਰ ਪਲਦਾ ਹੈ। ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਤਾਕਤ (ਪੈਂਡੀਮੈਥਾਲਿਨ) ਇਕ ਲਿਟਰ ਪ੍ਰਤੀ ਏਕੜ ਜਾਂ ਐਰੀਲੌਨ 75 ਤਾਕਤ (ਆਈਸੋਪਰੋਟਯੂਰਾਨ) 500 ਗ੍ਰਾਮ/ਏਕੜ ਜਾਂ ਸੈਨਕੋਰ 70 ਤਾਕਤ 200 ਗ੍ਰਾਮ ਪ੍ਰਤੀ ਏਕੜ ਨਦੀਨਾਂ ਦੇ ਜੰਮ ਤੋਂ ਪਹਿਲਾਂ ਤੇ ਪਹਿਲੇ ਪਾਣੀ ਤੋਂ ਬਾਅਦ ਖੇਤ ’ਚ ਸਪਰੇਅ ਕਰੋ। ਇਸ ਤੋਂ ਇਲਾਵਾ ਰੋਗਰ 30 ਤਾਕਤ 300 ਗ੍ਰਾਮ ਪ੍ਰਤੀ ਏਕੜ ਜਾਂ ਮੈਟਾਸਿਸਟੌਕਸ 25 ਤਾਕਤ ਤੇਲੇ ਦੀ ਆਮਦ ਵੇਲੇ ਤੇ ਇਕ ਸਪਰੇਅ ਬਾਅਦ ਚ 10 ਦਿਨ ਦੇ ਫ਼ਰਕ ’ਤੇ ਹੋਰ ਕਰੋ। 25 ਦਸੰਬਰ ਦੇ ਨੇੜੇ ਜਦੋਂ ਆਲੂ 50 ਗ੍ਰਾਮ ਦੇ ਕਰੀਬ ਹੋ ਜਾਣ ਅਤੇ ਤੇਲੇ ਦੀ ਗਿਣਤੀ 20 ਤੇਲੇ ਪ੍ਰਤੀ 100 ਪੱਤਾ ਹੋਵੇ ਤਾਂ ਬੂਟਿਆਂ ਦੇ ਪੱਤੇ ਕੱਟ ਦਿਓ। ਪੱਤਿਆਂ ਨੂੰ ਮਾਰਨ ਲਈ ਗਰਾਮੈਕਸ਼ੋਨ 1 ਲਿਟਰ ਦੀ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕਰੋ।

**ਸਿੰਚਾਈ**

ਪਹਿਲਾ ਪਾਣੀ ਬਿਜਾਈ ਤੋਂ ਫੌਰਨ ਬਾਅਦ ਦਿਓ, ਜਿਸ ਨਾਲ ਬੂਟੇ ਜ਼ਲਦੀ ਜ਼ਮੀਨ ਤੋਂ ਬਾਹਰ ਆ ਜਾਂਦੇ ਹਨ। ਫਿਰ ਹਲਕੀ ਸਿੰਚਾਈ ਵਾਰ-ਵਾਰ ਕੀਤੀ ਜਾਵੇ ਤਾਂ ਜੋ ਆਲੂ ਦੀ ਫ਼ਸਲ ਵਧੀਆ ਹੋਵੇ। ਖ਼ਿਆਲ ਰੱਖੋ ਕਿ ਸਿੰਚਾਈ ਦਾ ਪਾਣੀ ਵੱਟਾਂ ਦੇ ਉੱਪਰ ਨਾ ਚੜ੍ਹੇ ਇਸ ਨਾਲ ਵੱਟਾਂ ਦੀ ਮਿੱਟੀ ਸੁੱਕ ਕੇ ਸਖ਼ਤ ਹੋ ਜਾਂਦੀ ਹੈ ਤੇ ਆਲੂਆਂ ਦੇ ਜ਼ਮੀਨ ’ਚੋਂ ਬਾਹਰ ਨਿਕਲਣ ’ਚ ਅੜਚਨ ਪੈਦਾ ਹੁੰਦੀ ਹੈ। ਬਾਅਦ ਵਿਚ 8 ਤੋਂ 10 ਦਿਨ ਬਾਅਦ ਸਿੰਚਾਈ ਕਰਦੇ ਰਹੋ। ਦਸੰਬਰ ਦੇ ਅੱਧ ਤਕ ਪਾਣੀ ਘਟਾ ਦਿਓ ਤੇ ਦਸੰਬਰ ਦੇ ਅਖ਼ੀਰ ਵਿਚ ਸਿੰਚਾਈ ਬਿਲਕੁਲ ਬੰਦ ਕਰ ਦਿਓ ਤਾਂ ਜੋ ਆਲੂ ਦੇ ਪੱਤੇ ਤੇਲੇ ਦੇ ਵਧਣ ਤੋਂ ਪਹਿਲਾਂ ਹੀ ਸੁੱਕ ਜਾਣ।

**ਆਲੂ ਦਾ ਝਾੜ**

ਉਸ ਦੀ ਕਿਸਮ, ਫ਼ਸਲ ਦੇ ਸਮੇਂ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਉੱਪਰ ਨਿਰਭਰ ਕਰਦਾ ਹੈ। ਇਕ ਏਕੜ ਬੀਜ ਵਾਲੀ ਫ਼ਸਲ ਵਿੱਚੋਂ ਕਰੀਬ 8 ਤੋਂ 10 ਏਕੜ ਲਈ ਬੀਜ ਮਿਲ ਸਕਦਾ ਹੈ।

• ਮੋਬਾਈਲ 99157-31974



# ਮਟਰਾਂ ਦੀ ਅਗੇਤੀ ਬਿਜਾਈ ਲਾਹੇਵੰਦ

ਜਿੰਦਰ ਕੁਮਾਰ ਢੱਲ×

ਅਗੇਤੇ ਮਟਰ ਥੋੜ੍ਹੇ ਸਮੇ ਦੀ ਫਸਲ ਹੈ ਅਤੇ ਵੱਖ-ਵੱਖ ਫਸਲੀ ਚੱਕਰ ਲਈ ਬਹੁਤ ਢੁੱਕਵੀ ਹੈ। ਠੀਕ ਵਾਧੇ ਲਈ ਮਟਰ ਨੂੰ 20 ਤੋਂ 25 ਡਿਗਰੀ ਸੈਂਟੀਗਰੇਡ ਤਾਪਮਾਨ ਦੀ ਲੋੜ ਹੁੰਦੀ ਹੈ। ਜੇਕਰ ਤਾਪਮਾਨ 30 ਡਿਗਰੀ ਸੈਂਟੀਗਰੇਡ ਤੋਂ ਵੱਧ ਜਾਵੇ ਤਾਂ ਬੂਟੇ ਉਗਣ ਸਮੇਂ ਹੀ ਮਰ ਜਾਂਦੇ ਹਨ। ਜੇਕਰ ਫਸਲ ਵਧਣ ਸਮੇਂ ਤਾਪਮਾਨ ਜ਼ਿਆਦਾ ਰਹੇ ਤਾਂ ਉਖੇੜਾ ਅਤੇ ਤਣੇ ਦੀ ਮੱਖੀ ਬੂਟਿਆਂ ਦੀ ਗਿਣਤੀ ਘਟਾ ਕੇ ਪੈਦਾਵਾਰ ਵਿੱਚ ਨੁਕਸਾਨ ਕਰਦੀ ਹੈ। ਇਸ ਲਈ ਮਟਰਾਂ ਦੀ ਫਸਲ ਉਸ ਇਲਾਕੇ ਵਿੱਚ ਹੀ ਚੰਗੀ ਹੋ ਸਕਦੀ ਹੈ ਜਿਥੇ ਗਰਮੀ ਤੋਂ ਸਰਦੀ ਰੁੱਤ ਦਾ ਬਦਲਾਅ ਸਹਿਜੇ ਹੁੰਦਾ ਹੈ।

ਮਟਰ ਅਗੇਤਾ 7: ਇਸ ਦੇ ਬੂਟੇ ਛੇਤੀ ਵੱਧਣ ਵਾਲੇ ਹੁੰਦੇ ਹਨ। ਹਰ ਬੂਟੇ ’ਤੇ 15-18 ਭਰਵੀਆਂ ਫਲੀਆਂ ਲੱਗਦੀਆਂ ਤੇ ਹਰ ਫਲੀ ਵਿੱਚ 7-9 ਦਾਣੇ ਹੁੰਦੇ ਹਨ। ਫਲੀਆਂ ਦੀ ਲੰਬਾਈ ਦਰਮਿਆਨੀ (9.5 ਸੈਂਟੀਮੀਟਰ) ਅਤੇ ਸਿਰੇ ਤੋਂ ਥੋੜੀਆਂ ਮੁੜੀਆਂ ਹੁੰਦੀਆਂ ਹਨ। ਇਸ ਦੀਆਂ ਫਲੀਆਂ ਇਕੱਲੀਆਂ ਜਾਂ ਜੋੜੀਆਂ ਵਿੱਚ ਲੱਗਦੀਆਂ ਹਨ। ਇਸ ਦੀਆਂ ਫਲੀਆਂ ਵਿੱਚੋਂ ਲਗਪਗ 48 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਹ ਅਗੇਤੀ ਕਿਸਮ ਹੈ ਅਤੇ 65-70 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ। ਇਸ ਕਿਸਮ ਦੀਆਂ ਹਰੀਆਂ ਫਲੀਆਂ ਦਾ ਝਾੜ 32 ਕੁਇੰਟਲ ਪ੍ਰਤੀ ਏਕੜ ਹੈ।

ਏ ਪੀ-3 (ਮਟਰ): ਇਹ ਅਗੇਤੀ ਕਿਸਮ ਹੈ ਅਤੇ ਇਸ ਦੇ ਬੂਟੇ ਮਧਰੇ ਹੁੰਦੇ ਹਨ । ਫਲੀਆਂ ਦੀ ਲੰਬਾਈ ਦਰਮਿਆਨੀ (8.85 ਸੈਂਟੀਮੀਟਰ) ਅਤੇ ਸਿਰੇ ਤੋ ਮੁੜੀਆਂ ਹੁੰਦੀਆਂ ਹਨ। ਇਸ ਦੀਆਂ ਫਲੀਆਂ ਇਕੱਲੀਆਂ ਜਾਂ ਜੋੜੀਆਂ ਵਿੱਚ ਲੱਗਦੀਆਂ ਹਨ । ਹਰ ਫਲੀ ਵਿੱਚ 7-8 ਦਾਣੇ ਹੁੰਦੇ ਹਨ ਅਤੇ ਫਲੀਆਂ ਵਿੱਚੋ ਲਗਭਗ 50 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਸ ਦੇ ਦਾਣੇ ਮੋਟੇ, ਝੁਰੜੀਆਂ ਵਾਲੇ ਅਤੇ ਹਰੇ ਰੰਗ ਦੇ ਹੁੰਦੇ ਹਨ। ਇਹ ਕਿਸਮ 65-70 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ, ਜੇਕਰ ਇਸ ਨੂੰ ਅਕਤੂਬਰ ਦੇ ਦੂਜੇ ਹਫਤੇ ਬੀਜਿਆ ਜਾਵੇ। ਇਸ ਕਿਸਮ ਦੀਆਂ ਹਰੀਆਂ ਫਲੀਆਂ ਦਾ ਝਾੜ 31.5 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ ।

ਪੰਜਾਬ 89: ਇਸਦੇ ਬੂਟੇ ਦਰਮਿਆਨੇ ਲੰਮੇ, ਨਰੋਏ ਅਤੇ ਸਿੱਧੇ ਹੁੰਦੇ ਹਨ। ਇਸ ਵਿੱਚ ਜ਼ਿਆਦਾ (28-30) ਫ਼ਲੀਆਂ ਲੱਗਦੀਆਂ ਹਨ। ਇਸ ਦੀਆਂ ਫ਼ਲੀਆਂ ਦਿਲ ਖਿਚ੍ਹਵੀਆਂ ਗੂੜ੍ਹੀਆਂ ਹਰੀਆਂ ਹੁੰਦੀਆਂ ਹਨ ਅਤੇ ਹਰ ਫ਼ਲੀ ਵਿੱਚ 9-10 ਦਾਣੇ ਹੁੰਦੇ ਹਨ। ਫ਼ਲੀਆਂ ਆਮ ਤੌਰ ’ਤੇ ਜੋੜਿਆਂ ਵਿੱਚ ਲੱਗਦੀਆਂ ਹਨ। ਇਹ ਕਿਸਮ 100 ਦਿਨਾਂ ਵਿੱਚ ਪਹਿਲੀ ਤੁੜਾਈ ਵਾਸਤੇ ਤਿਆਰ ਹੋ ਜਾਂਦੀ ਹੈ। ਇਸਦੇ ਦਾਣੇ ਬੜੇ ਮਿੱਠੇ ਹੁੰਦੇ ਹਨ ਅਤੇ ਇਸਦੀਆਂ ਫ਼ਲੀਆਂ ਵਿਚੋਂ 55 ਪ੍ਰਤੀਸ਼ਤ ਦਾਣੇ ਨਿਕਲਦੇ ਹਨ। ਇਹ ਕਿਸਮ 60 ਕੁਇੰਟਲ (ਹਰੀਆਂ ਫ਼ਲੀਆਂ) ਪ੍ਰਤੀ ਏਕੜ ਝਾੜ ਦਿੰਦੀ ਹੈ।

ਸਤੰਬਰ ਦੇ ਮਹੀਨੇ ਵਿੱਚ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਮੈਦਾਨੀ ਇਲਾਕਿਆਂ ਵਿੱਚ ਬਿਜਾਈ ਕਰਨ ਲਈ ਸਭ ਤੋਂ ਉਤਮ ਸਮਾਂ ਅਕਤੂਬਰ ਦੇ ਪਹਿਲੇ ਹਫ਼ਤੇ ਤੋਂ ਅੱਧ ਨਵੰਬਰ ਤੱਕ ਹੈ। ਮਸ਼ੀਨੀ ਬਿਜਾਈ ਲਈ ਅਗੇਤੀਆਂ ਕਿਸਮਾਂ ਦਾ 45 ਕਿਲੋ ਅਤੇ ਮੁੱਖ ਸਮੇਂ ਦੀਆਂ ਕਿਸਮਾਂ ਦਾ 30 ਕਿਲੋ ਬੀਜ ਪ੍ਰਤੀ ਏਕੜ ਲੱਗਦਾ ਹੈ। ਹੱਥਾਂ ਨਾਲ ਬਿਜਾਈ ਕਰਨ ’ਤੇ ਬੀਜ ਦੀ ਮਾਤਰਾ ਘੱਟ ਲਗਦੀ ਹੈ। ਅਗੇਤੀਆਂ ਕਿਸਮਾਂ ਲਈ ਫ਼ਾਸਲਾ 3075 ਸੈਂਟੀਮੀਟਰ ਤੇ ਮੁੱਖ ਮੌਸਮ ਦੀਆਂ ਕਿਸਮਾਂ ਲਈ 3010 ਸੈਂਟੀਮੀਟਰ ਰੱਖਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਮਟਰਾਂ ਦੀ ਬਿਜਾਈ ਸਮੇਂ ਠੀਕ ਵੱਤਰ ਹੋਵੇ। ਮਟਰਾਂ ਦੀ ਬਿਜਾਈ ਖਾਦ ਡਰਿਲ ਨਾਲ ਵੱਟਾਂ ’ਤੇ ਵੀ ਕੀਤੀ ਜਾ ਸਕਦੀ ਹੈ। ਇਸ ਲਈ ਵੱਟਾਂ 60 ਸੈਂਟੀਮੀਟਰ ਚੌੜੀਆਂ ਰੱਖੋ ਅਤੇ ਹਰ ਵੱਟ ਉਤੇ 25 ਸੈਂਟੀਮੀਟਰ ਦੂਰੀ ਦੀਆਂ ਦੋ ਕਤਾਰਾਂ ਵਿੱਚ ਬਿਜਾਈ ਕਰੋ। ਇਸ ਡਰਿੱਲ ਨਾਲ ਇੱਕ ਘੰਟੇ ਵਿੱਚ ਇੱਕ ਏਕੜ ਦੀ ਬਿਜਾਈ ਕੀਤੀ ਜਾ ਸਕਦੀ ਹੈ।

ਟੀਕਾ ਤੇ ਬੀਜ ਸੋਧਣਾ: ਮਟਰਾਂ ਨੂੰ ਬਿਜਾਈ ਤੋਂ ਪਹਿਲਾਂ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਓ ਕਿਉਕਿ ਇਸ ਨਾਲ ਝਾੜ ਵੱਧ ਜਾਂਦਾ ਹੈ। ਇਹ ਟੀਕਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਈਕ੍ਰੋਬਾਇਆਲੋਜੀ ਵਿਭਾਗ ਵਿੱਚੋਂ ਮਿਲਦਾ ਹੈ। ਅਗੇਤੀ ਬੀਜੀ ਫਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ। ਇਸ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ ਇੱਕ ਗ੍ਰਾਮ ਬਾਵਿਸਟਨ ਜਾਂ 2 ਗ੍ਰਾਮ ਕੈਪਟਾਨ ਜਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ+1 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ। ਮਟਰਾਂ ਦੇ ਬੀਜ ਨੂੰ ਸੋਧਣ ਲਈ ਅੱਧੇ ਲਿਟਰ ਪਾਣੀ ਵਿੱਚ ਰਾਈਜ਼ੋਬੀਅਮ ਦੇ ਟੀਕੇ ਦਾ ਪੈਕਟ (ਇੱਕ ਏਕੜ ਵਾਲਾ) ਅਤੇ 90 ਗ੍ਰਾਮ ਕੈਪਟਾਨ ਜਾਂ 45 ਗ੍ਰਾਮ ਬਾਵਿਸਟਨ ਜਾਂ 45 ਗ੍ਰਾਮ ਬਾਵਿਸਟਾਨ ਜਾਂ ਸੂਡੋਮੋਨਾਸ ਫਲਰੇਸੈਂਸ ਫਾਰਮੂਲੇਸ਼ਨ 675 ਗ੍ਰਾਮ+45 ਗ੍ਰਾਮ ਕੈਪਟਾਨ ਰਲਾ ਦਿਓ। ਫਿਰ ਇਸ ਘੋਲ ਨੂੰ 45 ਕਿਲੋ ਬੀਜ ਵਿਚ ਚੰਗੀ ਤਰ੍ਹਾਂ ਮਿਲਾ ਦਿਓ। ਬੀਜ ਨੂੰ ਛਾਂਵੇ ਸੁਕਾ ਕੇ ਉਸੇ ਦਿਨ ਖੇਤ ਵਿਚ ਬੀਜ ਦਿਓ।

ਖਾਦਾਂ: ਮਟਰ ਵਾਸਤੇ ਏਕੜ ਪਿਛੇ 8 ਟਨ ਗੋਹੇ ਦੀ ਰੂੜੀ, 20 ਕਿਲੋ ਨਾਈਟ੍ਰੋਜਨ (45 ਕਿਲੋ ਯੂਰੀਆ) ਅਤੇ 25 ਕਿਲੋ ਫਾਸਫੋਰਸ (155 ਕਿਲੋ ਸੁਪਰਫਾਸਫੇਟ) ਬਿਜਾਈ ਤੋਂ ਪਹਿਲਾਂ ਖੇਤ ਵਿੱਚ ਪਾਓ। ਇਹ ਸਾਰੀਆਂ ਖਾਦਾਂ ਬਿਜਾਈ ਤੋਂ ਪਹਿਲਾਂ ਪਾਉਣੀਆਂ ਚਾਹੀਦੀਆਂ ਹਨ।

ਨਦੀਨਾਂ ਦੀ ਰੋਕਥਾਮ: ਬੀਜ ਉਗਣ ਤੋਂ 4 ਅਤੇ 8 ਹਫ਼ਤਿਆਂ ਪਿੱਛੋਂ ਗੋਡੀ ਕਰਕੇ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖੋ । ਮਟਰਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਤਾਕਤ (ਪੈਂਡੀਮੈਥਾਲਿਨ) ਇੱਕ ਲਿਟਰ ਜਾਂ ਐਫ਼ਾਲੋਨ 50 ਤਾਕਤ (ਲੀਨੂਰੋਨ) 500 ਗ੍ਰਾਮ ਪ੍ਰਤੀ ਏਕੜ, ਨਦੀਨ ਉਗਣ ਤੋਂ ਪਹਿਲਾਂ ਬਿਜਾਈ ਤੋਂ ਦੋ ਦਿਨਾਂ ਦੇ ਵਿੱਚ ਵਰਤੋ । ਨਦੀਨ ਨਾਸ਼ਕ ਨੂੰ 150 ਤੋਂ 200 ਲਿਟਰ ਪਾਣੀ ਵਿੱਚ ਘੋਲ ਲਵੋ ਅਤੇ ਖੇਤ ਵਿੱਚ ਇੱਕਸਾਰ ਛਿੜਕਾਅ ਕਰੋ। ਇਹ ਨਦੀਨ ਨਾਸ਼ਕ ਚੌੜੇ ਪੱਤੇ ਵਾਲੇ ਤੇ ਘਾਹ ਵਾਲੇ ਨਦੀਨ, ਜਿਨ੍ਹਾਂ ਵਿੱਚ ਗੁੱਲੀ ਡੰਡਾ ਆਦਿ ਸ਼ਾਮਲ ਹਨ, ਉਤੇ ਕਾਬੂ ਪਾ ਸਕਦੇ ਹਨ ।

ਸਿੰਚਾਈ: ਬਿਜਾਈ ਠੀਕ ਵੱਤਰ ਵਿੱਚ ਕਰੋ। ਪਹਿਲਾ ਪਾਣੀ ਬਿਜਾਈ ਤੋਂ 15-20 ਦਿਨ ਬਾਅਦ ਲਾਉ। ਅਗਲਾ ਪਾਣੀ ਫੁੱਲ ਆਉਣ ਤੇ ਅਤੇ ਫਿਰ ਅਗਲਾ ਫ਼ਲ ਪੈਣ ’ਤੇ ਜੇ ਜ਼ਰੂਰਤ ਹੋਵੇ ਤਾਂ ਲਾਓ । ਮਟਰ ਦੀ ਫ਼ਸਲ ਬਰਾਨੀ ਹਾਲਤਾਂ ਵਿੱਚ ਵੀ ਘੱਟ ਸਿੰਚਾਈਆਂ ਨਾਲ ਉਗਾਈ ਜਾ ਸਕਦੀ ਹੈ। ਜ਼ਮੀਨ ਦੀ ਕਿਸਮ ਅਤੇ ਮੌਸਮ ਮੁਤਾਬਕ ਕੁੱਲ 3-4 ਪਾਣੀਆਂ ਦੀ ਲੋੜ ਹੈ

ਕੀੜੇ: ਥਰਿੱਪ (ਜੂੰ) ਕੀੜਾ ਰਸ ਚੂਸ ਕੇ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ।

ਹਮਲਾ ਹੋਣ ਦੀ ਸੂਰਤ ਵਿੱਚ 400 ਮਿਲੀਲਿਟਰ ਰੋਗਰ 30 ਈਸੀ(ਡਾਈਮੈਥੋਏਟ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਲੋੜ ਪੈਣ ’ਤੇ ਇਕ ਛਿੜਕਾਅ 15 ਦਿਨਾਂ ਪਿੱਛੋਂ ਹੋਰ ਕਰੋ ।

ਮਟਰਾਂ ਦੇ ਸੁਰੰਗੀ ਕੀੜੇ ਦੀਆਂ ਸੁੰਡੀਆਂ ਪੱਤਿਆਂ ਵਿੱਚ ਸੁਰੰਗਾਂ ਬਣਾ ਲੈਂਦੀਆਂ ਅਤੇ ਪੱਤੇ ਨੂੰ ਅੰਦਰੋਂ ਖਾਂਦੀਆਂ ਹਨ। ਦਸੰਬਰ ਤੋਂ ਮਾਰਚ ਦੌਰਾਨ ਇਹ ਬਹੁਤ ਨੁਕਸਾਨ ਕਰਦੇ ਹਨ। ਚੇਪਾ ਵੀ ਰਸ ਚੂਸਦਾ ਹੈ ਇਨ੍ਹਾਂ ਦੀ ਰੋਕਥਾਮ ਲਈ ਵੀ ਉਹੀ ਵਿਧੀ ਅਪਣਾਉ ਜੋ ਥਰਿੱਪ ਦੀ ਰੋਕਥਾਮ ਵਾਸਤੇ ਦੱਸੀ ਗਈ ਹੈ। ਕਈ ਵਾਰ ਅਗੇਤੀ ਬੀਜੀ ਫਸਲ ’ਤੇ ਤਣੇ ਦੀ ਮੱਖੀ ਦਾ ਹਮਲਾ ਹੋ ਜਾਂਦਾ ਹੈ ਜ ਇਸ ਦੇ ਬਚਾਅ ਲਈ ਬਿਜਾਈ ਸਮੇ ਸਿਆੜਾਂ ਵਿਚ 3 ਕਿਲੋ ਥਿਮਟ 10 ਜੀ ਜਾਂ 10 ਕਿਲੋ ਫੂਰਾਡਾਨ 3 ਜੀ ਦਾਣੇਦਾਰ ਦਵਾਈ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ।



ਚਿੱਟਾ ਰੋਗ: ਇਸ ਰੋਗ ਨਾਲ ਚਿੱਟੇ ਆਟੇ ਵਰਗੇ ਧੱਬੇ ਪੌਦਿਆਂ ਦੇ ਤਣਿਆਂ, ਸ਼ਾਖਾਂ, ਪੱਤਿਆਂ ਅਤੇ ਫ਼ਲੀਆਂ ਉਤੇ ਪੈਦਾ ਹੋ ਜਾਦੇ ਹਨ। ਪੰਜਾਬ ਵਿੱਚ ਚਿੱਟਾ ਰੋਗ ਆਮ ਤੌਰ ’ਤੇ ਅੱਧ ਫਰਵਰੀ ਤੋਂ ਮਾਰਚ ਵਿੱਚ ਆਉਂਦਾ ਹੈ ਜਦ ਫਸਲ ਖ਼ਤਮ ਹੋਣ ਨੇੜੇ ਹੁੰਦੀ ਹੈ ਜਿਸ ਕਰਕੇ ਝਾੜ ਦਾ ਨੁਕਸਾਨ ਨਹੀਂ ਹੁੰਦਾ। ਇੱਕ ਏਕੜ ਫ਼ਸਲ ਉਤੇ 80 ਮਿਲੀਲਿਟਰ ਕੈਰਾਥੇਨ 40 ਤਾਕਤ ਜਾਂ 600 ਗ੍ਰਾਮ ਸਲਫ਼ੈਕਸ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਤਿੰਨ ਛਿੜਕਾਅ 10 ਦਿਨਾਂ ਦੇ ਵਕਫ਼ੇ ’ਤੇ ਕਰੋ। ਬੀਜ ਨੂੰ ਬੀਜਣ ਤੋਂ ਪਹਿਲਾਂ ਇੱਕ ਗ੍ਰਾਮ ਬਾਵਿਸਟਨ ਜਾਂ 2 ਗ੍ਰਾਮ ਕੈਪਟਾਨ ਜਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ+1 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ ।

×ਸਬਜ਼ੀ ਵਿਗਿਆਨ ਵਿਭਾਗ, ਪੀਏਯੂ, ਲੁਧਿਆਣਾ।

## ਸੰਪਾਦਕੀ

# ਸਿੱਖਿਆ ਦੇ ਰੈਗੂਲੇਟਰੀ ਢਾਂਚੇ ਦੀ ਇੱਕ ਗੰਭੀਰ ਖ਼ਾਮੀ ਉਜਾਗਰ

ਉੱਤਰ ਪ੍ਰਦੇਸ਼ ਦੇ ਈਟਾਹ ਜ਼ਿਲ੍ਹੇ ਵਿੱਚ ਕਥਿਤ ਤੌਰ ’ਤੇ ਚੱਲ ਰਹੇ ਇੱਕ ਫਰਜ਼ੀ ਮੈਡੀਕਲ ਕਾਲਜ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਦਖ਼ਲ ਨੇ ਸਿੱਖਿਆ ਦੇ ਰੈਗੂਲੇਟਰੀ ਢਾਂਚੇ ਦੀ ਇੱਕ ਗੰਭੀਰ ਖ਼ਾਮੀ ਉਜਾਗਰ ਕੀਤੀ ਹੈ। ਰਿਪੋਰਟਾਂ ਅਨੁਸਾਰ ਈਟਾਹ ਵਿੱਚ ਖੰਡਰ ਬਣੇ ਇੱਕ ਫਾਰਮ ਹਾਊਸ ਤੋਂ ਚਲਾਏ ਜਾ ਰਹੇ ਇਸ ਅਦਾਰੇ ਦਾ ਚੇਅਰਮੈਨ ਇੱਕ ਚਾਹ ਵੇਚਣ ਵਾਲਾ ਸੀ ਅਤੇ ਇਹ ਅਦਾਰਾ ਵਿਦਿਆਰਥੀਆਂ ਤੋਂ ਪੈਸੇ ਠੱਗ ਕੇ ਮੈਡੀਕਲ ਤੇ ਸਿਹਤ ਸੰਭਾਲ ਨਾਲ ਸਬੰਧਿਤ ਕੋਰਸ ਕਰਵਾ ਰਿਹਾ ਸੀ। ਅਜਿਹਾ ਅਦਾਰਾ ਬਿਨਾਂ ਕਿਸੇ ਦੀ ਨਜ਼ਰ ਵਿੱਚ ਆਇਆਂ ਇੰਨਾ ਚਿਰ ਕਿਵੇਂ ਚੱਲਦਾ ਰਿਹਾ ? ਸੁਪਰੀਮ ਕੋਰਟ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਅਤੇ ਹੋਰ ਰੈਗੂਲੇਟਰੀ ਅਥਾਰਿਟੀਆਂ ਨੂੰ ਐਡਵਾਈਜ਼ਰੀ ਜਾਰੀ ਕੀਤੇ ਜਾਣ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਗ਼ੈਰ-ਮਾਨਤਾ ਪ੍ਰਾਪਤ ਅਦਾਰਿਆਂ ਵਿੱਚ ਦਾਖ਼ਲਾ ਲੈਣ ਤੋਂ ਸੁਚੇਤ ਕੀਤਾ ਜਾ ਸਕੇ। ਕੇਂਦਰ ਸਰਕਾਰ ਨੂੰ ਵੀ ਹਦਾਇਤ ਦਿੱਤੀ ਗਈ ਹੈ ਕਿ ਉਹ ਸਬੰਧਿਤ ਸੰਸਥਾਵਾਂ ਤੱਕ ਇਹ ਨਿਰਦੇਸ਼ ਪਹੁੰਚਾਏ ਅਤੇ ਇਨ੍ਹਾਂ ਦੀ ਪਾਲਣਾ ਦੀ ਨਿਗਰਾਨੀ ਯਕੀਨੀ ਬਣਾਏ।

ਇਹ ਕਦਮ ਬਹੁਤ ਜ਼ਰੂਰੀ ਹਨ, ਪਰ ਕੋਈ ਘੁਟਾਲਾ ਸਾਹਮਣੇ ਆਉਣ ਤੋਂ ਬਾਅਦ ਜਾਰੀ ਕੀਤੀਆਂ ਚਿਤਾਵਨੀਆਂ ਕਦੇ ਵੀ ਪ੍ਰਭਾਵਸ਼ਾਲੀ ਨਿਗਰਾਨੀ ਦਾ ਬਦਲ ਨਹੀਂ ਹੋ ਸਕਦੀਆਂ। ਵਿਦਿਆਰਥੀ ਅਤੇ ਉਨ੍ਹਾਂ ਦੇ ਪਰਿਵਾਰ ਪੇਸ਼ੇਵਰ ਯੋਗਤਾ ਹਾਸਲ ਕਰਨ ਦੀ ਆਸ ਵਿੱਚ ਆਪਣੀ ਸਾਲਾਂ ਦੀ ਕਮਾਈ ਲਗਾ ਦਿੰਦੇ ਹਨ ਅਤੇ ਅਕਸਰ ਭਾਰੀ ਕਰਜ਼ੇ ਲੈਂਦੇ ਹਨ। ਬਾਅਦ ਵਿੱਚ ਇਹ ਪਤਾ ਲੱਗਣਾ ਕਿ ਕੋਰਸ ਹੀ ਫਰਜ਼ੀ ਹੈ, ਵਿਦਿਆਰਥੀਆਂ ਦੇ ਭਵਿੱਖ ਨੂੰ ਤਬਾਹ ਕਰ ਸਕਦਾ ਹੈ ਅਤੇ ਪਰਿਵਾਰਾਂ ਨੂੰ ਆਰਥਿਕ ਤੌਰ ’ਤੇ ਕੰਗਾਲ ਕਰ ਸਕਦਾ ਹੈ। ਇਸ ਤੋਂ ਇਲਾਵਾ ਸਿਹਤ ਸੰਭਾਲ ਦੇ ਖੇਤਰ ਵਿੱਚ ਅਧੂਰੀ ਜਾਂ ਫਰਜ਼ੀ ਸਿਖਲਾਈ ਵਾਲੇ ਵਿਅਕਤੀਆਂ ਦਾ ਆਉਣਾ ਮਰੀਜ਼ਾਂ ਦੀ ਜਾਨ ਲਈ ਵੱਡਾ ਖ਼ਤਰਾ ਬਣ ਸਕਦਾ ਹੈ।

ਸਾਡਾ ਰੈਗੂਲੇਟਰੀ ਢਾਂਚਾ ਯੂਨੀਵਰਸਿਟੀਆਂ ਅਤੇ ਪੇਸ਼ੇਵਰ ਕੋਰਸਾਂ ਲਈ ਜ਼ਿੰਮੇਵਾਰ ਵੱਖ-ਵੱਖ ਅਥਾਰਿਟੀਆਂ ਵਿੱਚ ਵੰਡਿਆ ਹੋਇਆ ਹੈ। ਇਹ ਵੰਡ ਨਿਗਰਾਨੀ ਦੀਆਂ ਖ਼ਾਮੀਆਂ ਨੂੰ ਛੁਪਾਉਣ ਦਾ ਬਹਾਨਾ ਨਹੀਂ ਬਣਨੀ ਚਾਹੀਦੀ। ਇੱਕ ਕੇਂਦਰੀਕ੍ਰਿਤ ਅਤੇ ਆਮ ਲੋਕਾਂ ਦੀ ਪਹੁੰਚ ਵਾਲਾ ਪੋਰਟਲ ਹੋਣਾ ਚਾਹੀਦਾ ਹੈ, ਜਿਸ ਰਾਹੀਂ ਵਿਦਿਆਰਥੀ ਕਿਸੇ ਵੀ ਅਦਾਰੇ ਦੀ ਸਰਕਾਰੀ ਮਾਨਤਾ, ਕੋਰਸ ਦੀ ਮਨਜ਼ੂਰੀ, ਯੂਨੀਵਰਸਿਟੀ ਨਾਲ ਜੁੜੇ ਹੋਣ ਤੇ ਇਸ ਤੋਂ ਮਾਨਤਾ ਪ੍ਰਾਪਤ ਹੋਣ ਅਤੇ ਪੇਸ਼ੇਵਰ ਯੋਗਤਾਵਾਂ ਪ੍ਰਦਾਨ ਕਰਨ ਦੀ ਸਮਰੱਥਾ ਬਾਰੇ ਆਸਾਨੀ ਨਾਲ ਪਤਾ ਲਗਾ ਸਕਣ। ਨਿਯਮਿਤ ਨਿਰੀਖਣ, ਸ਼ਿਕਾਇਤਾਂ ਦੀ ਤੁਰੰਤ ਜਾਂਚ ਅਤੇ ਫਰਜ਼ੀ ਅਦਾਰਿਆਂ ਖ਼ਿਲਾਫ਼ ਸਖ਼ਤ ਕਾਰਵਾਈ ਬੇਹੱਦ ਲਾਜ਼ਮੀ ਹੈ। ਸ਼ਿਕਾਇਤਾਂ ਨੂੰ ਅਣਗੌਲਿਆਂ ਕੀਤੇ ਜਾਣ ਜਾਂ ਨਿਰੀਖਣ ਵਿੱਚ ਲਾਪਰਵਾਹੀ ਵਰਤੇ ਜਾਣ ਦੇ ਸਬੂਤ ਮਿਲਣ ਦੀ ਸੂਰਤ ਵਿੱਚ ਸਬੰਧਿਤ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ। ਇਸ ਧੋਖਾਧੜੀ ਵਿੱਚ ਫਸੇ ਵਿਦਿਆਰਥੀਆਂ ਨੂੰ ਸਮੇਂ ਸਿਰ ਜਾਣਕਾਰੀ ਅਤੇ ਵਿਹਾਰਕ ਮਦਦ ਦਿੱਤੀ ਜਾਣੀ ਚਾਹੀਦੀ ਹੈ, ਜਿਸ ਵਿੱਚ ਕਾਨੂੰਨੀ ਅਤੇ ਅਕਾਦਮਿਕ ਤੌਰ ’ਤੇ ਸੰਭਵ ਹੋਣ ਦੀ ਸੂਰਤ ਵਿੱਚ ਉਨ੍ਹਾਂ ਦੇ ਤਬਾਦਲੇ (ਟਰਾਂਸਫਰ) ਦੀ ਸਹੂਲਤ ਵੀ ਸ਼ਾਮਿਲ ਹੋਵੇ। ਪ੍ਰਸ਼ਾਸਨ ਦਾ ਮਕਸਦ ਸਿਰਫ਼ ਧੋਖਾਧੜੀ ਵਾਪਰਨ ਤੋਂ ਬਾਅਦ ਕਾਰਵਾਈ ਕਰਨਾ ਨਹੀਂ ਸਗੋਂ ਵਿਦਿਆਰਥੀਆਂ ਦਾ ਨੁਕਸਾਨ ਹੋਣ ਤੋਂ ਪਹਿਲਾਂ ਹੀ ਇਸ ਨੂੰ ਰੋਕਣਾ ਹੋਣਾ ਚਾਹੀਦਾ ਹੈ।

# ਪਰਾਲੀ ਨੂੰ ਅੱਗ ਲਾਉਣ ਵਾਲੇ ਪੰਜ ਕਿਸਾਨਾਂ ਖ਼ਿਲਾਫ਼ ਪਰਚੇ ਦਰਜ



**ਖਡੂਰ ਸਾਹਿਬ,18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਜ਼ਿਲ੍ਹਾ ਤਰਨ ਤਾਰਨ ਪ੍ਰਸ਼ਾਸਨ ਅਤੇ ਖੇਤੀਬਾੜੀ ਵਿਭਾਗ ਵੱਲੋਂ ਸਖ਼ਤ ਕਦਮ ਚੁੱਕੇ ਜਾ ਰਹੇ ਹਨ।

ਇਸੇ ਤਹਿਤ ਬਲਾਕ ਖਡੂਰ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੇ ਮਾਮਲਿਆਂ ਵਿੱਚ ਪੰਜ ਕਿਸਾਨਾਂ ਖ਼ਿਲਾਫ਼ ਸਬੰਧਤ ਪੁਲਿਸ ਥਾਣਿਆਂ ਵਿੱਚ ਪਰਚੇ ਦਰਜ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਉਪ ਮੰਡਲ ਮੈਜਿਸਟਰੇਟ ਖਡੂਰ ਸਾਹਿਬ ਸੰਜੀਵ ਸ਼ਰਮਾ ਦੀ ਅਗਵਾਈ ਹੇਠ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਦੇ ਨਾਲ-ਨਾਲ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਤਰਨ ਤਾਰਨ ਡਾ. ਤੇਜਬੀਰ ਸਿੰਘ ਭੰਗੂ ਵੱਲੋਂ ਵੀ ਕਿਸਾਨਾਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਥਾਣਾ ਵੈਰੋਵਾਲ ਅਧੀਨ ਪਿੰਡ ਬਿਹਾਰੀਪੁਰ ਦੇ ਅਜੇਪਾਲ ਪੁੱਤਰ ਇੰਦਰ ਸਿੰਘ ਅਤੇ ਪਿੰਡ ਤਖਤੂ ਚੱਕ ਦੇ ਲਵਜੀਤ ਸਿੰਘ ਪੁੱਤਰ ਇੰਦਰਜੀਤ ਸਿੰਘ ਖ਼ਿਲਾਫ਼ ਪਰਚੇ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ ਥਾਣਾ ਗੋਇੰਦਵਾਲ ਸਾਹਿਬ ਅਧੀਨ ਪਿੰਡ ਭਰੋਵਾਲ ਦੇ ਸਤਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਅਤੇ ਸੇਵਾ ਸਿੰਘ ਪੁੱਤਰ ਨਾਜਰ ਸਿੰਘ, ਜਦਕਿ ਪਿੰਡ ਚੰਬਾ ਖੁਰਦ ਦੇ ਸੁਖਜਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ ਖ਼ਿਲਾਫ਼ ਵੀ ਪਰਾਲੀ ਸਾੜਨ ਦੇ ਮਾਮਲਿਆਂ ਵਿੱਚ ਪਰਚੇ ਦਰਜ ਕੀਤੇ ਗਏ ਹਨ।

ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਪਰਾਲੀ ਸਾੜਨ ’ਤੇ ਰੋਕ ਅਤੇ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਦੇ ਮੱਦੇਨਜ਼ਰ ਕਾਰਵਾਈ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

# ਘਰੇਲੂ ਕਲੇਸ਼ ਦੀ ਭੇਟ ਚੜ੍ਹੀਆਂ ਦੋ ਜ਼ਿੰਦਗੀਆਂ, ਜ਼ਹਿਰੀਲੀ ਵਸਤੂ ਨਿਗਲਣ ਕਾਰਨ ਪਿਓ-ਪੁੱਤ ਦੀ ਮੌਤ

**ਜੈਤੋ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਚੰਦਭਾਨ ਵਿੱਚ ਜਾਇਦਾਦ ਦੇ ਵਿਵਾਦ ਦੌਰਾਨ ਕਥਿਤ ਤੌਰ ’ਤੇ ਜ਼ਹਿਰੀਲੀ ਵਸਤੂ ਨਿਗਲਣ ਕਾਰਨ ਸਾਬਕਾ ਫ਼ੌਜੀ ਪਿਓ ਅਤੇ ਉਸ ਦੇ ਜਵਾਨ ਪੁੱਤਰ ਦੀ ਮੌਤ ਹੋ ਗਈ। ਇਸ ਦੁਖਦਾਈ ਘਟਨਾ ਕਾਰਨ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ।

ਮ੍ਰਿਤਕਾਂ ਦੀ ਪਛਾਣ ਸਾਬਕਾ ਫ਼ੌਜੀ ਹਰਪਾਲ ਰਾਮ (70) ਅਤੇ ਉਸ ਦੇ ਪੁੱਤਰ ਸੁਖਵਿੰਦਰ ਸਿੰਘ ਉਰਫ਼ ਸੋਨੂੰ (22) ਵਜੋਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੋਵਾਂ ਵਿਚਕਾਰ ਜਾਇਦਾਦ ਆਪਣੇ ਨਾਂ ਕਰਵਾਉਣ ਨੂੰ ਲੈ ਕੇ ਅਕਸਰ ਤਕਰਾਰ ਹੁੰਦੀ ਰਹਿੰਦੀ ਸੀ। ਦੱਸਿਆ ਜਾਂਦਾ ਹੈ ਕਿ ਬੀਤੀ ਰਾਤ ਵੀ ਇਸੇ ਮਾਮਲੇ ਨੂੰ ਲੈ ਕੇ ਝਗੜਾ ਹੋਇਆ। ਇਸ ਦੌਰਾਨ ਹਰਪਾਲ ਰਾਮ ਨੇ ਘਰ ਵਿੱਚ ਪਈ ਜ਼ਹਿਰੀਲੀ ਵਸਤੂ ਨਿਗਲ ਲਈ। ਪਿਤਾ ਨੂੰ ਅਜਿਹਾ ਕਰਦਿਆਂ ਦੇਖ ਕੇ ਪਰਿਵਾਰਕ ਮੈਂਬਰਾਂ ਵੱਲੋਂ ਰੋਕਣ ਦੇ ਬਾਵਜੂਦ ਸੋਨੂੰ ਨੇ ਵੀ ਜ਼ਹਿਰੀਲੀ ਵਸਤੂ ਨਿਗਲ ਲਈ।

ਦੋਵਾਂ ਦੀ ਹਾਲਤ ਵਿਗੜਨ ’ਤੇ ਉਨ੍ਹਾਂ ਨੂੰ ਇਲਾਜ ਲਈ ਬਠਿੰਡਾ ਦੇ ਨਿੱਜੀ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਦੋਵਾਂ ਦੀ ਮੌਤ ਹੋ ਗਈ। ਥਾਣਾ ਜੈਤੋ ਦੇ ਮੁਖੀ ਇੰਸਪੈਕਟਰ ਨਵਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਪੋਸਟਮਾਰਟਮ ਕਰਵਾਉਣ ਉਪਰੰਤ ਧਾਰਾ 174 ਤਹਿਤ ਕਾਰਵਾਈ ਕੀਤੀ ਗਈ ਹੈ।

ਦੋਵਾਂ ਪਿਓ-ਪੁੱਤ ਦਾ ਪਿੰਡ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਘਟਨਾ ਕਾਰਨ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਵਿੱਚ ਸੋਗ ਦਾ ਮਾਹੌਲ ਹੈ।

# ਰਾਏ ਕੇ ਕਲਾਂ ਵਿਖੇ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਆਯੋਜਿਤ



**ਬਠਿੰਡਾ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਡਾ. ਹਰਪ੍ਰੀਤਪਾਲ ਕੌਰ ਦੀ ਅਗਵਾਈ ਹੇਠ ਬਲਾਕ ਸੰਗਤ ਦੇ ਪਿੰਡ ਰਾਏ ਕੇ ਕਲਾਂ ਵਿਖੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਅਤੇ ਹਾੜ੍ਹੀ ਦੀਆਂ ਫ਼ਸਲਾਂ ਦੀ ਆਧੁਨਿਕ ਕਾਸ਼ਤ ਸਬੰਧੀ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਖੇਤੀਬਾੜੀ ਵਿਕਾਸ ਅਫ਼ਸਰ ਡਾ. ਦਿਲਪ੍ਰੀਤ ਸਿੰਘ ਨੇ ਕਿਸਾਨਾਂ ਦਾ ਸਵਾਗਤ ਕਰਦਿਆਂ ਖੇਤੀਬਾੜੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਕਿਸਾਨ-ਪੱਖੀ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਖੇਤੀਬਾੜੀ ਵਿਕਾਸ ਅਫ਼ਸਰ ਡਾ. ਰਮਨਦੀਪ ਕੌਰ ਨੇ ਮਿੱਟੀ ਅਤੇ ਪਾਣੀ ਦੀ ਪਰਖ ਦੀ ਮਹੱਤਤਾ ਬਾਰੇ ਦੱਸਦਿਆਂ ਕਿਸਾਨਾਂ ਨੂੰ ਪਰਖ ਰਿਪੋਰਟ ਦੇ ਆਧਾਰ ’ਤੇ ਖਾਦਾਂ ਦੀ ਸੰਤੁਲਿਤ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਡਾ. ਯਾਦਵੀਰ ਕੌਰ ਨੇ ਕਣਕ ਦੀ ਸੁਚੱਜੀ ਬਿਜਾਈ, ਪ੍ਰਮਾਣਿਤ ਬੀਜਾਂ ਦੀ ਚੋਣ ਅਤੇ ਫ਼ਸਲ ਨੂੰ ਬਿਮਾਰੀਆਂ ਤੋਂ ਬਚਾਉਣ ਦੇ ਨੁਕਤੇ ਸਾਂਝੇ ਕੀਤੇ, ਜਦਕਿ ਡਾ. ਜਸਵਿੰਦਰ ਕੌਰ ਨੇ ਸਰ੍ਹੋਂ ਦੀ ਉੱਨਤ ਕਾਸ਼ਤ ਅਤੇ ਕੀੜੇ-ਮਕੌੜਿਆਂ ਦੀ ਰੋਕਥਾਮ ਬਾਰੇ ਤਕਨੀਕੀ ਜਾਣਕਾਰੀ ਦਿੱਤੀ।

ਡਾ. ਵਿੱਕੀ ਕੁਮਾਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਖੇਤੀਬਾੜੀ ਮਸ਼ੀਨਰੀ ਦੀ ਸਹੀ ਵਰਤੋਂ ਰਾਹੀਂ ਪਰਾਲੀ ਦਾ ਖੇਤ ਵਿੱਚ ਹੀ ਸੁਚੱਜਾ ਪ੍ਰਬੰਧਨ ਕੀਤਾ ਜਾ ਸਕਦਾ ਹੈ, ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਅਤੇ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਬਜਾਏ ਵਿਗਿਆਨਕ ਅਤੇ ਵਾਤਾਵਰਨ-ਪੱਖੀ ਤਰੀਕੇ ਅਪਣਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਬੀ.ਟੀ.ਐੱਮ. ਰਮਨਦੀਪ ਕੌਰ ਨੇ ਕਿਸਾਨਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਲਈ ਕਿਸਾਨ ਆਈ.ਡੀ. ਬਣਵਾਉਣ ਅਤੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਸਬੰਧੀ ਲੋੜੀਂਦੀਆਂ ਹਦਾਇਤਾਂ ਬਾਰੇ ਜਾਣਕਾਰੀ ਦਿੱਤੀ। ਕੈਂਪ ਦੇ ਅੰਤ ਵਿੱਚ ਬਲਾਕ ਖੇਤੀਬਾੜੀ ਅਫ਼ਸਰ ਡਾ. ਮਨੋਜ ਕੁਮਾਰ ਨੇ ਸਮੂਹ ਵਿਸ਼ਿਆਂ ਦਾ ਸਾਰ ਪੇਸ਼ ਕਰਦਿਆਂ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਖੇਤੀ ਕਰਨ ਦੀ ਸਲਾਹ ਦਿੱਤੀ।

ਕੈਂਪ ਦੌਰਾਨ ਸਰਕਲ ਇੰਚਾਰਜ ਮੈਡਮ ਰਵਨੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਜਾਗਰੂਕਤਾ ਕੈਂਪ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ, ਫ਼ਸਲਾਂ ਦੀ ਆਧੁਨਿਕ ਕਾਸ਼ਤ ਅਤੇ ਸਰਕਾਰੀ ਖੇਤੀਬਾੜੀ ਯੋਜਨਾਵਾਂ ਬਾਰੇ ਜਾਗਰੂਕ ਕਰਕੇ ਟਿਕਾਊ ਅਤੇ ਵਾਤਾਵਰਨ-ਪੱਖੀ ਖੇਤੀ ਨੂੰ ਉਤਸ਼ਾਹਿਤ ਕਰਨਾ ਸੀ।

# ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵਿਰੁੱਧ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ



**ਅੰਮ੍ਰਿਤਸਰ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਜਾਤੀ ਆਧਾਰਿਤ ਵਿਤਕਰੇ ਦੇ ਦੋਸ਼ ਲਗਾਉਣ ਅਤੇ ਸਿੱਖ ਸੰਸਥਾ ਖਿਲਾਫ ਵਰਤੀ ਗਈ ਇਤਰਾਜ਼ਯੋਗ ਸ਼ਬਦਾਵਲੀ ਨੂੰ ਲੈ ਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਵੱਲੋਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਦੇ ਕੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਹ ਸਕਾਇਤ ਅੱਜ ਸ੍ਰੀ ਦਰਬਾਰ ਸਾਹਿਬ ਦੇ ਜਰਨਲ ਮੈਨੇਜਰ ਸ. ਮੇਜਰ ਸਿੰਘ ਦੀ ਅਗਵਾਈ ਹੇਠ ਸ੍ਰੀ ਦਰਬਾਰ ਸਾਹਿਬ ਦੇ ਅਧਿਕਾਰੀਆਂ ਵੱਲੋਂ ਦਰਜ਼ ਕਰਵਾਈ ਗਈ।

ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਵਿਧਾਇਕ ਵੱਲੋਂ ਲਗਾਏ ਗਏ ਦੋਸ਼ ਤੱਥਾਂ ਦੇ ਉਲਟ ਹਨ ਅਤੇ ਇਨ੍ਹਾਂ ਰਾਹੀਂ ਸਿੱਖ ਸੰਸਥਾਵਾਂ ਦੇ ਅਕਸ ਨੂੰ ਢਾਹ ਲਾਉਣ ਦੇ ਨਾਲ-ਨਾਲ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ।

ਸ਼ਿਕਾਇਤ ਅਨੁਸਾਰ, ਵਿਧਾਇਕ ਨੂੰ ਸਕੱਤਰੇਤ ਵਿਖੇ ਦਾਖ਼ਲ ਹੋਣ ਤੋਂ ਰੋਕਣ ਦਾ ਕਾਰਨ ਜਾਤੀ ਨਹੀਂ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸਿੱਖ ਸੰਸਥਾ ਪ੍ਰਤੀ ਉਨ੍ਹਾਂ ਵੱਲੋਂ ਪਹਿਲਾਂ ਕੀਤੀਆਂ ਗਈਆਂ ਕਥਿਤ ਇਤਰਾਜ਼ਯੋਗ ਅਤੇ ਅਪਮਾਨਜਨਕ ਟਿੱਪਣੀਆਂ ਸਨ। ਪ੍ਰਬੰਧਕਾਂ ਨੇ ਸਪੱਸ਼ਟ ਕੀਤਾ ਹੈ ਕਿ ਸਿੱਖ ਧਰਮ ਜਾਤ-ਪਾਤ, ਊਚ-ਨੀਚ ਅਤੇ ਵਿਤਕਰੇ ਨੂੰ ਰੱਦ ਕਰਦਾ ਹੈ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਸਰਬਸਾਂਝੀਵਾਲਤਾ, ਬਰਾਬਰਤਾ ਅਤੇ ਮਨੁੱਖੀ ਸਤਿਕਾਰ ’ਤੇ ਆਧਾਰਿਤ ਹਨ। ਅਜਿਹੇ ਪਵਿੱਤਰ ਅਸਥਾਨਾਂ ’ਤੇ ਜਾਤੀ ਵਿਤਕਰੇ ਦੇ ਦੋਸ਼ ਲਗਾਉਣਾ ਸਿੱਖ ਸਿਧਾਂਤਾਂ ਦੀ ਅਸਲ ਭਾਵਨਾ ਨੂੰ ਗ਼ਲਤ ਰੂਪ ਵਿੱਚ ਪੇਸ਼ ਕਰਨ ਦੇ ਬਰਾਬਰ ਹੈ।

ਸ਼ਿਕਾਇਤ ਵਿੱਚ ਇਹ ਵੀ ਕਿਹਾ ਗਿਆ ਕਿ ਵਿਧਾਇਕ ਮਨਵਿੰਦਰ ਸਿੰਘ ਵੱਲੋਂ ਮੀਡੀਆ ਅਤੇ ਸੋਸ਼ਲ ਮੀਡੀਆ ’ਤੇ ਦਿੱਤੇ ਬਿਆਨਾਂ ਅਤੇ ਪ੍ਰਸਾਰਿਤ ਵੀਡੀਓਜ਼ ਨਾਲ ਸਿੱਖ ਸੰਸਥਾਵਾਂ, ਉਨ੍ਹਾਂ ਦੇ ਪ੍ਰਬੰਧਕਾਂ ਅਤੇ ਅਹੁਦੇਦਾਰਾਂ ਦੀ ਸਾਖ ਨੂੰ ਨੁਕਸਾਨ ਪਹੁੰਚਣ ਦੇ ਨਾਲ ਸਮਾਜ ਵਿੱਚ ਬੇਲੋੜਾ ਤਣਾਅ ਪੈਦਾ ਹੋਣ ਦਾ ਖ਼ਦਸ਼ਾ ਹੈ।

ਸ਼ਿਕਾਇਤ ਵਿਚ ਇਸ ਤੋਂ ਪਹਿਲਾਂ ਜਾਰੀ ਕੀਤੀਆਂ ਗਈਆਂ ਹੋਰ ਵੀਡੀਓਜ਼ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੀ ਵੀ ਜਾਂਚ ਕਰਨ ਦੀ ਮੰਗ ਕੀਤੀ ਗਈ ਹੈ।

ਪ੍ਰਬੰਧਕਾਂ ਨੇ ਪੁਲਿਸ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਸ਼ਿਕਾਇਤ ਵਿੱਚ ਦਰਜ ਤੱਥਾਂ ਤੇ ਸੰਬੰਧਿਤ ਵੀਡੀਓਜ਼ ਦੀ ਨਿਰਪੱਖ ਜਾਂਚ ਕਰਕੇ ਕਾਨੂੰਨ ਤਹਿਤ ਬਣਦੀ ਕਾਰਵਾਈ ਕੀਤੀ ਜਾਵੇ।

ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜਰ ਸਿੰਘ ਨੇ ਕਿਹਾ ਕਿ ਸਿੱਖ ਸੰਸਥਾਵਾਂ ਬਾਰੇ ਬਿਆਨ ਦੇਣ ਸਮੇਂ ਤੱਥਾਂ ਅਤੇ ਧਾਰਮਿਕ ਭਾਵਨਾਵਾਂ ਦੀ ਸੰਵੇਦਨਸ਼ੀਲਤਾ ਦਾ ਧਿਆਨ ਰੱਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਬੇਬੁਨਿਆਦ ਦੋਸ਼ਾਂ ਜਾਂ ਸਮਾਜਿਕ ਵੰਡ ਪਾਉਣ ਵਾਲੀ ਬਿਆਨਬਾਜ਼ੀ ਤੋਂ ਹਰ ਆਗੂ ਨੂੰ ਸੁਚੇਤ ਰਹਿਣਾ ਚਾਹੀਦਾ ਹੈ।

ਸ਼ਿਕਾਇਤ ਦਰਜ਼ ਕਰਵਾਉਣ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਮੇਜਰ ਸਿੰਘ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ, ਮੈਨੇਜਰ ਸ. ਨਰਿੰਦਰ ਸਿੰਘ ਅਤੇ ਵਧੀਕ ਮੈਨੇਜਰ ਸ. ਗੁਰਵਿੰਦਰ ਸਿੰਘ ਭੋਮਾਂ, ਇੰਚਾਰਜ ਆਈਟੀ ਉਮਕਾਰ ਸਿੰਘ ਵੀ ਮੌਜੂਦ ਸਨ।

# ਜ਼ਿਲ੍ਹਾ ਤਰਨ ਤਾਰਨ ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸਫ਼ਲਤਾਪੂਰਵਕ ਮੁਕੰਮਲ



**ਤਰਨਤਾਰਨ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ ਮ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ (ਐੱਸ.ਆਈ.ਆਰ) ਸਫਲਤਾਪੂਰਵਕ ਮੁਕੰਮਲ ਹੋ ਗਈ ਹੈ ਅਤੇ ਅੰਤਿਮ ਪ੍ਰਕਾਸ਼ਨ ਸਮੇਂ ਜ਼ਿਲ੍ਹੇ ਵਿੱਚ 7,43,377 ਵੋਟਰ ਹਨ।

ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਵੱਲੋਂ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਵੋਟਰ ਸੂਚੀਆਂ ਦਾ ਇਕ-ਇਕ ਸੈੱਟ ਅਤੇ ਸੀ.ਡੀ ਵੀ ਪ੍ਰਦਾਨ ਕੀਤੀ ਗਈ।

ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਰਾਹੁਲ ਨੇ ਦੱਸਿਆ ਕਿ ਘਰ-ਘਰ (ਹਾਊਸ ਟੂ ਹਾਊਸ) ਪੜਾਅ ਵਿੱਚ 74,192 ਵੋਟਰਾਂ ਦੀ ਪਛਾਣ ਗੈਰਹਾਜ਼ਰ, ਸ਼ਿਫਟ, ਡੈੱਡ ਅਤੇ ਡੁਪਲੀਕੇਟ ਵਜੋਂ ਕੀਤੀ ਗਈ ਸੀ ਅਤੇ ਇਸ ਲਈ 13 ਅਗਸਤ, 2026 ਨੂੰ ਪ੍ਰਕਾਸ਼ਿਤ ਡਰਾਫਟ ਵੋਟਰ ਸੂਚੀ ਵਿੱਚ 7,03,161 ਵੋਟਰ ਸਨ।

ਉਨ੍ਹਾਂ ਦੱਸਿਆ ਕਿ ਦਾਅਵਿਆਂ ਅਤੇ ਇਤਰਾਜ਼ਾਂ ਅਤੇ ਨੋਟਿਸਾਂ ਦੇ ਪੜਾਅ ਦੌਰਾਨ 4,032 ਵੋਟਰਾਂ ਨੂੰ ਸੂਚੀਆਂ ਵਿੱਚੋਂ ਹਟਾ ਦਿੱਤਾ ਗਿਆ ਸੀ। ਹਾਲਾਂਕਿ, ਇਸ ਪੜਾਅ ਦੌਰਾਨ ਲੱਗਭਗ 44,248 ਵੋਟਰ ਸ਼ਾਮਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜੇਕਰ ਅਸੀਂ ਵਿਸ਼ੇਸ਼ ਗਹਿਰੀ ਸੁਧਾਈ (ਐੱਸ.ਆਈ.ਆਰ) ਤੋਂ ਪਹਿਲਾਂ ਅਤੇ ਵਿਸ਼ੇਸ਼ ਗਹਿਰੀ ਸੁਧਾਈ (ਐੱਸ.ਆਈ.ਆਰ) ਤੋਂ ਬਾਅਦ ਦੀ ਵੋਟਰ ਸੂਚੀ ਦੀ ਤੁਲਨਾ ਕਰੀਏ ਤਾਂ 33,976 ਵੋਟਰਾਂ ਦਾ ਅੰਤਰ ਹੈ।

ਡਿਪਟੀ ਕਮਿਸ਼ਨਰ ਨੇ ਰਾਜਨੀਤਿਕ ਪਾਰਟੀਆਂ ਦੀ ਸਕਾਰਾਤਮਕ ਭੂਮਿਕਾ ਅਤੇ ਉਨ੍ਹਾਂ ਦੇ ਬੂਥ ਲੈਵਲ ਏਜੰਟਾਂ (ਬੀ. ਐਲ.ਏ) ਦੁਆਰਾ ਦਿੱਤੇ ਗਏ ਸਹਿਯੋਗ ਦੀ ਸ਼ਲਾਘਾ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲਗਾਤਾਰ ਸੋਧ ਅਧੀਨ ਨਵੇਂ ਵੋਟਰ ਫਾਰਮ ਉਨ੍ਹਾਂ ਦੇ ਭਰੇ ਜਾ ਸਕਦੇ ਹਨ, ਜੋ ਨਿਰਧਾਰਤ ਸਮੇਂ ਵਿੱਚ ਯੋਗਤਾ ਪ੍ਰਾਪਤ ਕਰ ਚੁੱਕੇ ਹਨ ਜਾਂ ਯੋਗਤਾ ਪ੍ਰਾਪਤ ਕਰ ਰਹੇ ਹਨ।ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਜ਼ਿਲ੍ਹੇ ਵਿੱਚ ਵਿਸ਼ੇਸ਼ ਗਹਿਰੀ ਸੁਧਾਈ (ਐੱਸ.ਆਈ.ਆਰ) ਪ੍ਰਕਿਰਿਆ ’ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸਦੇ ਸਫਲਤਾਪੂਰਵਕ ਸੰਪੂਰਨ ਹੋਣ ’ਤੇ ਵਧਾਈ ਦਿੱਤੀ।

# ਅਗਨੀਵੀਰ ਆਰਮੀ ਭਰਤੀ ਸਬੰਧੀ ਫਿਜ਼ੀਕਲ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

**ਤਰਨਤਾਰਨ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ, ਪੱਟੀ (ਤਰਨ-ਤਾਰਨ) ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ (ਸੇਵਾਮੁਕਤ) ਗੁਰਦਰਸ਼ਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਨ੍ਹਾਂ ਯੁਵਕਾਂ ਨੇ ਜੂਨ 2026 ਵਿੱਚ ਅਗਨੀਵੀਰ ਜੀ.ਡੀ, ਕਲਰਕ, ਟੈਕਨੀਕਲ ਅਤੇ ਟ੍ਰੇਡਮੈਨ ਦੀ ਦੀ ਲਿਖਤੀ ਪ੍ਰੀਖਿਆ ਦਿੱਤੀ ਸੀ, ਉਸ ਦਾ ਨਤੀਜਾ ਆ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਯੁਵਕ ਲਿਖਤੀ ਪੇਪਰ ਵਿੱਚੋਂ ਪਾਸ ਹੋ ਗਏ ਹਨ ਅਤੇ ਫਿਜ਼ੀਕਲ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ, ਪੱਟੀ ਵਿਖੇ ਰਿਪੋਰਟ ਕਰਨ।

ਉਨ੍ਹਾਂ ਕਿਹਾ ਕਿ ਤਰਨ ਤਾਰਨ ਜਿਲ੍ਹੇ ਦੇ ਯੁਵਕਾਂ ਦੀ ਫਿਜ਼ੀਕਲ ਟੈਸਟ ਦੀ ਟ੍ਰੇਨਿੰਗ ਤਜ਼ਰਬੇਕਾਰ ਸਟਾਫ਼ ਵੱਲੋਂ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਗਨੀਵੀਰ ਆਰਮੀ ਭਰਤੀ ਰੈਲੀ ਮਿਤੀ 19 ਨਵੰਬਰ 2026 ਤੋਂ ਜਲੰਧਰ ਵਿਖੇ ਸ਼ੁਰੂ ਹੋ ਰਹੀ ਹੈ। ਇਸ ਲਈ ਨੌਜਵਾਨ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਉਠਾਉਣ ਅਤੇ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ, ਪੱਟੀ ਵਿਖੇ ਰਿਪੋਰਟ ਕਰਨ। ਉਨ੍ਹਾਂ ਕਿਹਾ ਕਿ ਯੁਵਕ ਸਵੇਰੇ 9:00 ਵਜ੍ਹੇ ਤੋਂ 11:30 ਵਜ਼ੇ ਤੱਕ ਕੈਂਪ ਵਿੱਚ ਪਹੁੰਚ ਕੇ ਐਡਮਿਸ਼ਨ ਕਰਵਾ ਸਕਦੇ ਹਨ ।

ਉਨ੍ਹਾਂ ਕਿਹਾ ਕਿ ਕੈਂਪ ਵਿੱਚ ਆਉਣ ਸਮੇਂ ਆਨਲਾਈਨ ਰਜਿਸਟ੍ਰੇਸ਼ਨ ਦੀ ਇਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਪੰਜਾਬ ਰੈਜ਼ੀਡੈਂਸ ਦੀ ਫੋਟੋ ਕਾਪੀ, ਜਾਤੀ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਆਧਾਰ ਕਾਰਡ ਦੀ ਫੋਟੋ ਕਾਪੀ, ਬੈਂਕ ਖਾਤੇ ਦੀ ਫੋਟੋ ਕਾਪੀ (ਖਾਤਾ ਚਾਲੂ ਹਾਲਤ ਵਿੱਚ ਹੋਵੇ) ਅਤੇ ਇਕ ਪਾਸਪੋਰਟ ਸਾਈਜ਼ ਦੀ ਫੋਟੋ, ਇਕ ਕਾਪੀ, ਇਕ ਪੈੱਨ, ਖਾਣਾ ਖਾਣ ਲਈ ਬਰਤਨ ਅਤੇ ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ ।

ਉਨ੍ਹਾਂ ਕਿਹਾ ਕਿ ਯੁਵਕ ਦੀ ਛਾਤੀ ਬਿਨਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 5 ਫੁੱਟ 7 ਇੰਚ ਹੋਵੇ।

ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਿਹਾਇਸ਼ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਦੀ ਤਿਆਰੀ ਦੀ ਕੋਈ ਵੀ ਫ਼ੀਸ ਨਹੀਂ ਲਈ ਜਾਵੇਗੀ।ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ 94647-56808 ਅਤੇ 98772-01536 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰੈੱਡ ਕਰਾਸ ਸਕੂਲ ਆੱਫ ਵੋਕੇਸ਼ਨਲ ਲਰਨਿੰਗ ਦੇ ਕੰਪਿਊਟਰ ਸੈਂਟਰ ਦੇ 67 ਸਿਖਿਆਰਥੀਆਂ ਨੂੰ ਕੀਤੀ ਗਈ ਆਈ.ਐਸ.ਓ. ਸਰਟੀਫਾਈਡ ਸਰਟੀਫੀਕੇਟਾਂ ਦੀ ਵੰਡ




**ਹੁਸ਼ਿਆਰਪੁਰ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਸ਼੍ਰੀਮਤੀ ਆਸ਼ਿਕਾ ਜੈਨ,ਆਈ.ਏ.ਐਸ. ਜੀ ਦੀ ਯੋਗ ਅਗਵਾਈ ਹੇਠ ਚਲਾਏ ਜਾ ਰਹੇ ਰੈੱਡ ਕਰਾਸ ਸਕੂਲ ਆੱਫ ਵੋਕੇਸ਼ਨਲ ਲਰਨਿੰਗ ਦੇ ਕੰਪਿਊਟਰ ਟ੍ਰੇਨਿੰਗ ਸੈਂਟਰ ਦੇ 67 ਸਿਖਿਆਰਥੀਆਂ ਨੂੰ ਕੋਰਸ ਪੂਰਾ ਹੋਣ ਉਪਰੰਤ ਅੱਜ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕਰਦੇ ਹੋਏ ਸਰਟੀਫਿਕੇਟ ਤਕਸੀਮ ਕੀਤੇ ਗਏ।

ਰੈੱਡ ਕਰਾਸ ਸੁਸਾਇਟੀ ਦੇ ਸਕੱਤਰ, ਸ਼੍ਰੀ ਮੰਗੇਸ਼ ਸੂਦ ਜੀ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਵੰਡੇ ਗਏ ਇਹ ਸਾਰੇ ਸਰਟੀਫਿਕੇਟ ISO ਸਰਟੀਫਾਈਡ ਹਨ, ਜੋ ਕਿ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਲਈ ਪੂਰੀ ਤਰ੍ਹਾਂ ਮਾਨਤਾ ਪ੍ਰਾਪਤ ਹਨ ਅਤੇ ਵਿਦੇਸ਼ ਜਾਣ ਦੇ ਚਾਹਵਾਨ ਵਿਦਿਆਰਥੀਆਂ ਲਈ ਵੀ ਬਹੁਤ ਫਾਇਦੇਮੰਦ ਅਤੇ ਸਹਾਇਕ ਸਾਬਤ ਹੋਣਗੇ। ਉਹਨਾਂ ਨੇ ਸਾਰੇ ਸਫਲ ਵਿਦਿਆਰਥੀਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਉਹਨਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ।

ਵਧੇਰੇ ਜਾਣਕਾਰੀ ਦਿੰਦੇ ਹੋਏ ਸਕੱਤਰ, ਰੈੱਡ ਕਰਾਸ ਜੀ ਦੁਆਰ ਦੱਸਿਆ ਗਿਆ ਕਿ ਰੈੱਡ ਕਰਾਸ ਕੰਪਲੈਕਸ ਵਿੱਚ ਫੈਸ਼ਨ ਡਿਜ਼ਾਈਨਿੰਗ, ਬਿਊਟੀ ਐਂਡ ਵੈਲਨੈੱਸ, ਕੰਪਿਊਟਰ ਕੋਰਸ, ਪੰਜਾਬੀ ਅਤੇ ਅੰਗਰੇਜ਼ੀ ਟਾਈਪਿੰਗ ਸਮੇਤ ਪੰਜਾਬੀ ਸ਼ਾਰਟਹੈਂਡ ਵਰਗੇ ਮਹੱਤਵਪੂਰਨ ਕੋਰਸ ਸ਼ਾਮਲ ਹਨ। ਇਹ ਸਾਰੇ ਕੋਰਸ ਬਹੁਤ ਹੀ ਵਾਜਬ ਅਤੇ ਨਾਮਾਤਰ ਫੀਸਾਂ ’ਤੇ ਉੱਚ ਯੋਗਤਾ ਪ੍ਰਾਪਤ ਅਤੇ ਤਜਰਬੇਕਾਰ ਇੰਸਟ੍ਰਕਟਰਾਂ ਦੁਆਰਾ ਪ੍ਰੈਕਟੀਕਲ ਤਰੀਕੇ ਨਾਲ ਕਰਵਾਏ ਜਾ ਰਹੇ ਹਨ।

ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਜੋ ਆਰਥਿਕ ਪੱਖੋਂ ਕਮਜ਼ੋਰ ਅਤੇ ਲੋੜਵੰਦ ਪਰਿਵਾਰਾਂ ਦੇ ਵਿਦਿਆਰਥੀ ਵੀ ਇਸ ਉੱਚ ਪੱਧਰੀ ਸਿਖਲਾਈ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ ਅਤੇ ਪੈਸੇ ਦੀ ਕਮੀ ਕਾਰਨ ਕੋਈ ਵੀ ਬੱਚਾ ਹੁਨਰ ਸਿੱਖਣ ਤੋਂ ਵਾਂਝਾ ਨਾ ਰਹੇ। ਸੰਸਥਾ ਵਿੱਚ ਹਰ ਸਿਖਿਆਰਥੀ ’ਤੇ ਨਿੱਜੀ ਤੌਰ ’ਤੇ ਧਿਆਨ ਦਿੱਤਾ ਜਾਂਦਾ ਹੈ ਤਾਂ ਜੋ ਉਹ ਆਪਣੇ ਖੇਤਰ ਵਿੱਚ ਮਾਹਿਰ ਬਣ ਸਕਣ।

ਰੈੱਡ ਕਰਾਸ ਸੁਸਾਇਟੀ, ਦੇ ਸੰਯੁਕਤ ਸਕੱਤਰ, ਸ਼੍ਰੀ ਆਦਿਤਯ ਰਾਣਾ ਜੀ ਦੁਆਰਾ ਦੱਸਿਆ ਗਿਆ ਕਿ ਦਾਖਲਾ ਲੈਣ ਦੇ ਚਾਹਵਾਨ ਸਾਰੇ ਉਮੀਦਵਾਰ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ, ਜੱਧਾਮੱਲ ਰੋਡ, ਸੀਵੀਲ ਲਾਈਨਜ, ਸਾਹਮਣੇ ਡਿਜੀਟਲ ਲਾਈਬ੍ਰੇਰੀ, ਹੁਸ਼ਿਆਰਪੁਰ ਵਿਖੇ ਨਿੱਜੀ ਤੌਰ ’ਤੇ ਪਹੁੰਚ ਕੇ ਲੋੜੀਂਦੀ ਜਾਣਕਾਰੀ, ਪ੍ਰਾਪਤ ਕਰ ਸਕਦੇ ਹਨ।

ਇਸ ਤੋਂ ਇਲਾਵਾ, ਜਿਹੜੇ ਉਮੀਦਵਾਰ ਘਰ ਬੈਠੇ ਵਧੇਰੇ ਜਾਣਕਾਰੀ ਜਾਂ ਕਿਸੇ ਵੀ ਕਿਸਮ ਦੀ ਪੁੱਛਗਿੱਛ ਕਰਨਾ ਚਾਹੁੰਦੇ ਹਨ, ਉਹ ਦਫ਼ਤਰ ਦੇ ਅਧਿਕਾਰਤ ਸੰਪਰਕ ਨੰਬਰਾਂ 79737-99983 ਜਾਂ 81462-41296 ’ਤੇ ਵੀ ਵੇਲੇ ਤਾਲਮੇਲ ਕਰ ਸਕਦੇ ਹਨ।

# ਸਰਕਾਰੀ ਸੈਕੰਡਰੀ ਸਕੂਲ ਦੁੱਬਲੀ ਵਿਖੇ ਵਾਤਾਵਰਨ ਤੇ ਪਰਾਲੀ ਪ੍ਰਬੰਧਨ ਮੁਕਾਬਲੇ



**ਤਰਨਤਾਰਨ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਤੇਜਬੀਰ ਸਿੰਘ ਭੰਗੂ ਦੀ ਦੇਖ-ਰੇਖ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਬਲਾਕ ਪੱਟੀ ਵੱਲੋਂ ਸੂਚਨਾ, ਸਿੱਖਿਆ ਤੇ ਪ੍ਰਸਾਰ ਗਤੀਵਿਧੀਆਂ ਤਹਿਤ ਸਰਕਾਰੀ ਸੈਕੰਡਰੀ ਸਕੂਲ ਦੁੱਬਲੀ ਵਿਖੇ ਵਾਤਾਵਰਨ ਅਤੇ ਪਰਾਲੀ ਪ੍ਰਬੰਧਨ ਵਿਸ਼ੇ ’ਤੇ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਵਿਦਿਆਰਥੀਆਂ ਨੇ ਭਾਸ਼ਣ, ਕਵਿਤਾ, ਪੇਂਟਿੰਗ ਅਤੇ ਨੁੱਕੜ ਨਾਟਕ ਰਾਹੀਂ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦਿੱਤਾ।

ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕਰਦਿਆਂ ਬਲਾਕ ਖੇਤੀਬਾੜੀ ਅਫ਼ਸਰ ਪੱਟੀ ਡਾ. ਭੁਪਿੰਦਰ ਸਿੰਘ ਨੇ ਕਿਹਾ ਕਿ ਵਿਦਿਆਰਥੀ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਨੂੰ ਵਾਤਾਵਰਨ ਦੀਆਂ ਸਮੱਸਿਆਵਾਂ ਪ੍ਰਤੀ ਜਾਗਰੂਕ ਹੋ ਕੇ ਇਨ੍ਹਾਂ ਦੇ ਹੱਲ ਲਈ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਮਿੱਟੀ ਵਿੱਚ ਮੌਜੂਦ ਲਾਭਦਾਇਕ ਸੂਖ਼ਮ ਜੀਵਾਂ ਅਤੇ ਮਿੱਤਰ ਕੀਟਾਂ ਦਾ ਨੁਕਸਾਨ ਹੁੰਦਾ ਹੈ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੋਣ ਦੇ ਨਾਲ ਹਾਨੀਕਾਰਕ ਕੀੜਿਆਂ ਦਾ ਪ੍ਰਕੋਪ ਵੀ ਵਧ ਸਕਦਾ ਹੈ। ਇਸ ਕਾਰਨ ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਅਤੇ ਹਵਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਗੰਭੀਰ ਖ਼ਤਰੇ ਪੈਦਾ ਕਰਦੇ ਹਨ।

ਉਨ੍ਹਾਂ ਵਿਦਿਆਰਥੀਆਂ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਵਿਗਿਆਨਕ ਤਰੀਕਿਆਂ ਨਾਲ ਇਸ ਦਾ ਪ੍ਰਬੰਧਨ ਕਰਨ ਅਤੇ ਤਿਉਹਾਰਾਂ ਮੌਕੇ ਬੇਲੋੜੀ ਆਤਿਸ਼ਬਾਜ਼ੀ ਤੋਂ ਗੁਰੇਜ਼ ਕਰਕੇ ਵਾਤਾਵਰਨ ਦੀ ਸੰਭਾਲ ਵਿੱਚ ਯੋਗਦਾਨ ਪਾਉਣ।

ਇਸ ਮੌਕੇ ਖੇਤੀਬਾੜੀ ਵਿਕਾਸ ਅਫ਼ਸਰ ਡਾ. ਪ੍ਰਮਿੰਦਰ ਕੌਰ ਨੇ ਉੱਨਤ ਕਿਸਾਨ ਐਪ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸਾਨ ਇਸ ਰਾਹੀਂ ਖੇਤੀ ਮਸ਼ੀਨਰੀ ਕਿਰਾਏ ’ਤੇ ਲੈਣ ਅਤੇ ਆਪਣੀ ਉਪਲਬਧ ਮਸ਼ੀਨਰੀ ਕਿਰਾਏ ’ਤੇ ਦੇਣ ਦੀ ਸਹੂਲਤ ਪ੍ਰਾਪਤ ਕਰ ਸਕਦੇ ਹਨ।

ਸਕੂਲ ਦੇ ਪ੍ਰਿੰਸੀਪਲ ਹਰਸ਼ਰਨ ਸਿੰਘ ਨੇ ਵਾਤਾਵਰਨ ਦੀ ਸੰਭਾਲ ਲਈ ਸਾਂਝੇ ਯਤਨਾਂ ਦੀ ਲੋੜ ’ਤੇ ਜ਼ੋਰ ਦਿੱਤਾ। ਸਟੇਟ ਐਵਾਰਡੀ ਡਾ. ਇੰਦਰਪ੍ਰੀਤ ਸਿੰਘ ਧਾਮੀ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।

ਇਸ ਮੌਕੇ ਅਧਿਆਪਕ ਸਾਹਿਬਾਨ, ਖੇਤੀਬਾੜੀ ਉਪ-ਨਿਰੀਖਕ ਬਾਜਾ ਸਿੰਘ, ਰਣਜੀਤ ਸਿੰਘ, ਫੀਲਡ ਵਰਕਰ ਦਿਲਬਾਗ ਸਿੰਘ,ਗੁਰਦੇਵ ਸਿੰਘ ਮਾਣਕਪੁਰਾ ਅਤੇ ਹੋਰ ਸਟਾਫ਼ ਮੈਂਬਰ ਮੌਜੂਦ ਸਨ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਪੱਤਰ, ਮੋਮੈਂਟੋ, ਵਾਟਰ ਫਲਾਸਕ ਅਤੇ ਸਾਹਿਤਕ ਸਮੱਗਰੀ ਦੇ ਕੇ ਉਤਸ਼ਾਹਿਤ ਕੀਤਾ ਗਿਆ।

# ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਥੱਪਲ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਬੱਸ ਕੀਤੀ ਰਵਾਨਾ



**ਸ੍ਰੀ ਆਨੰਦਪੁਰ ਸਾਹਿਬ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਿੰਡ ਥੱਪਲ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕੀਤਾ। ਇਸ ਬੱਸ ਰਾਹੀਂ ਕੁੱਲ 48 ਸ਼ਰਧਾਲੂ ਆਪਣੀ ਧਾਰਮਿਕ ਯਾਤਰਾ ਲਈ ਰਵਾਨਾ ਹੋਏ

ਇਸ ਮੌਕੇ ਪਿੰਡ ਵਾਸੀਆਂ ਅਤੇ ਸ਼ਰਧਾਲੂਆਂ ਵਿੱਚ ਖ਼ਾਸ ਉਤਸ਼ਾਹ ਦੇਖਣ ਨੂੰ ਮਿਲਿਆ। ਸ਼ਰਧਾਲੂਆਂ ਨੇ ਇਸ ਉਪਰਾਲੇ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਅਤੇ ਆਪਣੀ ਯਾਤਰਾ ਨੂੰ ਲੈ ਕੇ ਖ਼ੁਸ਼ੀ ਪ੍ਰਗਟਾਈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਮਕਸਦ ਸੂਬੇ ਦੇ ਲੋਕਾਂ ਨੂੰ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨ ਸਾਡੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ ਅਤੇ ਲੋਕਾਂ ਦੀ ਇਨ੍ਹਾਂ ਨਾਲ ਡੂੰਘੀ ਆਸਥਾ ਜੁੜੀ ਹੋਈ ਹੈ।

ਅਜਿਹੀਆਂ ਯੋਜਨਾਵਾਂ ਰਾਹੀਂ ਸ਼ਰਧਾਲੂਆਂ ਨੂੰ ਆਪਣੀ ਸ਼ਰਧਾ ਅਨੁਸਾਰ ਧਾਰਮਿਕ ਯਾਤਰਾ ਕਰਨ ਦਾ ਮੌਕਾ ਮਿਲਦਾ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖ ਧਰਮ ਦਾ ਪ੍ਰਮੁੱਖ ਅਧਿਆਤਮਿਕ ਕੇਂਦਰ ਹੈ, ਜਿੱਥੇ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਪਵਿੱਤਰ ਅਸਥਾਨਾਂ ਦੇ ਦਰਸ਼ਨਾਂ ਲਈ ਦੇਸ਼-ਵਿਦੇਸ਼ ਤੋਂ ਸ਼ਰਧਾਲੂ ਪਹੁੰਚਦੇ ਹਨ। ਉਨ੍ਹਾਂ ਸ਼ਰਧਾਲੂਆਂ ਦੀ ਸੁਖਦ ਅਤੇ ਸੁਰੱਖਿਅਤ ਯਾਤਰਾ ਦੀ ਕਾਮਨਾ ਕੀਤੀ। ਇਸ ਮੌਕੇ ਬਲਾਕ ਪ੍ਰਧਾਨ ਚੰਗਰ ਜ਼ੋਨ ਰਾਜਪਾਲ, ਕੇਸਰ ਸਿੰਘ ਨਾਨੋਵਾਲ, ਮਨਿੰਦਰ ਸਿੰਘ ਰਾਣਾ ਮੀਆਂਪੁਰ, ਮਾਸਟਰ ਸੁਰਿੰਦਰ ਸਿੰਘ, ਕਰਤਾਰ ਸਿੰਘ, ਬੀਪੀਓ ਮਨਜੀਤ ਸਿੰਘ ਮਾਵੀ ਅਤੇ ਸਰਪੰਚ ਹਰਜੀਤ ਕੌਰ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਉਦਯੋਗਿਕ ਪੌਲੀਥੀਨ ਦੇ ਵਿਕਲਪਾਂ 'ਤੇ ਕੰਮ ਕਰਨ ਉਦਮੀ, ਪ੍ਰਦੂਸ਼ਣ ਘਟਾਉਣ ਵਿੱਚ ਦੇਣ ਯੋਗਦਾਨ : ਰਾਵ ਨਰਬੀਰ ਸਿੰਘ

## ਐਮਐਸਐਮਈ ਉਦਮੀਆਂ ਦੀਆਂ ਸਮੱਸਿਆਵਾਂ 'ਤੇ ਉਦਯੋਗ ਅਤੇ ਵਪਾਰ ਮੰਤਰੀ ਨੇ ਲਘੂ ਉਦਯੋਗ ਭਾਰਤੀ ਹਰਿਆਣਾ ਦੇ ਨੁਮਾਇੰਦਿਆਂ ਨਾਲ ਕੀਤੀ ਚਰਚਾ, ਕਿਹਾ: ਸਰਕਾਰ ਉਦਯੋਗਾਂ ਨੂੰ ਨਹੀਂ ਆਉਣ ਦੇਵੇਗੀ ਪਰੇਸ਼ਾਨੀ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਉਦਯੋਗਿਕ ਵਿਕਾਸ ਨੂੰ ਗਤੀ ਦੇਣ ਦੇ ਨਾਲ-ਨਾਲ ਵਾਤਾਵਰਣ ਦੀ ਸੰਭਾਲ ਅਤੇ ਉਦਮੀਆਂ ਦੀਆਂ ਸਮੱਸਿਆਵਾਂ ਦਾ ਹੱਲ ਸਰਕਾਰ ਦੀਆਂ ਪ੍ਰਮੁੱਖ ਤਰਜੀਹਾਂ ਵਿੱਚ ਸ਼ਾਮਲ ਹੈ। ਉਦਯੋਗ ਅਤੇ ਵਪਾਰ ਮੰਤਰੀ ਸ਼੍ਰੀ ਰਾਵ ਨਰਬੀਰ ਸਿੰਘ ਨੇ ਉਦਯੋਗ ਜਗਤ ਨੂੰ ਉਦਯੋਗਿਕ ਪ੍ਰਦੂਸ਼ਣ ਨੂੰ ਘਟਾਉਣ ਅਤੇ ਅਜਿਹੇ ਇੰਡਸਟ੍ਰੀਅਲ ਪੌਲੀਥੀਨ ਦੇ ਵਿਕਲਪਾਂ 'ਤੇ ਕੰਮ ਕਰਨ ਦੀ ਅਪੀਲ ਕੀਤੀ, ਜੋ ਆਸਾਨੀ ਨਾਲ ਨਸ਼ਟ ਨਹੀਂ ਹੁੰਦੇ ਅਤੇ ਪ੍ਰਦੂਸ਼ਣ ਵਧਾਉਂਦੇ ਹਨ। ਉਨ੍ਹਾਂ ਕਿਹਾ ਕਿ ਉਦਯੋਗਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਤਾਵਰਣ ਦੇ ਅਨੁਕੂਲ ਵਿਕਲਪਾਂ ਦੀ ਦਿਸ਼ਾ ਵਿੱਚ ਅੱਗੇ ਵਧਣਾ ਅੱਜ ਸਮੇਂ ਦੀ ਮੰਗ ਹੈ।

ਸ਼੍ਰੀ ਰਾਵ ਨਰਬੀਰ ਸਿੰਘ ਮੰਗਲਵਾਰ ਨੂੰ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ 'ਤੇ ਐਮਐਸਐਮਈ ਖੇਤਰ ਨਾਲ ਜੁੜੇ ਲਘੂ ਉਦਯੋਗ ਭਾਰਤੀ ਦੇ ਉਦਮੀਆਂ ਨਾਲ ਮੀਟਿੰਗ ਕਰ ਰਹੇ ਸਨ। ਮੀਟਿੰਗ ਵਿੱਚ ਉਦਮੀਆਂ ਨੇ ਉਦਯੋਗਿਕ ਪ੍ਰਦੂਸ਼ਣ, ਉਦਯੋਗਿਕ ਪਲਾਟਾਂ ਨਾਲ ਜੁੜੇ ਮੁੱਦਿਆਂ ਅਤੇ ਰਿਹਾਇਸ਼ੀ ਖੇਤਰਾਂ ਵਿੱਚ ਚੱਲ ਰਹੇ ਉਦਯੋਗਾਂ ਦੇ ਸਰਵੇਖਣ ਸਮੇਤ ਵੱਖ-ਵੱਖ ਮੁੱਦੇ ਚੁੱਕੇ ਅਤੇ ਆਪਣੀਆਂ ਸਮੱਸਿਆਵਾਂ ਤੋਂ ਮੰਤਰੀ ਨੂੰ ਜਾਣੂ ਕਰਵਾਇਆ। ਮੰਤਰੀ ਨੇ ਉਦਮੀਆਂ ਨੂੰ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਤਿਆਰ ਹਨ ਅਤੇ ਉਨ੍ਹਾਂ ਨੂੰ ਬਿਨਾਂ ਵਜ੍ਹਾ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਮੀਟਿੰਗ ਵਿੱਚ ਰੋਹਤਕ, ਸੋਨੀਪਤ, ਹਿਸਾਰ, ਭਿਵਾਨੀ, ਯਮੁਨਾਨਗਰ ਸਮੇਤ ਕਈ ਜ਼ਿਲ੍ਹਿਆਂ ਤੋਂ ਲਘੂ ਉਦਯੋਗ ਭਾਰਤੀ ਸੰਗਠਨ ਨਾਲ ਜੁੜੇ ਨੁਮਾਇੰਦੇ ਪਹੁੰਚੇ ਸਨ।

ਉਦਮੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਜ਼ਿਲ੍ਹੇ ਵਿੱਚ ਚਾਰ ਉਦਮੀ ਸਾਥੀ

ਉਦਯੋਗ ਅਤੇ ਵਪਾਰ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਐਮਐਸਐਮਈ ਖੇਤਰ ਨੂੰ ਉਤਸ਼ਾਹਿਤ ਕਰਨ ਅਤੇ ਉਦਮੀਆਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਵਿੱਚ ਸਹੂਲਤ ਦੇਣ ਲਈ ਹਰੇਕ ਜ਼ਿਲ੍ਹੇ ਵਿੱਚ ਚਾਰ-ਚਾਰ ਉਦਮੀ ਸਾਥੀ ਲਗਾਏ ਗਏ ਹਨ। ਇਸ ਦਾ ਮਕਸਦ ਉਦਮੀਆਂ ਨੂੰ ਵਿਭਾਗੀ ਪ੍ਰਕਿਰਿਆਵਾਂ, ਯੋਜਨਾਵਾਂ ਅਤੇ ਹੋਰ ਲੋੜਾਂ ਦੇ ਸਬੰਧ ਵਿੱਚ ਮਾਰਗਦਰਸ਼ਨ ਉਪਲਬਧ ਕਰਵਾਉਣਾ ਅਤੇ ਸਿੰਗਲ ਵਿੰਡੋ ਰਾਹੀਂ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਵਿੱਚ ਮਦਦ ਕਰਨਾ ਹੈ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਉਦਯੋਗਾਂ ਦੇ ਵਿਸਤਾਰ ਅਤੇ ਨਵੇਂ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਉਦਮੀਆਂ ਨੂੰ ਸਹਿਯੋਗਪੂਰਨ ਮਾਹੌਲ ਉਪਲਬਧ ਕਰਵਾਉਣਾ ਜ਼ਰੂਰੀ ਹੈ। ਉਦਮੀਆਂ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਉਨ੍ਹਾਂ ਦਾ ਨਿਪਟਾਰਾ ਕਰਨਾ ਇਸੇ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਸਬਸਿਡੀ ਦੀਆਂ ਫਾਈਲਾਂ 'ਤੇ ਵਾਰ-ਵਾਰ ਇਤਰਾਜ਼ ਲਗਾਉਣ ਤੋਂ ਬਚਣ ਅਧਿਕਾਰੀ

ਸ਼੍ਰੀ ਰਾਵ ਨਰਬੀਰ ਸਿੰਘ ਨੇ ਕਿਹਾ ਕਿ ਸਬਸਿਡੀ ਜਾਂ ਹੋਰ ਸਰਕਾਰੀ ਸਹਾਇਤਾ ਲਈ ਆਉਣ ਵਾਲੀਆਂ ਫਾਈਲਾਂ 'ਤੇ ਅਧਿਕਾਰੀ ਬਿਨਾਂ ਵਜ੍ਹਾ ਇਤਰਾਜ਼ ਨਾ ਲਗਾਉਣ। ਜੇਕਰ ਕਿਸੇ ਫਾਈਲ ਵਿੱਚ ਕੋਈ ਘਾਟ ਹੈ, ਤਾਂ ਸਬੰਧਤ ਅਧਿਕਾਰੀ ਇੱਕੋ ਵਾਰ ਵਿੱਚ ਸਾਰੀਆਂ ਕਮੀਆਂ ਅਤੇ ਇਤਰਾਜ਼ਾਂ ਦੀ ਜਾਣਕਾਰੀ ਦੇਣ, ਤਾਂ ਜੋ ਉਦਮੀ ਉਨ੍ਹਾਂ ਦਾ ਸਮਾਧਾਨ ਕਰਕੇ ਫਾਈਲ ਨੂੰ ਅੱਗੇ ਵਧਾ ਸਕਣ। ਵਾਰ-ਵਾਰ ਨਵੇਂ ਇਤਰਾਜ਼ ਲਗਾਉਣ ਨਾਲ ਅਣਚਾਹੀ ਦੇਰੀ ਹੁੰਦੀ ਹੈ ਅਤੇ ਉਦਮੀਆਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਦੀ ਪ੍ਰਕਿਰਿਆ ਬਿਨਾਂ ਵਜ੍ਹਾ ਗੁੰਝਲਦਾਰ ਨਹੀਂ ਹੋਣੀ ਚਾਹੀਦੀ। ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਯੋਗ ਉਦਮੀਆਂ ਦੇ ਮਾਮਲਿਆਂ ਦਾ ਨਿਯਮਾਂ ਅਨੁਸਾਰ ਅਤੇ ਸਮੇਂ ਸਿਰ ਨਿਪਟਾਰਾ ਹੋਵੇ ਅਤੇ ਕਿਸੇ ਵੀ ਪੱਧਰ 'ਤੇ ਬਿਨਾਂ ਉਚਿਤ ਕਾਰਨ ਫਾਈਲ ਲੰਬਿਤ ਨਾ ਰੱਖੀ ਜਾਵੇ।

ਮੀਟਿੰਗ ਵਿੱਚ ਉਦਮੀਆਂ ਵੱਲੋਂ ਉਦਯੋਗਿਕ ਪਲਾਟਾਂ, ਰਿਹਾਇਸ਼ੀ ਖੇਤਰਾਂ ਵਿੱਚ ਚੱਲ ਰਹੇ ਉਦਯੋਗਾਂ ਦੇ ਸਰਵੇਖਣ ਅਤੇ ਪ੍ਰਦੂਸ਼ਣ ਨਾਲ ਜੁੜੇ ਮੁੱਦੇ ਵੀ ਰੱਖੇ ਗਏ।

ਇਨ੍ਹਾਂ ਮੁੱਦਿਆਂ 'ਤੇ ਉਦਮੀਆਂ ਨੇ ਆਪਣੀਆਂ ਸਮੱਸਿਆਵਾਂ ਅਤੇ ਚਿੰਤਾਵਾਂ ਤੋਂ ਮੰਤਰੀ ਨੂੰ ਜਾਣੂ ਕਰਵਾਇਆ। ਮੀਟਿੰਗ ਦਾ ਮਕਸਦ ਉਦਯੋਗਾਂ ਨਾਲ ਜੁੜੇ ਮੁੱਦਿਆਂ 'ਤੇ ਗੱਲਬਾਤ ਰਾਹੀਂ ਹੱਲ ਦੀ ਦਿਸ਼ਾ ਵਿੱਚ ਅੱਗੇ ਵਧਣਾ ਰਿਹਾ।

ਇਸ ਮੌਕੇ ਐਮਐਸਐਮਈ ਦੇ ਵਧੀਕ ਡਾਇਰੈਕਟਰ ਭਾਰਤ ਭੂਸ਼ਣ ਗੋਗੀਆ ਨੇ ਨਵੀਂ ਐਮਐਸਐਮਈ ਅਤੇ ਨਿਰਯਾਤ ਪ੍ਰੋਤਸਾਹਨ ਨੀਤੀ 2026 ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਲਘੂ ਉਦਯੋਗ ਭਾਰਤੀ ਦੇ ਅਹੁਦੇਦਾਰਾਂ ਨੇ ਰਾਵ ਨਰਬੀਰ ਸਿੰਘ ਨੂੰ 'ਉਦਯੋਗ ਟਾਈਮਜ਼' ਪੁਸਤਕ ਵੀ ਭੇਟ ਕੀਤੀ।

# ਸਵੱਛ ਅਤੇ ਸੁੰਦਰ ਵਾਤਾਵਰਣ ਨਾਲ ਹੀ ਸੰਵਰ ਰਿਹਾ ਹੈ ਨੌਨਿਹਾਲਾਂ ਦਾ ਭਵਿੱਖ: ਸਿੱਖਿਆ ਮੰਤਰੀ ਮਹੀਪਾਲ ਢਾਂਡਾ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਸਕੂਲਾਂ ਵਿੱਚ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਦੀ ਸਿਹਤ ਅਤੇ ਸਾਫ਼-ਸਫ਼ਾਈ ਨੂੰ ਸਭ ਤੋਂ ਉੱਪਰ ਰੱਖਦੇ ਹੋਏ ਸੂਬਾ ਸਰਕਾਰ ਨੇ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਹਰਿਆਣਾ ਦੇ ਸਿੱਖਿਆ ਮੰਤਰੀ ਸ਼੍ਰੀ ਮਹੀਪਾਲ ਢਾਂਡਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਦੇ ਸਾਰੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਸਾਫ਼-ਸਫ਼ਾਈ, ਹਾਊਸਕੀਪਿੰਗ, ਛੱਤ ਦੀ ਸਫ਼ਾਈ, ਪਖਾਨਿਆਂ ਦੀ ਸਵੱਛਤਾ, ਖੇਡ ਦੇ ਮੈਦਾਨਾਂ ਦੇ ਰੱਖ-ਰਖਾਅ ਅਤੇ ਜਲ ਨਿਕਾਸੀ ਦੇ ਪੁਖ਼ਤਾ ਪ੍ਰਬੰਧਾਂ ਲਈ ਸੁਚਾਰੂ ਰੂਪ ਨਾਲ ਬਜਟ ਜਾਰੀ ਕਰ ਦਿੱਤਾ ਗਿਆ ਹੈ।

ਜਿਨ੍ਹਾਂ ਪ੍ਰਾਇਮਰੀ ਸਕੂਲਾਂ ਵਿੱਚ ਪਾਰਟ-ਟਾਈਮ ਵਰਕਰ ਕੰਮ ਨਹੀਂ ਕਰ ਰਹੇ ਹਨ, ਉੱਥੇ ਇਹਨਾਂ ਵਿਵਸਥਾਵਾਂ ਨੂੰ ਸੁਚਾਰੂ ਰੱਖਣ ਲਈ ਵਿਭਾਗ ਵੱਲੋਂ 8,000 ਰੁਪਏ ਪ੍ਰਤੀ ਸਕੂਲ ਪ੍ਰਤੀ ਮਹੀਨਾ ਦੀ ਦਰ ਨਾਲ 'ਸਵੱਛ ਪ੍ਰਾਂਗਣ' ਯੋਜਨਾ ਦੇ ਤਹਿਤ ਬਜਟ ਸਿੱਧੇ ਤੌਰ 'ਤੇ ਜ਼ਿਲ੍ਹਾ ਮੌਲਿਕ ਸਿੱਖਿਆ ਅਧਿਕਾਰੀਆਂ ਨੂੰ ਬਤੌਰ ਡਰਾਇੰਗ ਅਤੇ ਡਿਸਬਰਸਿੰਗ ਅਫ਼ਸਰ (ਬੀਸੀਓ) ਜਾਰੀ ਕਰ ਦਿੱਤਾ ਗਿਆ ਹੈ। ਸਿੱਖਿਆ ਮੰਤਰੀ ਸ਼੍ਰੀ ਮਹੀਪਾਲ ਢਾਂਡਾ ਨੇ ਸਾਰੇ ਜ਼ਿਲ੍ਹਾ ਮੌਲਿਕ ਸਿੱਖਿਆ ਅਧਿਕਾਰੀਆਂ, ਬਲਾਕ ਸਿੱਖਿਆ ਅਧਿਕਾਰੀਆਂ, ਬਲਾਕ ਮੌਲਿਕ ਸਿੱਖਿਆ ਅਧਿਕਾਰੀਆਂ, ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ, ਮੁੱਖ ਅਧਿਆਪਕਾਵਾਂ/ਅਧਿਆਪਕ ਅਤੇ ਸਕੂਲ ਪ੍ਰਬੰਧਨ ਕਮੇਟੀਆਂ (ਐਸਐਮਸੀ) ਦੇ ਪ੍ਰਧਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਬਜਟ ਦੀ ਸਮਾਂਬੱਧ ਅਤੇ ਪੂਰੀ ਵਰਤੋਂ ਯਕੀਨੀ ਕਰਨ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਹਨ ਕਿ ਸਬੰਧਤ ਸਕੂਲਾਂ ਨੂੰ ਤੁਰੰਤ ਰਾਸ਼ੀ ਵੰਡ ਕੇ ਜ਼ਮੀਨੀ ਪੱਧਰ 'ਤੇ ਕੰਮ ਕਰਵਾਉਣਾ ਅਧਿਕਾਰੀਆਂ ਦੀ ਤਰਜੀਹ ਹੋਣੀ ਚਾਹੀਦੀ ਹੈ, ਤਾਂ ਜੋ ਸਾਡੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚੇ ਇੱਕ ਸਵੱਛ, ਸਿਹਤਮੰਦ ਅਤੇ ਪੋਜ਼ੀਟਿਵ ਵਾਤਾਵਰਣ ਵਿੱਚ ਸਿੱਖਿਆ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਇਹ ਯਤਨ ਸੂਬੇ ਦੇ ਪ੍ਰਾਇਮਰੀ ਸਿੱਖਿਆ ਢਾਂਚੇ ਨੂੰ ਹੋਰ ਮਜ਼ਬੂਤ ਅਤੇ ਆਦਰਸ਼ ਬਣਾਉਣ ਦੀ ਦਿਸ਼ਾ ਵਿੱਚ ਇੱਕ ਮੀਲ ਦਾ ਪੱਥਰ ਸਾਬਤ ਹੋਵੇਗਾ।

# ਚੰਡੀਗੜ੍ਹ ਵਿੱਚ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਲਈ ਪਹਿਲੀਆਂ ਪਿਤਾ-ਬੱਚਾ ਖੇਡਾਂ ਦਾ ਉਦਘਾਟਨ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਚੰਡੀਗੜ੍ਹ ਦੇ ਸਕੂਲ ਸਿੱਖਿਆ ਵਿਭਾਗ ਨੇ 'ਸਮਗ੍ਰ ਸ਼ਿਕਸ਼ਾ' ਦੇ ਸੀਡਬਲਿਊਐੱਸਐੱਨ (ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚੇ) ਵਿੰਗ ਦੇ ਤਹਿਤ ਅੱਜ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ 23-ਬੀ ਵਿੱਚ ਚੰਡੀਗੜ੍ਹ ਦੇ ਸਰਕਾਰੀ ਸਕੂਲਾਂ ਦੇ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ(ਸੀਡਬਲਿਊਐੱਸਐੱਨ) ਲਈ ਪਹਿਲੀ ਵਾਰ 'ਪਿਤਾ-ਬੱਚਾ ਖੇਡਾਂ 2026' ਦਾ ਉਦਘਾਟਨ ਕੀਤਾ।

ਸ਼੍ਰੀ ਸੰਜੀਵ ਸਿੰਗਲਾ, ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਮੁੱਖ ਮਹਿਮਾਨ ਦੇ ਰੂਪ ਵਿੱਚ ਇਸ ਦੋ ਦਿਨਾਂ ਦੇ ਸਮਾਗਮ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਇਸ ਪਹਿਲ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਪਿਤਾ ਅਤੇ ਬੱਚਿਆਂ ਦਾ ਇੱਕ ਟੀਮ ਦੇ ਰੂਪ ਵਿੱਚ ਖੇਡਣਾ ਉਨ੍ਹਾਂ ਦੇ ਆਪਸੀ ਰਿਸ਼ਤੇ ਨੂੰ ਮਜ਼ਬੂਤ ਕਰਨ ਅਤੇ ਖੇਡਾਂ ਵਿੱਚ ਸਮਾਵੇਸ਼ੀ ਭਾਗੀਦਾਰੀ ਨੂੰ ਹੁਲਾਰਾ ਦੇਣ ਦਾ ਇੱਕ ਸਾਰਥਕ ਪ੍ਰਯਾਸ ਹੈ। ਇਸ ਪ੍ਰਤੀਯੋਗਿਤਾ ਦਾ ਥੀਮ ÷ਮਜ਼ਬੂਤ ਬੰਧਨ, ਮਜ਼ਬੂਤ ਭਵਿਸ਼ਯ÷ ਰੱਖਿਆ ਗਿਆ ਹੈ।

ਇਸ ਪ੍ਰਤੀਯੋਗਿਤਾ ਵਿੱਚ ਸਰਕਾਰੀ ਸਕੂਲਾਂ ਤੋਂ ਪਿਤਾ ਅਤੇ ਬੱਚੇ ਦੀਆਂ ਕੁੱਲ 40 ਜੋੜੀਆਂ,ਯਾਨੀ 80ਪ੍ਰਤੀਭਾਗੀ ਹਿੱਸਾ ਲੈ ਰਹੇ ਹਨ। ਪਹਿਲੇ ਦਿਨ ਐਥਲੈਟਿਕਸ, ਬੈਡਮਿੰਟਨ, ਕ੍ਰਿਕਟ ਅਤੇ ਵਾਲੀਬਾਲ ਦੇ ਕੁਆਲੀਫਾਇੰਗ ਮੁਕਾਬਲੇ ਆਯੋਜਿਤ ਕੀਤੇ ਗਏ। ਪ੍ਰਤੀਭਾਗੀਆਂ ਨੇ ਉਤਸ਼ਾਹ, ਟੀਮ ਭਾਵਨਾ ਅਤੇ ਆਪਸੀ ਤਾਲਮੇਲ ਦਾ ਪ੍ਰਦਰਸ਼ਨ ਕੀਤਾ।

ਚਾਰੇ ਖੇਡਾਂ ਦੇ ਫਾਇਨਲ ਮੁਕਾਬਲੇ 18 ਅਕਤੂਬਰ, 2026 ਨੂੰ ਇਸੇ ਸਕੂਲ ਵਿੱਚ ਦੁਪਹਿਰ ਲਗਭਗ 3:30 ਵਜੇ ਸ਼ੁਰੂ ਹੋਣਗੇ। ਪੁਰਸਕਾਰ ਵੰਡ ਸਮਾਰੋਹ ਸ਼ਾਮ 5:00 ਵਜੇ ਆਯੋਜਿਤ ਕੀਤਾ ਜਾਵੇਗਾ।

ਸਾਰੇ 80 ਪ੍ਰਤੀਭਾਗੀਆਂ ਨੂੰ ਮੈਡਲ, ਸਰਟੀਫਿਕੇਟ ਅਤੇ ਟਰਾਫੀਆਂ ਪ੍ਰਦਾਨ ਕੀਤੀਆਂ ਜਾਣਗੀਆਂ।

ਸਿੱਖਿਆ ਵਿਭਾਗ, ਚੰਡੀਗੜ੍ਹ ਦੇ ਸੀਡਬਲਿਊਐੱਸਐੱਨ ਖੇਡਾਂ ਦੇ ਨੋਡਲ ਅਫ਼ਸਰ, ਸ਼੍ਰੀ ਰਾਜਪਾਲ ਸਿੰਘ ਨੇ ਦੱਸਿਆ ਕਿ ਚੰਡੀਗੜ੍ਹ ਵਿੱਚ ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਦਿਆਰਥੀਆਂ (ਸੀਡਬਲਿਊਐੱਸਐੱਨ) ਲਈ ਪਹਿਲੀ ਵਾਰ ਇਸ ਤਰ੍ਹਾਂ ਦਾ ਪਿਤਾ-ਬੱਚਾ ਸਮਾਵੇਸ਼ੀ ਖੇਡ ਟੂਰਨਾਮੈਂਟ ਆਯੋਜਿਤ ਕੀਤਾ ਗਿਆ ਹੈ।

# ਨੈਸ਼ਨਲ ਇਨਕਲੂਸਿਵ ਥੀਏਟਰ ਫੈਸਟੀਵਲ ਦੌਰਾਨ ਚਨਾਤਮਕਤਾ, ਵਿਵਿਧਤਾ ਅਤੇ ਸਮਾਵੇਸ਼ ਦੀ ਭਾਵਨਾ ਦਾ ਉਤਸਵ ਮਨਾਇਆ

**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਨੈਸ਼ਨਲ ਇਨਕਲੂਸਿਵ ਥੀਏਟਰ ਫੈਸਟੀਵਲ (ਐੱਨਆਈਟੀਐੱਫ) 2026 ਦੇ ਦੂਸਰੇ ਦਿਨ ਆਕਰਸ਼ਕ ਨਾਟਕੀ ਪ੍ਰਸਤੁਤੀਆਂ ਦੇ ਜ਼ਰੀਏ ਰਚਨਾਤਮਕਤਾ, ਵਿਵਿਧਤਾ ਅਤੇ ਸਮਾਵੇਸ਼ ਦੀ ਭਾਵਨਾ ਦਾ ਉਤਸਵ ਮਨਾਇਆ ਗਿਆ। ÷ਮੰਚ 'ਤੇ ਇਕੱਠੇ,ਭਾਵਨਾ ਵਿੱਚ ਸਮਾਨ÷ ਵਿਸ਼ੇ 'ਤੇ ਆਯੋਜਿਤ ਇਹ ਫੈਸਟੀਵਲ ਦਿੱਵਯਾਂਗ ਅਤੇ ਹੋਰ ਬੱਚਿਆਂ ਨੂੰ ਪ੍ਰਦਰਸ਼ਨ ਕਲਾਵਾਂ ਦੇ ਜ਼ਰੀਏ ਆਪਣੀਆਂ ਭਾਵਨਾਵਾਂ ਅਤੇ ਪ੍ਰਤਿਭਾ ਨੂੰ ਵਿਅਕਤ ਕਰਨ ਦਾ ਸਸ਼ਕਤ ਮੰਚ ਪ੍ਰਦਾਨ ਕਰ ਰਿਹਾ ਹੈ।

ਦੂਸਰੇ ਦਿਨ ਪ੍ਰਸਤੁਤ ਨਾਟਕਾਂ ਵਿੱਚ ਮਹਾਰਾਣੀ ਜਿੰਦ ਕੌਰ (ਮਹਾਰਾਣੀ ਜ਼ਿੰਦਾ) ਦੀ ਜੀਵਨਗਾਥਾ, ÷ਕੌਨ ਹੈ ਡੌਨ÷ (Kaun Hai Don) ਅਤੇ ÷ਪੇੜੋਂ ਕਾ ਸੰਰਕਸ਼ਣ÷ ਜਿਹੇ ਵਿਵਿਧ ਵਿਸ਼ੇ ਸ਼ਾਮਲ ਰਹੇ। ਪ੍ਰਭਾਵਸ਼ਾਲੀ ਕਹਾਣੀ, ਭਾਵਪੂਰਨ ਅਭਿਨੈ ਅਤੇ ਸਾਰਥਕ ਸੰਦੇਸ਼ਾਂ ਦੇ ਜ਼ਰੀਏ ਪ੍ਰਤੀਭਾਗੀ ਟੀਮਾਂ ਨੇ ਇਤਿਹਾਸਿਕ ਵਿਰਾਸਤ, ਸਮਾਜਿਕ ਜਾਗਰੂਕਤਾ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਦਾਰੀ ਨੂੰ ਉਜਾਗਰ ਕੀਤਾ।

ਸਮਾਵੇਸ਼ੀ ਥੀਏਟਰ ਦੇ ਇਸ ਅਨੂਠੇ ਪ੍ਰਯਾਸ ਨੂੰ ਵਿਆਪਕ ਸਰਾਹਨਾ ਮਿਲ ਰਹੀ ਹੈ। ਇਸ ਵਿੱਚ ਵਿਭਿੰਨ ਸਮਰੱਥਾਵਾਂ ਵਾਲੇ ਬੱਚੇ ਇਕੱਠੇ ਆਪਣੀ ਪ੍ਰਤਿਭਾ, ਆਤਮਵਿਸ਼ਵਾਸ ਅਤੇ ਰਚਨਾਤਮਕਤਾ ਦਾ ਪ੍ਰਦਰਸ਼ਨ ਕਰ ਰਹੇ ਹਨ।

ਹਰੇਕ ਟੀਮ ਨੇ ਆਪਣੀ ਆਕਰਸ਼ਕ ਪ੍ਰਸਤੁਤੀ, ਮੌਲਿਕਤਾ ਅਤੇ ਮੰਚ ਕੌਸ਼ਲ ਨਾਲ ਪ੍ਰਦਰਸ਼ਨ ਦੇ ਪੱਧਰ ਨੂੰ ਨਵੀਂ ਉਚਾਈ ਦਿੱਤੀ ਹੈ।

ਪ੍ਰਸਤੁਤੀਆਂ ਦੀ ਉਤਕ੍ਰਿਸ਼ਟ ਗੁਣਵੱਤਾ ਨੇ ਜਿਊਰੀ (ਨਿਰਣਾਇਕ ਮੰਡਲ) ਲਈ ਮੁੱਲਾਂਕਣ ਦਾ ਕਾਰਜ ਵਿਸ਼ੇਸ਼ ਤੌਰ 'ਤੇ ਚੁਣੌਤੀਪੂਰਨ ਬਣਾ ਦਿੱਤਾ ਹੈ। ਪ੍ਰਤੀਭਾਗੀ ਟੀਮਾਂ ਆਪਣੇ ਪ੍ਰਭਾਵਸ਼ਾਲੀ ਅਭਿਨੈ, ਅਭਿਨਵ ਵਿਚਾਰਾਂ ਅਤੇ ਉਤਸ਼ਾਹਪੂਰਨ ਭਾਗੀਦਾਰੀ ਨਾਲ ਲਗਾਤਾਰ ਪ੍ਰਭਾਵਿਤ ਕਰ ਰਹੀਆਂ ਹਨ।

ਨੈਸ਼ਨਲ ਇਨਕਲੂਸਿਵ ਥੀਏਟਰ ਫੈਸਟੀਵਲ ਇੱਕ ਪ੍ਰਤੀਯੋਗਿਤਾ ਤੋਂ ਵਧ ਕੇ ਸਮਾਨ ਅਵਸਰਾਂ, ਆਪਸੀ ਸਨਮਾਨ ਅਤੇ ਕਲਾ ਦੀ ਪਰਿਵਰਤਨਕਾਰੀ ਸ਼ਕਤੀ ਦਾ ਉਤਸਵ ਹੈ। ਬੱਚਿਆਂ ਨੂੰ ਇੱਕ ਸਾਂਝੇ ਮੰਚ 'ਤੇ ਇਕੱਠਾ ਕਰਕੇ ਇਹ ਪਹਿਲ ਇਹ ਸੰਦੇਸ਼ ਦਿੰਦੀ ਹੈ ਕਿ ਹਰ ਬੱਚੇ ਦੀ ਆਪਣੀ ਆਵਾਜ਼ ਮਹੱਤਵਪੂਰਨ ਹੈ, ਹਰ ਪ੍ਰਤਿਭਾ ਪਹਿਚਾਣ ਦੀ ਹੱਕਦਾਰ ਹੈ ਅਤੇ ਸਮਾਵੇਸ਼ ਹਰ ਪ੍ਰਸਤੁਤੀ ਨੂੰ ਅਧਿਕ ਸਾਰਥਕ ਬਣਾਉਂਦਾ ਹੈ।

ਬਾਰਾਂ (12) ਤੋਂ 15 ਅਕਤੂਬਰ 2026 ਤੱਕ ਆਯੋਜਿਤ ਇਸ ਚਾਰ ਦਿਨਾਂ ਦੇ ਸਟੇਟ ਲੈਵਲ ਮੁਕਾਬਲੇ ਦੇ ਸਮਾਪਨ 'ਤੇ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੀ ਟੀਮ ਦੀ ਸਿਲੈਕਸ਼ਨ ਕੀਤੀ ਜਾਵੇਗੀ। ਸਿਲੈਕਟਡ ਟੀਮ ਨੂੰ ਚੰਡੀਗੜ੍ਹ ਦੀ ਮੇਜ਼ਬਾਨੀ ਵਿੱਚ ਆਯੋਜਿਤ ਹੋਣ ਵਾਲੀ ਰਾਸ਼ਟਰੀ ਪੱਧਰ ਦੀ ਥਿਏਟਰ ਵਰਕਸ਼ਾਪ ਵਿੱਚ ਚੰਡੀਗੜ੍ਹ ਦੀ ਪ੍ਰਤੀਨਿਧਤਾ ਕਰਨ ਦਾ ਅਵਸਰ ਮਿਲੇਗਾ।

ਇਸ ਅਭਿਨਵ ਪਹਿਲ ਦੇ ਜ਼ਰੀਏ ਚੰਡੀਗੜ੍ਹ ਪ੍ਰਸ਼ਾਸਨ ਦਾ ਸਕੂਲ ਸਿੱਖਿਆ ਵਿਭਾਗ ਸਮਾਵੇਸ਼ੀ ਸਿੱਖਿਆ, ਕਲਾਤਮਕ ਅਭਿਵਿਅਕਤੀ ਅਤੇ ਅਜਿਹੇ ਸਿੱਖਣ ਦੇ ਵਾਤਾਵਰਣ ਨੂੰ ਹੁਲਾਰਾ ਦੇ ਰਿਹਾ ਹੈ, ਜਿੱਥੇ ਹਰ ਬੱਚਾ ਹਿੱਸਾ ਲੈ ਸਕੇ,ਆਪਣੀ ਪ੍ਰਤਿਭਾ ਪ੍ਰਸਤੁਤ ਕਰ ਸਕੇ ਅਤੇ ਅੱਗੇ ਵਧ ਸਕੇ।

# ਸੈਕਟਰ 41-ਏ ਵਿੱਚ ਲਗਾਈ ਮਾਤਾ ਦੀ ਚੌਂਕੀ



**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਨਗਰ ਨਿਗਮ ਦੇ ਵਾਰਡ ਨੰਬਰ 30 ਅਧੀਨ ਸੈਕਟਰ 41-ਏ ਵਿਚਲੇ ਮਕਾਨ ਨੰਬਰ 455 ਤੋਂ 474 ਦੇ ਸਮੂਹ ਵਸਨੀਕਾਂ ਵੱਲੋਂ ਮਾਤਾ ਰਾਣੀ ਦੀ ਵਿਸ਼ਾਲ ਚੌਂਕੀ ਦਾ ਆਯੋਜਨ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਕੀਤਾ ਗਿਆ।

ਦੇਰ ਸ਼ਾਮ ਸ਼ੁਰੂ ਹੋਈ ਇਸ ਚੌਂਕੀ ਵਿੱਚ ਮਾਤਾ ਦੀਆਂ ਭੇਟਾਵਾਂ ਅਤੇ ਭਜਨਾਂ ਨਾਲ ਸਾਰਾ ਮਾਹੌਲ ਭਗਤੀਮਈ ਹੋ ਗਿਆ। ਇਲਾਕੇ ਦੇ ਵਸਨੀਕਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਮਾਤਾ ਰਾਣੀ ਦਾ ਗੁਣਗਾਨ ਕੀਤਾ।

ਇਸ ਪਾਵਨ ਮੌਕੇ 'ਤੇ ਬੀਬੀ ਸਤਨਾਮ ਕੌਰ ਪਤਨੀ ਸਵ.ਮਲਕੀਅਤ ਸਿੰਘ ਬੁਟੇਰਲਾ ਜੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਉਹਨਾਂ ਨੇ ਸੰਗਤਾਂ ਨੂੰ ਮਾਤਾ ਰਾਣੀ ਦੇ ਜੈਕਾਰੇ ਲਗਵਾਏ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮਾਂ ਨਾਲ ਆਪਸੀ ਭਾਈਚਾਰਕ ਸਾਂਝ ਹੋਰ ਮਜ਼ਬੂਤ ਹੁੰਦੀ ਹੈ।

ਇਸ ਦੌਰਾਨ ਵਾਰਡ ਨੰਬਰ 30 ਦੇ ਕੌਂਸਲਰ ਹਰਦੀਪ ਸਿੰਘ ਬੁਟੇਰਲਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਨੇ ਮਾਤਾ ਦੀ ਚੌਂਕੀ ਵਿੱਚ ਹਾਜ਼ਰੀ ਲਗਵਾਈ ਅਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਵਾ ਗਿੱਲ, ਮੀਨੂ ਗਿੱਲ, ਮਨਜੀਤ ਕੌਰ, ਮਾਇਆ ਦੇਵੀ, ਪ੍ਰਕਾਸ਼ ਕੌਰ, ਸਵਿਤਾ ਮਿੱਤਲ, ਨਿਰਮਲਾ ਦੇਵੀ, ਪੁਸ਼ਪਾ ਸੈਣੀ, ਕੁਲਵੰਤ ਕੌਰ, ਸਵਰਨਜੀਤ ਕੌਰ, ਕ੍ਰਿਸ਼ਨਾ ਗਰਗ, ਸੁਮਨ ਮਿੱਤਲ, ਸਿੰਮੀ ਗਰਗ, ਮੀਨੂ ਅਤੇ ਆਦਿ ਨੇ ਵੀ ਹਾਜਰੀ ਲਗਵਾਈ। ਸਮਾਗਮ ਦੇ ਅੰਤ ਵਿੱਚ ਭੰਡਾਰੇ ਦਾ ਆਯੋਜਨ ਵੀ ਕੀਤਾ ਗਿਆ, ਜਿਸ ਵਿੱਚ ਸਾਰੇ ਵਸਨੀਕਾਂ ਨੇ ਪ੍ਰਸ਼ਾਦ ਛਕਿਆ।

# ਤੇਰਾ ਹੀ ਤੇਰਾ ਮੈਡੀਕੋਜ਼, ਚੰਡੀਗੜ ਵੱਲੋਂ ਨੈਸ਼ਨਲ ਬੇਕਰਸ ਦੇ ਮਾਲਕ ਸਤਨਾਮ ਸਿੰਘ ਨਾਮੀ ਦਾ ਜਨਮ ਦਿਨ ਧੂਮਧਾਮ ਨਾਲ ਮਨਾਇਆ



**ਚੰਡੀਗੜ੍ਹ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤੇਰਾ ਹੀ ਤੇਰਾ ਮੈਡੀਕੋਸ, ਚੰਡੀਗੜ੍ਹ ਵੱਲੋਂ ਨੈਸ਼ਨਲ ਬੇਕਰਸ, ਚੰਡੀਗੜ੍ਹ ਦੇ ਮਾਲਕ ਸ੍ਰੀ ਸਤਨਾਮ ਸਿੰਘ ਨੰਮੀ ਜੀ ਦਾ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।

ਉਨ੍ਹਾਂ ਨੂੰ ਮੋਤੀਆਂ ਦੀ ਮਾਲਾ, ਸਿਰੋਪਾਓ ਅਤੇ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਤੇ ਤੇਰਾ ਹੀ ਤੇਰਾ ਮੈਡੀਕੋਸ ਦੇ ਇੰਚਾਰਜ ਸ.ਡੀ.ਪੀ. ਸਿੰਘ, ਤੇਰਾ ਹੀ ਤੇਰਾ ਮਿਸ਼ਨ ਦੇ ਜਨਰਲ ਸਕੱਤਰ ਡਾ.ਐਚ.ਐਸ. ਸਭਰਵਾਲ, ਡਾ. ਸਿਆਲ, ਸ੍ਰੀ ਅਮਨ ਮੁਝਾਲ, ਸ੍ਰੀ ਸਹਿਗਲ ਅਤੇ ਹੋਰ ਮੌਜੂਦ ਸਨ ਅਤੇ ਸਭ ਨੇ ਸਤਨਾਮ ਸਿੰਘ ਨੂੰ ਜਨਮ ? ਦਿਨ ਦੀਆਂ ਵਧਾਈਆਂ ਦਿੱਤੀਆਂ।

ਸ. ਡੀ.ਪੀ. ਸਿੰਘ ਜੀ ਨੇ ਦੱਸਿਆ ਕਿ ਸ੍ਰੀ ਸਤਨਾਮ ਸਿੰਘ ਜੀ ਵੱਲੋਂ ਸਾਰੇ ਸਟਾਫ ਲਈ ਵੱਡਾ ਸਾਰਾ ਕੇਕ ਅਤੇ ਬਰਗਰ ਦੀ ਸੇਵਾ ਕੀਤੀ ਗਈ

# ਬਟਾਲਾ ਵਿਖੇ ਰਾਜ ਪੱਧਰੀ ਖੇਡ (ਵੁਸ਼ੂ) ਵਿੱਚ ਵੱਖ-ਵੱਖ ਵਰਗਾਂ ਦੇ ਖਿਡਾਰੀਆਂ ਵਿੱਚ ਹੋਏ ਦਿਲਚਸਪ ਮੁਕਾਬਲੇ



**ਬਟਾਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਉੱਤੇ ਖੇਡ ਵਿਭਾਗ ਵੱਲੋਂ ਸੂਬੇ ਵਿੱਚ ਖਿਡਾਰੀਆਂ ਦੀ ਹੁਨਰ ਦੀ ਸ਼ਨਾਖਤ, ਖੇਡਾਂ ਪੱਖੀ ਮਾਹੌਲ ਸਿਰਜਣ ਅਤੇ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਦੇ ਮੰਤਵ ਤਹਿਤ ਪੰਜਾਬ ਖੇਡਾਂ ਵਤਨ ਪੰਜਾਬ ਦੀਆਂ- 2026 (ਸੀਜ਼ਨ-4) ਰਾਜ ਪੱਧਰੀ ਖੇਡ ( ਵੁਸ਼ੂ) ਜਿਸ ਵਿੱਚ ਅੰਡਰ 14,17,21,21-30, 31-40, ਉਮਰ ਵਰਗ ਵਿੱਚ ਆਰ.ਡੀ.ਖੋਸਲਾ ਮਾਡਰ ਸੀਨੀਅਰ ਸੈਕੰਡਰੀ ਸਕੂਲ ਬਟਾਲਾ (ਜਿਲ੍ਹਾ ਗੁਰਦਾਸਪੁਰ) ਕਰਵਾਈਆਂ ਜਾ ਰਹੀਆਂ ਹਨ। ਜਿਸ ਵਿੱਚ ਲੜਕੀਆਂ ਦੇ ਟੂਰਨਾਮੈਂਟ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਓਵਰਆਲ ਪਹਿਲਾ ਸਥਾਨ ਪ੍ਰਾਪਤ ਕੀਤਾ।ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਨਗਰ ਨਿਗਮ ਬਟਾਲਾ ਦੇ ਮੇਅਰ ਭੁਪਿੰਦਰ ਸਿੰਘ ਅਤੇ ਸ੍ਰੀਮਤੀ ਬਿੰਦੂ ਭੱਲਾ ਪ੍ਰਿੰਸੀਪਲ ਆਰ.ਡੀ.ਖੋਸਲਾ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵੱਲੋ ਵੀ ਸ਼ਿਰਕਤ ਕੀਤੀ ਗਈ।

ਜਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਅੰਡਰ-17 ਵਰਗ ਵਿੱਚ ਚੰਗਕੁਆਨ ਗੇਮ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੀ ਕੋਮਲਪ੍ਰੀਤ ਕੌਰ ਨੇ ਬਰਨੋਜ਼ ਮੈਡਲ, ਨਨਕੁਆਨ ਗੇਮ ਵਿੱਚ ਲਵਲੀ ਸਲਾਰੀਆਂ ਨੇ ਸਿਲਵਰ ਮੈਡਲ, ਤਾਈਜੀਕੁਆਨ ਗੇਮ ਵਿੱਚ ਕੋਮਲਪ੍ਰੀਤ ਕੌਰ ਨੇ ਗੋਲਡ ਮੈਡਲ, ਗੂਨਸੂ ਗੇਮ ਵਿੱਚ ਅਕਸ਼ਪ੍ਰੀਤ ਕੌਰ ਨੇ ਸਿਲਵਰ ਮੈਡਲ, ਕਿਆਂਗਸ਼ੂ ਗੇਮ ਵਿੱਚ ਤਕਰੀਰ ਕੌਰ ਨੇ ਸਿਲਵਰ ਮੈਡਲ, ਨਨਗੂਨ ਗੇਮ ਵਿੱਚ ਹਰਗੁਨਪ੍ਰੀਤ ਕੌਰ ਨੇ ਸਿਲਵਰ ਮੈਡਲ, ਦਾਊਸ਼ੂ ਗੇਮ ਵਿੱਚ ਖੁਸ਼ਮੀਤ ਕੌਰ ਨੇ ਸਿਲਵਰ ਮੈਡਲ, ਜਿਆਂਸ਼ੂ ਗੇਮ ਵਿੱਚ ਪਰਲਦੀਪ ਕੌਰ ਨੇ ਬਰੋਨਜ਼ ਮੈਡਲ, ਤਾਈਜੀਜਿਆਨ ਗੇਮ ਵਿੱਚ ਮਧੂ ਨੇ ਸਿਲਵਰ ਮੈਡਲ, ਨਨਦਾਉ ਗੇਮ ਵਿੱਚ ਸ਼ਾਕਸ਼ੀ ਕੁਮਾਰੀ ਨੇ ਬਰਨੋਜ਼ ਮੈਡਲ ਹਾਸਲ ਕੀਤਾ।ਇਸੇ ਤਰ੍ਹਾਂ ਅੰਡਰ-14 ਵਰਗ ਵਿੱਚ ਚੰਗਕੁਆਨ ਗੇਮ ਵਿੱਚ ਜਿਲ੍ਹਾ ਜੀਵਨ ਕੌਰ ਨੇ ਬਰਨੋਜ਼ ਮੈਡਲ, ਨਨਕੂਆਨ ਗੇਮ ਵਿੱਚ ਸੀਰਤ ਨੇ ਬਰੋਨਜ਼ ਮੈਡਲ, ਤਾਈਜੀਕੁਆਨ ਗੇਮ ਵਿੱਚ ਮਨਰੀਤ ਕੌਰ ਨੇ ਗੋਲਡ, ਨਨਗੂਨ ਗੇਮ ਵਿੱਚ ਰਮਨੀਕ ਕੌਰ ਨੇ ਗੋਲਡ ਮੈਡਲ, ਦਾਊਸ਼ੂ ਗੇਮ ਵਿੱਚ ਖੁਸ਼ਦੀਪ ਕੌਰ ਨੇ ਸਿਲਵਰ ਮੈਡਲ, ਜਿਆਂਸ਼ੂ ਗੇਮ ਵਿੱਚ ਨਿਮਰਤਦੀਪ ਕੌਰ ਨੇ ਗੋਲਡ ਮੈਡਲ, ਤਾਈਜੀਜਿਆਨ ਗੇਮ ਵਿੱਚ ਰਣਵਿੰਦਰਜੀਤ ਕੌਰ ਨੇ ਸਿਲਵਰ ਮੈਡਲ, ਨਨਦਾਉ ਗੇਮ ਵਿੱਚ ਮਹਿਕਪ੍ਰੀਤ ਕੌਰ ਨੇ ਬਰਨੋਜ਼ ਮੈਡਲ ਹਾਸਲ ਕੀਤਾ।

ਇਸੇ ਤਰ੍ਹਾਂ ਅੰਡਰ-21 ਵਰਗ ਵਿੱਚ ਚੰਗਕੁਆਨ ਗੇਮ ਵਿੱਚ ਤਰਨੁਮ ਨੇ ਬਰਨੋਜ਼ ਮੈਡਲ, ਨਨਕੂਆਨ ਗੇਮ ਵਿੱਚ ਅਮਨਪ੍ਰੀਤ ਕੌਰ ਨੇ ਬਰੋਨਜ਼ ਮੈਡਲ, ਤਾਈਜੀਕੁਆਨ ਗੇਮ ਵਿੱਚ ਖੁਸ਼ਪ੍ਰੀਤ ਕੌਰ ਨੇ ਗੋਲਡ, ਗੂਨਸੂ ਗੇਮ ਵਿੱਚ ਅਪਸਾਰਜੀਤ ਕੌਰ ਨੇ ਗੋਲਡ ਮੈਡਲ, ਕਿਆਂਗਸੂ ਗੇਮ ਵਿੱਚ ਜਸਪ੍ਰੀਤ ਕੌਰ ਨੇ ਬਰਨੋਜ਼ ਮੈਡਲ, ਨਨਗੂਨ ਗੇਮ ਵਿੱਚ ਸੁਹਾਨੀ ਨੇ ਗੋਲਡ ਮੈਡਲ, ਦਾਊਸ਼ੂ ਗੇਮ ਵਿੱਚ ਗੁਰਨਿਆਮਤ ਕੌਰ ਨੇ ਸਿਲਵਰ ਮੈਡਲ, ਨਨਦਾਉ ਗੇਮ ਵਿੱਚ ਕੋਨਿਸ਼ਾ ਚੋਪੜਾ ਨੇ ਬਰਨੋਜ਼ ਮੈਡਲ ਹਾਸਲ ਕੀਤਾ।ਇਸੇ ਤਰ੍ਹਾ ਅੰਡਰ-21 ਤੋਂ 30 ਵਰਗ ਚੰਗਕੁਆਨ ਗੇਮ ਵਿੱਚ ਪੂਜਾ ਨੇ ਗੋਲਡ ਮੈਡਲ, ਨਨਕੂਆਨ ਗੇਮ ਵਿ4ਚ ਲਵਲੀਨ ਕੌਰ ਨੇ ਗੋਲਡ ਮੈਡਲ, ਤਾਈਜੀਕੁਆਨ ਗੇਮ ਵਿੱਚ ਅਨਮੋਲਪ੍ਰਤੀ ਕੌਰ ਨੇ ਬਰਨੋਜ਼ ਮੈਡਲ, ਗੂਨਸੂ ਗੇਮ ਵਿੱਚ ਦਿਆ ਨੇ ਸਿਲਵਰ ਮੈਡਲ, ਕਿਆਂਗਸੂ ਗੇਮ ਵਿੱਚ ਪਾਲਿਨਾ ਨੇ ਸਿਲਵਰ ਮੈਡਲ, ਨਨਗੂਨ ਗੇਮ ਵਿੱਚ ਪਲਕਪ੍ਰੀਤ ਕੌਰ ਬਰੋਨਜ਼ ਮੈਡਲ, ਦਾਊਸ਼ ਗੇਮ ਵਿੱਚ ਮੁਸਕਾਨ ਨੇ ਗੋਲਡ ਮੈਡਲ ਹਾਸਲ ਕੀਤਾ ।

# ਚੇਅਰਮੈਨ ਜੋਬਨ ਰੰਧਾਵਾ ਨੇ ਪਿੰਡ ਦਬੁਰਜੀ ਵਿਖੇ ਭਰਥਵਾਲ, ਦਬੁਰਜੀ ਅਤੇ ਬਿਸ਼ਨੀਵਾਲ ਦੇ ਵਸਨੀਕਾਂ ਨੂੰ ਪ੍ਰਾਪਰਟੀ ਕਾਰਡ ਵੰਡੇ



**ਬਟਾਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੇਰਾ ਘਰ ਮੇਰੇ ਨਾਮ ਯੋਜਨਾ ਤਹਿਤ ਪਿੰਡ ਦਬੁਰਜੀ ਤੋਂ ਮੈਂਬਰ ਜਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦਲਜੀਤ ਸਿੰਘ ਲੱਕੀ ਦੇ ਗ੍ਰਹਿ ਵਿਖੇ ਭਰਥਵਾਲ, ਦਬੁਰਜੀ ਅਤੇ ਬਿਸ਼ਨੀਵਾਲ ਦੇ ਵਸਨੀਕਾਂ ਨੂੰ ਚੇਅਰਮੈਨ ਜੋਬਨ ਰੰਧਾਵਾ, ਹਲਕਾ ਇੰਚਾਰਜ ਫਤਿਹਗੜ੍ਹ ਚੂੜੀਆਂ ਵਲੋਂ ਪ੍ਰਾਪਰਟੀ ਕਾਰਡ ਵੰਡੇ ਗਏ। ਇਸ ਮੌਕੇ ਲਾਭਪਾਤਰੀਆਂ ਵਲੋਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਇਸ ਉਪਰਾਲੇ ਲਈ ਦਿਲੋਂ ਧੰਨਵਾਦ ਕੀਤਾ।

ਇਸ ਮੌਕੇ ਗੱਲਬਾਤ ਕਰਦਿਆਂ ਜੋਬਨ ਰੰਧਾਵਾ, ਚੇਅਰਮੈਨ ਜ਼ਿਲ੍ਹਾ ਪਲਾਨਿੰਗ ਕਮੇਟੀ ਗੁਰਦਾਸਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇਸ ਉਪਰਾਲੇ ਨਾਲ ਲੋੜਵੰਦ ਲੋਕਾਂ ਨੂੰ ਘਰਾਂ ਦੇ ਸਿੱਧੇ ਮਾਲਕਾਨਾ ਹੱਕ ਅਤੇ ਪੱਕੀ ਰਜਿਸਟ੍ਰੀ ਦਾ ਅਧਿਕਾਰ ਮਿਲਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਮੇਰਾ ਘਰ-ਮੇਰੇ ਨਾਮ' ਸਕੀਮ ਦਾ ਮੁੱਖ ਮੰਤਵ ਲਾਲ ਲਕੀਰ ਅੰਦਰ ਰਹਿੰਦੇ ਪੰਜਾਬ ਦੇ ਹਰੇਕ ਯੋਗ ਪਰਿਵਾਰ ਨੂੰ ਆਪਣੇ ਘਰ ਦੀ ਮਾਲਕੀ ਦੇ ਹੱਕ ਦਿਵਾਉਣਾ ਹੈ ਅਤੇ ਇਸ ਦਿਸ਼ਾ ਵਿਚ ਇਹ ਸਕੀਮ ਮੀਲ ਪੱਥਰ ਸਾਬਤ ਹੋਵੇਗੀ।

ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਬਹੁਤ ਸਾਰੇ ਪਰਿਵਾਰ ਦਹਾਕਿਆਂ ਤੋਂ ਲਾਲ ਡੋਰੇ ਅੰਦਰ ਰਹਿ ਰਹੇ ਹਨ ਜਿਨ੍ਹਾਂ ਕੋਲ ਮਾਲਕੀ ਦਾ ਰਸਮੀ ਰਿਕਾਰਡ ਨਾ ਹੋਣ ਕਰਕੇ ਆਪਣੀ ਜ਼ਿੰਦਗੀ ਵਿਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਇਸ ਸਕੀਮ ਨੇ ਅਜਿਹੀਆਂ ਸਾਰੀਆਂ ਸਮੱਸਿਆਵਾਂ ਦਾ ਜੜ੍ਹੋਂ ਹੱਲ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਸ ਲੋਕ ਪੱਖੀ ਪਹਿਲਕਦਮੀ ਨੇ ਲਾਲ ਲਕੀਰ ਦੇ ਵਸਨੀਕਾਂ ਦੇ ਸਨਮਾਨ ਅਤੇ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਲਕੀ ਮਿਲਣ ਨਾਲ ਲੋਕਾਂ ਅੰਦਰ ਆਪਣੇ ਘਰਾਂ ਦੀ ਸੰਭਾਲ, ਸੁਧਾਰ ਅਤੇ ਭਵਿੱਖ ਦੇ ਯੋਜਨਾਬੰਦੀ ਦਾ ਭਰੋਸਾ ਹੋਰ ਵਧੇਗਾ।

# ਪ੍ਰਧਾਨ ਮੰਤਰੀ ਧਨ-ਧਾਨਿਆ ਕ੍ਰਿਸ਼ੀ ਯੋਜਨਾ ਦਾ ਇੱਕ ਸਾਲ ਮੁਕੰਮਲ: ਕੇਂਦਰੀ ਖੇਤੀਬਾੜੀ ਮੰਤਰੀ ਵੱਲੋਂ ਫਾਜ਼ਿਲਕਾ ਜ਼ਿਲ੍ਹੇ ਦੇ ਕੰਮਾਂ ਦੀ ਵਿਸ਼ੇਸ਼ ਸ਼ਲਾਘਾ

**ਫਾਜ਼ਿਲਕਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਸਰਕਾਰ ਦੀ ਮਹੱਤਵਪੂਰਨ ਪਹਿਲਕਦਮੀ ਪ੍ਰਧਾਨ ਮੰਤਰੀ ਧਨ-ਧਾਨਿਆ ਕ੍ਰਿਸ਼ੀ ਯੋਜਨਾ (PM-DDKY) ਦਾ ਇੱਕ ਸਾਲ ਪੂਰਾ ਹੋਣ ਮੌਕੇ ਨਵੀਂ ਦਿੱਲੀ ਸਥਿਤ ਪੂਸਾ ਕੈਂਪਸ ਵਿਖੇ ਵਿਸ਼ੇਸ਼ ਰਾਸ਼ਟਰੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਦੇਸ਼ ਦੇ 100 ਚੁਣੇ ਹੋਏ ਜ਼ਿਲ੍ਹਿਆਂ ਵਿੱਚ ਯੋਜਨਾ ਅਧੀਨ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ ਗਈ ਅਤੇ ਖੇਤੀਬਾੜੀ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਨੂੰ ਉਜਾਗਰ ਕੀਤਾ ਗਿਆ।

ਪ੍ਰਧਾਨ ਮੰਤਰੀ ਧਨ-ਧਾਨਿਆ ਕ੍ਰਿਸ਼ੀ ਯੋਜਨਾ ਦਾ ਮੁੱਖ ਉਦੇਸ਼ ਵੱਖ-ਵੱਖ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਯੋਜਨਾਵਾਂ ਨੂੰ ਆਪਸੀ ਤਾਲਮੇਲ ਨਾਲ ਲਾਗੂ ਕਰਕੇ ਖੇਤੀਬਾੜੀ ਖੇਤਰ ਦਾ ਸਮੁੱਚਾ ਵਿਕਾਸ ਯਕੀਨੀ ਬਣਾਉਣਾ ਹੈ। ਇਹ ਯੋਜਨਾ ਕਿਸੇ ਇੱਕ ਫ਼ਸਲ ਜਾਂ ਵਿਭਾਗ ਤੱਕ ਸੀਮਿਤ ਨਾ ਹੋ ਕੇ ਖੇਤੀਬਾੜੀ ਉਤਪਾਦਕਤਾ ਵਿੱਚ ਵਾਧਾ ਕਰਨ, ਸਿੰਚਾਈ ਸਹੂਲਤਾਂ ਵਿੱਚ ਸੁਧਾਰ ਲਿਆਉਣ, ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ, ਖੇਤੀ ਉਤਪਾਦਾਂ ਦੇ ਭੰਡਾਰਨ ਦੀ ਸਮਰੱਥਾ ਵਧਾਉਣ, ਕਿਸਾਨਾਂ ਲਈ ਕਰਜ਼ੇ ਦੀ ਉਪਲਬਧਤਾ ਸੁਖਾਲੀ ਬਣਾਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ 'ਤੇ ਕੇਂਦਰਿਤ ਹੈ।

ਇਸ ਸਮਾਗਮ ਵਿੱਚ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਯੋਜਨਾ ਅਧੀਨ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਜ਼ਿਲ੍ਹਿਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਫਾਜ਼ਿਲਕਾ ਜ਼ਿਲ੍ਹੇ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕੀਤੀ ਗਈ, ਜੋ ਜ਼ਿਲ੍ਹੇ ਦੇ ਖੇਤੀਬਾੜੀ ਵਿਭਾਗ ਅਤੇ ਕਿਸਾਨਾਂ ਲਈ ਮਾਣ ਵਾਲੀ ਗੱਲ ਹੈ।

ਰਾਸ਼ਟਰੀ ਪੱਧਰ ਦੇ ਇਸ ਸਮਾਗਮ ਵਿੱਚ ਫਾਜ਼ਿਲਕਾ ਜ਼ਿਲ੍ਹੇ ਦੇ ਖੇਤੀਬਾੜੀ ਖੇਤਰ ਨਾਲ ਸਬੰਧਤ ਪ੍ਰਮੁੱਖ ਅਧਿਕਾਰੀਆਂ, ਵਿਗਿਆਨੀਆਂ ਅਤੇ ਅਗਾਂਹਵਧੂ ਕਿਸਾਨ ਨੇ ਭਾਗ ਲਿਆ। ਇਨ੍ਹਾਂ ਵਿੱਚ ਸ਼੍ਰੀਮਤੀ ਬਬੀਤਾ ਕਲੇਰ (ਆਈ.ਏ.ਐੱਸ) , ਕਮਿਸ਼ਨਰ ਖੇਤੀਬਾੜੀ, ਸ਼੍ਰੀ ਕੁਲਵੰਤ ਸਿੰਘ, ਮੁੱਖ ਖੇਤੀਬਾੜੀ ਅਫ਼ਸਰ, ਫਾਜ਼ਿਲਕਾ, ਖੇਤੀਬਾੜੀ ਵਿਗਿਆਨੀ ਡਾ. ਅਰਵਿੰਦ ਅਹਲਾਵਤ, ਖੇਤੀਬਾੜੀ ਵਿਕਾਸ ਅਫ਼ਸਰ ਸ਼੍ਰੀ ਲਵਪ੍ਰੀਤ ਸਿੰਘ ਅਤੇ ਫਾਜ਼ਿਲਕਾ ਦੇ ਅਗਾਂਹਵਧੂ ਕਿਸਾਨ ਸ਼੍ਰੀ ਬਲਜੀਤ ਸਿੰਘ ਸ਼ਾਮਲ ਸਨ।

ਯੋਜਨਾ ਤਹਿਤ ਫਾਜ਼ਿਲਕਾ ਜ਼ਿਲ੍ਹੇ ਵਿੱਚ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਦਾ ਉਦੇਸ਼ ਕਿਸਾਨਾਂ ਨੂੰ ਆਧੁਨਿਕ ਖੇਤੀ ਤਕਨੀਕਾਂ, ਬਿਹਤਰ ਸਹੂਲਤਾਂ ਅਤੇ ਆਮਦਨ ਦੇ ਨਵੇਂ ਮੌਕੇ ਮੁਹੱਈਆ ਕਰਵਾਉਣਾ ਹੈ। ਵੱਖ-ਵੱਖ ਵਿਭਾਗਾਂ ਦੇ ਆਪਸੀ ਤਾਲਮੇਲ ਰਾਹੀਂ ਖੇਤੀਬਾੜੀ ਦੀ ਉਤਪਾਦਕਤਾ ਵਧਾਉਣ, ਸਰੋਤਾਂ ਦੀ ਸੁਚੱਜੀ ਵਰਤੋਂ ਨੂੰ ਉਤਸ਼ਾਹਿਤ ਕਰਨ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ।

ਫਾਜ਼ਿਲਕਾ ਜ਼ਿਲ੍ਹੇ ਦੇ ਕੰਮਾਂ ਦੀ ਰਾਸ਼ਟਰੀ ਪੱਧਰ 'ਤੇ ਹੋਈ ਸ਼ਲਾਘਾ ਜ਼ਿਲ੍ਹੇ ਲਈ ਵਿਸ਼ੇਸ਼ ਮਾਣ ਵਾਲੀ ਪ੍ਰਾਪਤੀ ਹੈ। ਇਹ ਪ੍ਰਾਪਤੀ ਜਿਲ੍ਹਾ ਪ੍ਰਸ਼ਾਸਨ , ਖੇਤੀਬਾੜੀ ਵਿਭਾਗ, ਵਿਗਿਆਨੀਆਂ, ਹੋਰ ਸਬੰਧਤ ਵਿਭਾਗਾਂ ਅਤੇ ਕਿਸਾਨਾਂ ਦੇ ਸਾਂਝੇ ਯਤਨਾਂ ਨੂੰ ਦਰਸਾਉਂਦੀ ਹੈ। ਇਸ ਨਾਲ ਜ਼ਿਲ੍ਹੇ ਵਿੱਚ ਖੇਤੀਬਾੜੀ ਦੇ ਟਿਕਾਊ ਵਿਕਾਸ, ਫ਼ਸਲੀ ਵਿਭਿੰਨਤਾ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਲਈ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਹੁਲਾਰਾ ਮਿਲਣ ਦੀ ਉਮੀਦ ਹੈ।

# ਸ੍ਰੀ ਹਰਬੰਸ ਸਿੰਘ ਲੇਖੀ ਵਲੋਂ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਗੁਰਦਾਸਪੁਰ ਦਾ ਅਹੁਦਾ ਸੰਭਾਲਿਆ ਗਿਆ

**ਗੁਰਦਾਸਪੁਰ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਹਰਬੰਸ ਸਿੰਘ ਲੇਖੀ, ਵੱਲੋਂ ਤਰੱਕੀ ਉਪਰੰਤ ਬਤੌਰ ਜ਼ਿਲ੍ਹਾ ਅਤੇ ਸੈਸ਼ਨ ਜੱਜ ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਪਹਿਲੇ ਸਟੇਸ਼ਨ 'ਤੇ ਆਪਣਾ ਅਹੁਦਾ ਸੰਭਾਲਿਆ ਗਿਆ। ਇਸ ਮੌਕੇ ਜ਼ਿਲ੍ਹਾ ਕਚਹਿਰੀਆਂ ਗੁਰਦਾਸਪੁਰ ਦੇ ਸਮੂਹ ਨਿਆਂਇਕ ਅਧਿਕਾਰੀ ਅਤੇ ਬਾਰ ਮੈਂਬਰਜ਼ ਵੀ ਮੌਜੂਦ ਸਨ।

ਸ੍ਰੀ ਹਰਬੰਸ ਸਿੰਘ ਲੇਖੀ, ਮਾਨਯੋਗ ਜਿਲ੍ਹਾ ਅਤੇ ਸ਼ੈਸ਼ਨ ਜੱਜ, ਗੁਰਦਾਸਪੁਰ ਦਾ ਜਨਮ 01 ਜਨਵਰੀ 1969 ਨੂੰ ਹੋਇਆ ਅਤੇ ਉਹਨਾਂ ਨੇ ਨਿਆਂਪਾਲਿਕਾ ਵਿੱਚ ਬਤੌਰ ਸਿਵਿਲ ਜੱਜ (ਜੂਨੀਅਰ ਡਵੀਜਨ) ਮਿਤੀ 16 ਫਰਵਰੀ 1996 ਨੂੰ ਜੁਆਇਨ ਕੀਤਾ ਸੀ।

ਅੱਜ ਬਤੌਰ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ, ਗੁਰਦਾਸਪੁਰ ਜੁਆਇਨ ਕਰਨ ਮੌਕੇ ਉਨਾਂ ਨੇ ਨਿਆਂ ਪ੍ਰਣਾਲੀ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਨ, ਆਮ ਲੋਕਾਂ ਨੂੰ ਸਮੇਂ ਸਿਰ ਨਿਆਂ ਮੁਹੱਈਆ ਕਰਵਾਉਣ ਅਤੇ ਨਿਆਂਇਕ ਪ੍ਰਕਿਰਿਆ ਨੂੰ ਪਾਰਦਰਸ਼ੀ ਤੇ ਪ੍ਰਭਾਵਸ਼ਾਲੀ ਬਣਾਉਣ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਅਦਾਲਤੀ ਕੰਮਕਾਜ ਵਿੱਚ ਅਨੁਸ਼ਾਸਨ, ਸਮੇਂ ਦੀ ਪਾਬੰਦੀ ਅਤੇ ਲੋਕਾਂ ਨੂੰ ਨਿਆਂ ਪ੍ਰਦਾਨ ਕਰਨ ਪ੍ਰਤੀ ਸਮਰਪਣ ਦੀ ਭਾਵਨਾ ਨਾਲ ਕੰਮ ਕਰਨ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਵੀ ਨਿਆਂ ਤੱਕ ਹਰ ਵਰਗ ਦੀ ਪਹੁੰਚ ਯਕੀਨੀ ਬਣਾਉਣ, ਲੋੜਵੰਦ ਅਤੇ ਗਰੀਬ ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਅਤੇ ਕਾਨੂੰਨੀ ਜੁਗਰੁਕਤਾ ਗਤੀਵਿਧੀਆਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਬਣਾਉਣ, ਲੋੜਵੰਦ ਅਤੇ ਗਰੀਬ ਵਿਅਕਤੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਅਤੇ ਕਾਨੂੰਨੀਚਲਾਉਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਜਾਣਗੀਆਂ।

## ਕਹਾਣੀ




-ਪ੍ਰੀਤਮਾ ਦੋਮੇਲ

ਅਮਰੀਕਾ ਵਿੱਚ ਜੰਮੀ-ਪਲੀ ਤੇ ਵਿਆਹ ਲਈ ਹਿੰਦੁਸਤਾਨ ਆਈ ਆਪਣੀ ਮੰਗੇਤਰ ਗੀਟਾ ਨੂੰ ਨਵਾਂ-ਨਵਾਂ ਲੱਗਿਆ ਐੱਸ. ਡੀ. ਐੱਮ. ਕੁਮਾਰ ਆਪਣੀ ਬਾਬਤ ਦੱਸ ਰਿਹਾ ਸੀ। "ਬੇਸ਼ੱਕ ਤੁਹਾਡੇ ਮਾਤਾ-ਪਿਤਾ ਨੇ ਮੈਨੂੰ ਤੁਹਾਡੇ ਲਈ ਚੁਣ ਲਿਆ ਹੈ ਪਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੀ ਬਾਬਤ ਉਹ ਸਾਰਾ ਕੁਝ ਜਾਣ ਲਵੋ ਜੋ ਅਮਰੀਕਾ ਬੈਠਿਆਂ ਤੁਸੀਂ ਨਹੀਂ ਜਾਣ ਸਕੇ।" ਗੀਟਾ ਨੇ ਮੁਸਕਰਾ ਕੇ ਕਿਹਾ, "ਜਿੰਨਾ ਜਾਣ ਲਿਆ ਕਾਫ਼ੀ ਹੈ। ਬਾਕੀ ਹਾਂ, ਜੇ ਤੁਸੀਂ ਆਪਣੇ ਵੱਲੋਂ ਕੁਝ ਹੋਰ ਕਹਿਣਾ ਚਾਹੁੰਦੇ ਹੋ ਤਾਂ ਮੈਨੂੰ ਸੁਣਨ ਵਿੱਚ ਕੋਈ ਇਤਰਾਜ਼ ਨਹੀਂ ਹੈ।"

"ਅੱਜ ਤੋਂ 40-50 ਸਾਲ ਪਹਿਲਾਂ ਸਾਡੇ ਦੇਸ਼ ਵਿੱਚ ਜ਼ਿਮੀਂਦਾਰੀ ਸਿਸਟਮ ਚਲਦਾ ਸੀ। ਮਤਲਬ ਕਿ ਇੱਕ ਪੂਰੇ ਪਿੰਡ ਜਾਂ ਆਲੇ-ਦੁਆਲੇ ਦੇ ਕਈ ਪਿੰਡਾਂ ਦੀ ਜ਼ਮੀਨ ਦਾ ਮਾਲਕ ਇੱਕ ਹੀ ਆਦਮੀ ਹੁੰਦਾ ਸੀ ਤੇ ਬਾਕੀ ਸਭ ਲੋਕ ਮਤਲਬ ਛੋਟੇ ਜ਼ਿਮੀਂਦਾਰ, ਬੇਜ਼ਮੀਨੇ ਲੋਕ ਤੇ ਨਿਮਨ ਵਰਗ ਦੇ ਪਰਿਵਾਰ ਉਸ ਵੱਡੇ ਜ਼ਿਮੀਂਦਾਰ ਦੇ ਅਧੀਨ ਹੁੰਦੇ ਸਨ। ਉਹੀ ਉਨ੍ਹਾਂ ਦੀ ਮਜ਼ਦੂਰੀ, ਕੰਮ ਦੇ ਘੰਟੇ ਤੇ ਬਾਕੀ ਹੋਰ ਸ਼ਰਤਾਂ ਤੈਅ ਕਰਦਾ ਸੀ। ਕਈ-ਕਈ ਬੰਦੇ ਤਾਂ ਉਮਰ ਭਰ ਲਈ ਉਨ੍ਹਾਂ ਦੇ ਘਰ ਮਾਮੂਲੀ ਮਜ਼ਦੂਰੀ ਪਰ ਜਾਂ ਸਿਰਫ਼ ਰੋਟੀ-ਕੱਪੜੇ ਪਰ ਹੀ ਕੰਮ ਕਰੀ ਜਾਂਦੇ ਸਨ। ਉਨ੍ਹਾਂ ਨੂੰ ਉਹ ਆਪਣੇ ਮਾਈ-ਬਾਪ ਲੱਗਦੇ ਸਨ। ਆਪਣੇ ਲਈ ਤਾਂ ਉਹ ਕਦੀ ਕੁਝ ਸੋਚਦੇ ਹੀ ਨਹੀਂ ਸਨ। ਉਨ੍ਹਾਂ ਦੇ ਹਿਸਾਬ ਨਾਲ ਸਿਰਫ਼ ਜ਼ਿਮੀਂਦਾਰ ਸਾਹਿਬ ਹੀ ਉਨ੍ਹਾਂ ਲਈ ਸਭ ਕੁਝ ਹੁੰਦੇ ਸਨ।" ਗੀਟਾ ਨੇ ਵਿੱਚੋਂ ਟੋਕ ਕੇ ਕਿਹਾ, "ਪਰ ਤੁਸੀਂ ਮੈਨੂੰ ਇਹ ਸਾਰਾ ਕੁਝ ਕਿਉਂ ਦੱਸ ਰਹੇ ਹੋ ? ਮੈਂ ਕੋਈ ਸਿਵਲ ਸਰਵਿਸਜ਼ ਦਾ ਇਮਤਿਹਾਨ ਦੇਣਾ ਹੈ ਜੋ ਇਸ ਸਿਸਟਮ ਬਾਬਤ ਜਾਣਾਂ।" ਕੁਮਾਰ ਨੇ ਗੰਭੀਰਤਾ ਨਾਲ ਕਿਹਾ, "ਚੁੱਪਚਾਪ ਸੁਣਦੇ ਜਾਓ! ਇਹੋ ਜਿਹਾ ਹੀ ਇੱਕ ਸਿੱਧਾ-ਸਾਦਾ ਬੰਦਾ ਸੀ ਕਿਸ਼ਨ ਲਾਲ, ਜਿਸ ਦੀ ਅੱਧੀ ਉਮਰ ਆਪਣੇ ਜ਼ਿਮੀਂਦਾਰ ਚੌਧਰੀ ਮੋਹਨ ਲਾਲ ਕੋਲ ਕੰਮ ਕਰਦਿਆਂ ਲੰਘ ਗਈ ਸੀ। ਉਸ ਦਾ ਬਾਪ ਪਹਿਲਾਂ ਚੌਧਰੀ ਸਾਹਿਬ ਦੇ ਘਰ ਕੰਮ ਕਰਦਾ ਸੀ। ਫੇਰ ਕਿਸ਼ਨ ਲਾਲ ਆਪਣੇ ਬਾਪ ਨਾਲ ਉਸ ਘਰ ਜਾਣ ਲੱਗ ਪਿਆ ਤੇ ਕੰਮ ਕਰਦੇ-ਕਰਦੇ ਵੱਡਾ ਹੋ ਗਿਆ। ਉਸ ਦਾ ਵਿਆਹ ਹੋ ਗਿਆ ਤੇ ਬੱਚੇ ਹੋ ਗਏ। ਤਿੰਨਾਂ ਬੱਚਿਆਂ ਵਿੱਚੋਂ ਸਭ ਤੋਂ ਵੱਡਾ ਸੀ ਕੁਮਾਰ। ਉਹ ਮੈਂ ਹਾਂ।" ਗੀਟਾ ਨੇ ਹੈਰਾਨ ਹੋ ਕੇ ਉਸ ਵੱਲ ਦੇਖਿਆ ਪਰ ਬੋਲੀ ਕੁਝ ਨਹੀਂ। ਰਾਕੇਸ਼ ਨੇ ਆਪਣੀ ਗੱਲ ਜਾਰੀ ਰੱਖੀ: ਕੁਮਾਰ 10 ਸਾਲ ਦਾ ਸੀ ਤੇ ਪਿੰਡ ਦੇ ਸਕੂਲ ਤੋਂ ਪੰਜਵੀਂ ਪਾਸ ਕਰਕੇ ਸ਼ਹਿਰ ਦੇ ਵੱਡੇ ਹਾਈ ਸਕੂਲ ਵਿੱਚ ਪੜ੍ਹਨ ਲੱਗ ਪਿਆ ਸੀ। ਪਿਛਲੀ ਸਦੀ ਦੇ ਅਖੀਰਲੇ ਦਹਾਕੇ ਵਿੱਚ ਸਾਡੇ ਪੰਜਾਬ ਵਿੱਚ ਬੜਾ ਕੁਝ ਬਦਲ ਗਿਆ ਸੀ। ਲੋਕਾਂ ਦੇ ਹੱਥਾਂ ਵਿੱਚ ਛੋਟੇ-ਛੋਟੇ ਖਿਡੌਣਿਆਂ ਵਰਗੇ ਫੋਨ ਆ ਗਏ ਸਨ। ਉਹ ਜਿੱਥੇ ਚਾਹੁਣ ਖੜ੍ਹੇ ਹੋ ਕੇ ਜਿਹਦੇ ਨਾਲ ਮਰਜ਼ੀ ਗੱਲ ਕਰ ਸਕਦੇ ਸਨ। ਪਿੰਡ-ਪਿੰਡ ਵਿੱਚ ਸਕੂਲ ਖੁੱਲ੍ਹ ਗਏ ਸਨ। ਸਾਰੇ ਪਿੰਡਾਂ ਵਿੱਚ ਬਿਜਲੀ ਆ ਗਈ ਸੀ। ਪਾਣੀ ਦੀਆਂ ਟੈਂਕੀਆਂ ਬਣ ਗਈਆਂ ਸਨ। ਪੱਕੀਆਂ ਸੜਕਾਂ ਪਿੰਡ ਦੀਆਂ ਜੂਹਾਂ ਤੱਕ ਪਹੁੰਚ ਗਈਆਂ ਸਨ ਤੇ ਛੋਟੀਆਂ-ਛੋਟੀਆਂ ਬੱਸਾਂ ਵੀ ਪਿੰਡਾਂ ਵਿੱਚ ਬੱਚਿਆਂ ਨੂੰ ਲੈ ਜਾਂਦੀਆਂ ਸਨ ਪਰ ਕੁਮਾਰ ਨੂੰ ਆਪਣੇ ਸਕੂਲ ਪੈਦਲ ਹੀ ਜਾਣਾ ਪੈਂਦਾ ਸੀ। ਉਸ ਦੇ ਪਿੰਡ ਤੋਂ ਸਕੂਲ ਤਿੰਨ ਕਿਲੋਮੀਟਰ ਦੂਰ ਸੀ। ਇੱਕ ਵਾਰੀ ਉਸ ਨੇ ਆਪਣੇ ਬਾਪੂ ਕਿਸ਼ਨ ਲਾਲ ਨੂੰ ਸਾਈਕਲ ਲੈ ਕੇ ਦੇਣ ਲਈ ਕਿਹਾ ਤਾਂ ਅੱਗੋਂ ਉਸ ਨੇ ਸਮਝਾਇਆ, "ਪੁੱਤ ਬੰਦੇ ਨੂੰ ਥੋੜ੍ਹਾ ਬਹੁਤਾ ਪੈਦਲ ਵੀ ਚੱਲਣਾ ਚਾਹੀਦਾ ਹੈ, ਤਿੰਨ ਕਿਲੋਮੀਟਰ ਕੀ ਹੁੰਦਾ ਹੈ ? ਜਦ ਅਸੀਂ ਤੇਰੀ ਉਮਰ ਦੇ ਸਾਂ ਤਾਂ ਰਾਤ ਨੂੰ ਰਾਮ ਲੀਲਾ ਦੇਖਣ 10-10 ਕਿਲੋਮੀਟਰ ਸ਼ਹਿਰ ਚਲੇ ਜਾਂਦੇ ਸਾਂ। ਹੱਥ-ਪੈਰ ਤਾਂ ਚਲਦੇ ਹੀ ਚੰਗੇ ਹਨ।" ਇਸ ਤੋਂ ਬਾਅਦ ਉਸ ਨੇ ਫੇਰ ਕਦੇ ਸਾਈਕਲ ਲੈਣ ਦੀ ਗੱਲ ਨਾ ਕੀਤੀ। ਭਾਵੇਂ ਕੁਮਾਰ ਬਹੁਤ ਭੋਲਾ-ਭਾਲਾ ਸੀ ਤੇ ਬੜੀਆਂ ਗੱਲਾਂ ਤੋਂ ਅਣਜਾਣ ਸੀ ਪਰ ਜਦੋਂ ਤੋਂ ਉਹ ਸ਼ਹਿਰ ਦੇ ਸਕੂਲ ਵਿੱਚ ਆਇਆ ਸੀ ਤਾਂ ਬੜਾ ਕੁਝ ਨਵਾਂ-ਨਵਾਂ ਸਿੱਖ ਰਿਹਾ ਸੀ। ਉਹ ਦੇਖਦਾ ਕਿ ਉਸ ਦੀ ਜਮਾਤ ਦੇ ਮੁੰਡੇ ਬੜੇ ਸੋਹਣੇ-ਸੋਹਣੇ ਕੱਪੜੇ ਤੇ ਨਵੇਂ ਡਿਜ਼ਾਈਨ ਦੇ ਬੂਟ ਪਾ ਕੇ ਸਕੂਲ ਆਉਂਦੇ। ਕਈਆਂ ਨੂੰ ਗੱਡੀਆਂ ਤੇ ਜੀਪਾਂ ਛੱਡ ਜਾਂਦੀਆਂ। ਕਈ ਮੁੰਡੇ ਸਕੂਟਰਾਂ ਤੇ ਮੋਟਰਸਾਈਕਲਾਂ 'ਤੇ ਚੜ੍ਹ ਕੇ ਆਉਂਦੇ। ਉਨ੍ਹਾਂ ਦੇ ਬੋਝਿਆਂ ਵਿੱਚ ਬੜੇ ਸਾਰੇ ਪੈਸੇ ਹੁੰਦੇ ਤੇ ਉਹ ਅੱਧੀ ਛੁੱਟੀ ਵੇਲੇ ਕੰਟੀਨ 'ਤੇ ਖੜ੍ਹੇ-ਖੜ੍ਹੇ ਕੁਝ ਨਾ ਕੁਝ ਖਾਂਦੇ ਰਹਿੰਦੇ ਪਰ ਰਾਕੇਸ਼ ਕੋਲ ਤਾਂ ਛੋਟੇ ਜਿੰਨੇ ਪੋਣੇ ਵਿੱਚ ਦੋ ਛੋਟੀਆਂ-ਛੋਟੀਆਂ ਪਰਾਉਂਠੀਆਂ ਹੁੰਦੀਆਂ, ਨਾਲ ਇੱਕ-ਦੋ ਫਾੜੀਆਂ ਆਚਾਰ ਦੀਆਂ ਜਾਂ ਕਈ ਵਾਰ ਤਾਂ ਲੂਣ ਹੀ ਹੁੰਦਾ ਤੇ ਉਹ ਇਸ ਫ਼ਰਕ ਨੂੰ ਬੜੀ ਤਿੱਖੀ ਤਰ੍ਹਾਂ ਮਹਿਸੂਸ ਕਰਦਾ। ਫੇਰ ਉਸ ਨੇ ਆਪਣਾ ਸਾਰਾ ਧਿਆਨ ਪੜ੍ਹਾਈ ਵਿੱਚ ਲਾਉਣਾ ਸ਼ੁਰੂ ਕਰ ਦਿੱਤਾ। ਸਕੂਲੋਂ ਆ ਕੇ ਉਹ ਖਾ-ਪੀ ਕੇ ਪੜ੍ਹਨ ਬੈਠ ਜਾਂਦਾ ਤੇ ਸ਼ਾਮੀਂ ਕਈ ਵਾਰੀ ਆਪਣੇ ਬਾਪੂ ਨਾਲ ਚੌਧਰੀ ਸਾਹਿਬ ਦੇ ਘਰ ਚਲਾ ਜਾਂਦਾ। ਭਾਵੇਂ ਜ਼ਿਮੀਂਦਾਰ ਸਿਸਟਮ ਕਦੋਂ ਦਾ ਖ਼ਤਮ ਹੋ ਚੁੱਕਿਆ ਸੀ ਪਰ ਉਸ ਸਦੀਆਂ ਪੁਰਾਣੇ ਸਿਸਟਮ ਦੀਆਂ ਜੜ੍ਹਾਂ ਇੰਨੀ ਮਜ਼ਬੂਤੀ ਨਾਲ ਗ਼ਰੀਬ ਲੋਕਾਂ ਦੇ ਮਨਾਂ ਵਿੱਚ ਜੰਮੀਆਂ ਹੋਈਆਂ ਸਨ ਕਿ ਉਹ ਹੁਣ ਵੀ ਸਾਹਮਣੇ ਤੋਂ ਜ਼ਿਮੀਂਦਾਰ ਨੂੰ ਆਉਂਦਾ ਦੇਖ ਕੇ ਥਾਏਂ ਰੁਕ ਜਾਂਦੇ ਸਨ ਤੇ ਜਦ ਤੱਕ ਉਹ ਲੰਘ ਨਾ ਜਾਏ ਤਾਂ ਨਜ਼ਰਾਂ ਝੁਕਾ ਕੇ ਹੱਥ ਜੋੜ ਕੇ ਖੜ੍ਹੇ ਰਹਿੰਦੇ ਸਨ। ਉਹ ਦੋਵੇਂ ਚੌਧਰੀ ਸਾਹਿਬ ਦੇ ਬਾਹਰਲੇ ਬੂਹੇ ਕੋਲ ਹੀ ਜੁੱਤੀਆਂ ਉਤਾਰ ਕੇ ਅੰਦਰ ਵੜਦੇ ਤੇ ਕਦੇ ਚੌਧਰੀ ਸਾਹਿਬ ਦੇ ਸਾਹਮਣੇ ਬੈਠਦੇ ਨਾ, ਖੜ੍ਹੇ ਹੀ ਰਹਿੰਦੇ! ਉਹ ਘਰ ਦੇ ਕਈ ਛੋਟੇ-ਮੋਟੇ ਕੰਮ ਕਰਦਾ ਰਹਿੰਦਾ। ਕਈ ਵਾਰੀ ਬੀਬੀ ਜੀ ਨਾਲ ਰਸੋਈ ਵਿੱਚ ਵੀ ਉਸ ਦੀ ਸਹਾਇਤਾ ਕਰਦਾ। ਉਹ ਦੇਰ ਰਾਤ ਤੱਕ ਪੜ੍ਹਦਾ ਰਹਿੰਦਾ। ਕਦੇ ਉਸ ਦਾ ਬਾਪੂ ਉਸ ਨਾਲ ਸਕੂਲ ਦੀਆਂ ਗੱਲਾਂ ਕਰਨ ਲੱਗ ਜਾਂਦਾ। ਉਹ ਆਪਣੇ ਜਮਾਤੀ ਮੁੰਡਿਆਂ ਦੇ ਕੱਪੜੇ, ਜੁੱਤਿਆਂ ਦੀ ਗੱਲਾਂ ਕਰਦਾ ਪਰ ਕੁਝ ਲੈਣ ਲਈ ਕਦੇ ਉਚੇਚੇ ਤੌਰ ਪਰ ਆਪਣੇ ਬਾਪੂ ਨੂੰ ਨਹੀਂ ਸੀ ਕਿਹਾ। ਉਸ ਸਾਲ ਉਹ ਆਪਣੀ ਜਮਾਤ ਵਿੱਚ ਦੂਜੇ ਨੰਬਰ 'ਤੇ ਆਇਆ ਸੀ ਤੇ ਉਸ ਤੋਂ ਅਗਲੇ ਸਾਲ ਉਹ ਅੱਵਲ ਆ ਗਿਆ ਸੀ। ਉਸ ਦੀ ਬੀਬੀ ਨੇ ਆਪਣੇ ਗੁਆਂਢ ਵਿੱਚ ਪਤਾਸੇ ਵੰਡੇ। ਇੱਕ ਲਿਫ਼ਾਫ਼ੇ ਵਿੱਚ ਪਤਾਸੇ ਪਾ ਕੇ ਕਿਸ਼ਨ ਲਾਲ ਚੌਧਰੀ ਸਾਹਿਬ ਲਈ ਵੀ ਲੈ ਆਇਆ। ਸ਼ਾਮ ਹੋ ਗਈ ਸੀ। ਚੌਧਰੀ ਸਾਹਿਬ ਆਪਣੇ-ਆਪਣੇ ਵੱਡੇ ਸਾਰੇ ਡਰਾਇੰਗ ਰੂਮ ਦੇ ਸੋਫ਼ੇ 'ਤੇ ਫੈਲ ਕੇ ਬੈਠਾ ਸੀ। ਹੱਸ ਕੇ ਬੋਲਿਆ, "ਓਏ ਕਿਸ਼ਨਿਆ ਆਹ ਕੀ ਪਤਾਸੇ ਦੇਣ ਲੱਗਿਆਂ। ਇਹ ਵੇਲਾ ਮੂੰਹ ਕੌੜਾ ਕਰਨ ਦਾ ਹੈ ਜਾਂ ਪਤਾਸੇ ਖਾਣ ਦਾ। ਜਾਹ ਰਸੋਈ ਵਿੱਚੋਂ ਇੱਕ ਜੱਗ ਪਾਣੀ ਦਾ ਤੇ ਇੱਕ ਗਿਲਾਸ ਲੈ ਕੇ ਆ।" ਕਿਸ਼ਨਾ ਭੱਜ ਕੇ ਦੋਵੇਂ ਚੀਜ਼ਾਂ ਲੈ ਆਇਆ, ਚੌਧਰੀ ਸਾਹਿਬ ਨੇ ਤਕੜਾ ਜੇਹਾ ਪੈਗ ਬਣਾ ਕੇ ਵਿੱਚ ਥੋੜ੍ਹਾ ਜਿੰਨਾ ਪਾਣੀ ਪਾਇਆ ਤੇ ਵੱਡਾ ਸਾਰਾ ਘੁੱਟ ਭਰ ਕੇ ਬੋਲਿਆ, "ਹਾਂ ਬਈ ਇਹ ਪਤਾਸੇ ਕਿਸ ਖ਼ੁਸ਼ੀ ਵਿੱਚ, ਕੀ ਤੇਰੀ ਘਰਵਾਲੀ ਨੇ ਹੋਰ ਮੁੰਡਾ ਜੰਮ ਦਿੱਤਾ ਹੈ।"

ਕਿਸ਼ਨਾ ਸ਼ਰਮਿੰਦਾ ਜੇਹਾ ਹੋ ਕੇ ਬੋਲਿਆ, "ਨਹੀਂ ਸਰਕਾਰ ਬੱਚੇ ਤਾਂ ਅੱਗੇ ਹੀ ਬਥੇਰੇ ਹਨ। ਸਰਕਾਰ ਤਾਂ ਸਿਰਫ਼ ਦੋ ਬੱਚਿਆਂ ਦੀ ਹੀ ਇਜਾਜ਼ਤ ਦੇਂਦੀ ਹੈ। ਸਾਡੇ ਤਾਂ ਪਹਿਲਾਂ ਹੀ ਇੱਕ ਵਾਧੂ ਹੈ। ਇਹ ਤਾਂ ਆਪਣਾ ਕੁਮਾਰ ਆਪਣੀ ਜਮਾਤ ਵਿੱਚੋਂ ਪਹਿਲੇ ਨੰਬਰ 'ਤੇ ਆਇਆ ਹੈ ਤੇ ਉਸ ਦੀ ਮਾਂ ਨੇ ਖ਼ੁਸ਼ੀ ਵਿੱਚ ਪਤਾਸੇ ਵੰਡੇ ਐ। ਮੈਂ ਤੁਹਾਡੇ ਲਈ ਵੀ ਲੈ ਆਇਆ ਹਾਂ।"

"ਓ ਬੱਲੇ ਬੱਲੇ, ਵਾਹ ਬਈ ਕਮਾਲ ਹੋ ਗਈ; ਬਹੁਤ ਵਧੀਆ, ਲਿਆ ਬਈ ਇੱਕ ਪਤਾਸਾ ਦੇ ਕੱਢ ਕੇ। ਫੇਰ ਮੁੰਡੇ ਨੂੰ ਕੁਸ਼ ਇਨਾਮ-ਸ਼ਨਾਮ ਵੀ ਦਿੱਤਾ ਕਿ ਨਹੀਂ।" ਚੌਧਰੀ ਨੇ ਖ਼ੁਸ਼ ਹੋ ਕੇ ਕਿਹਾ। "ਅਨਾਮ ਕਿਆ ਦੇਣਾ ਸੀ ਸਰਕਾਰ। ਉਹ ਕੁਸ਼ ਲੈਂਦਾ ਹੀ ਨਹੀਂ! ਮੈਂ ਬਥੇਰਾ ਕਿਹਾ ਬਈ ਨਵੀਂ ਕਮੀਜ਼-ਪੈਂਟ ਲੈ ਲੈ, ਜੁੱਤੀਆਂ ਲੈ ਲੈ ਕਹਿੰਦਾ ਹੈ ਕੋਈ ਨਾ ਡੈਡੀ ਜਦੋਂ ਲੋੜ ਹੋਵੇਗੀ ਲੈ ਲਵਾਂਗਾ।"

"ਓ ਮੂਰਖਾ ਤੈਨੂੰ ਏਨੀ ਵੀ ਸਮਝ ਨਹੀਂ। ਮੁੰਡਾ ਸਾਰੇ ਸਕੂਲ 'ਚੋਂ ਫਸਟ ਆਇਆ ਹੈ, ਉਹ ਕੀ ਕਹੇਗਾ! ਤੂੰ ਆਪ ਲਿਆ ਕੇ ਦੇ, ਇਨਾਮ ਕੋਈ ਪੁੱਛ ਕੇ ਦੇਈਦਾ ਹੈ। ਲਿਆਵੀਂ ਕੱਲ੍ਹ ਨੂੰ ਮੇਰੇ ਕੋਲ, ਮੈਂ ਕੁਸ਼ ਦਊਂਗਾ। ਚੌਧਰੀ ਨੇ ਪੈੱਗ ਖ਼ਤਮ ਕਰਕੇ ਦੂਜਾ ਪਾ ਲਿਆ ਸੀ।" "ਸਰਕਾਰ ਪਤਾ ਨਹੀਂ ਕਿਹੋ ਜਿਹਾ ਗਿਆ ਹੈ। ਸ਼ੁਰੂ ਸ਼ੁਰੂ 'ਚ ਇੱਕ ਵਾਰੀ ਸਾਈਕਲ ਮੰਗਿਆ ਸੀ। ਮੈਂ ਟਾਲ ਦਿੱਤਾ। ਫੇਰ ਇੱਕ-ਦੋ ਵਾਰੀ ਨਵੀਂ ਜੈਕਟ ਲਈ ਕਿਹਾ ਸੀ। ਬੱਸ ਉਸ ਤੋਂ ਬਾਅਦ ਕਦੇ ਕੁਝ ਨਹੀਂ ਮੰਗਿਆ।" "ਇਹ ਤਾਂ ਮਾੜੀ ਗੱਲ ਹੈ ਕਿਸ਼ਨਿਆ। ਨਿਆਣੇ ਦਾ ਏਦਾਂ ਚੁੱਪ ਕਰਨਾ ਬਹੁਤ ਖ਼ਤਰਨਾਕ ਹੁੰਦਾ ਹੈ। ਆਹ ਆਪਣੇ ਬੌਬੀ ਦਾ ਇੱਕ ਦੋਸਤ ਸੀ, ਰੋਜ਼ ਨਵੀਆਂ-ਨਵੀਆਂ ਚੀਜ਼ਾਂ ਮੰਗਦਾ ਰਹਿੰਦਾ ਸੀ। ਇੱਕ ਵਾਰੀ ਨਵੀਂ ਕਾਰ ਲਈ ਜ਼ਿੱਦ ਕਰਨ ਲੱਗਾ। ਪਿਓ ਨੇ ਨਾਂਹ ਕਰ ਦਿੱਤੀ। ਆਹ ਪਿਛਲੀਆਂ ਸਰਦੀਆਂ ਵਿੱਚ ਅਗਲਾ ਪੱਕੀ ਨਹਿਰ ਵਿੱਚ ਛਾਲ ਮਾਰ ਗਿਆ। ਲਾਸ਼ ਕਿਤੇ ਅੱਗਿਓਂ ਹੀ ਮਿਲੀ। ਅੱਜ-ਕੱਲ੍ਹ ਦੇ ਨਿਆਣਿਆਂ ਤੋਂ ਭਾਈ ਡਰ ਕੇ ਰਹਿਣਾ ਚਾਹੀਦਾ ਹੈ।"

ਸੁਣ ਕੇ ਕਿਸ਼ਨ ਲਾਲ ਕੰਬ ਗਿਆ ਤੇ ਹੱਥ ਜੋੜ ਕੇ ਬੋਲਿਆ, "ਚੰਗਾ ਸਰਕਾਰ ਮੈਂ ਚਲਦਾ, ਕੱਲ੍ਹ ਨੂੰ ਉਸ ਨੂੰ ਲੈ ਕੇ ਆਊਂਗਾ।"

ਅਗਲੇ ਦਿਨ ਕਿਸ਼ਨ ਲਾਲ ਨੇ ਕੁਮਾਰ ਨੂੰ ਚੌਧਰੀ ਸਾਹਿਬ ਦੇ ਘਰ ਚੱਲਣ ਨੂੰ ਕਿਹਾ। ਉਹ ਚੁੱਪ-ਚਾਪ ਉਸ ਦੇ ਨਾਲ ਤੁਰ ਪਿਆ। ਚੌਧਰੀ ਸਾਹਿਬ ਵੀ ਜਿਵੇਂ ਉਨ੍ਹਾਂ ਨੂੰ ਹੀ ਉਡੀਕ ਰਿਹਾ ਸੀ। ਕ੍ਰਿਸ਼ਨ ਲਾਲ ਨੇ ਝੁਕ ਕੇ ਪ੍ਰਣਾਮ ਕੀਤਾ ਤੇ ਚੁੱਪ-ਚਾਪ ਖੜ੍ਹਾ ਹੋ ਗਿਆ। ਉਸ ਦੀ ਦੇਖਾ-ਦੇਖੀ ਕੁਮਾਰ ਨੇ ਵੀ ਪ੍ਰਣਾਮ ਕੀਤਾ ਤੇ ਹੱਥ ਜੋੜ ਕੇ ਬੋਲਿਆ, "ਪ੍ਰਣਾਮ ਬਾਬਾ ਜੀ।"

"ਓਏ, ਇਹ ਕੀ। ਮੈਂ ਤੇਰਾ ਬਾਬਾ ਜੀ ਕਿਵੇਂ ਲੱਗਿਆ। ਰਿਸ਼ਤੇ ਬਰਾਬਰ ਵਾਲਿਆਂ ਵਿੱਚ ਹੁੰਦੇ ਹਨ, ਛੋਟੇ-ਵੱਡੇ, ਅਮੀਰ-ਗ਼ਰੀਬ ਜਾਂ ਨੌਕਰ-ਮਾਲਿਕ ਵਿੱਚ ਨਹੀਂ। ਖ਼ੈਰ ਛੱਡ ਏਸ ਗੱਲ ਨੂੰ! ਕਿਸ਼ਨਿਆਂ ਸਮਝਾ ਦੇਵੀਂ ਮੁੰਡੇ ਨੂੰ। ਮੈਂ ਤਾਂ ਤੇਰੇ ਫਸਟ ਆਉਣ 'ਤੇ ਖ਼ੁਸ਼ ਹੋ ਕੇ ਤੈਨੂੰ ਇਨਾਮ ਦੇਣ ਲਈ ਬੁਲਾਇਆ ਹੈ। ਆਹ ਲੈ ਆਪਣਾ ਇਨਾਮ, ਇਹ ਘੜੀ। ਇਹ ਤੈਨੂੰ ਸਮੇਂ ਦੀ ਕੀਮਤ ਸਮਝਾਉਣ ਲਈ ਹੈ। ਜੇ ਤੂੰ ਸਮੇਂ ਦੀ ਨਬਜ਼ ਪਛਾਣ ਲਈ ਤਾਂ ਮੇਰਾ ਦਿਲ ਕਹਿੰਦਾ ਹੈ ਕਿ ਤੂੰ ਇੱਕ ਦਿਨ ਬਹੁਤ ਵੱਡਾ ਅਫ਼ਸਰ ਬਣੇਂਗਾ ਤੇ ਜਿਵੇਂ ਅੱਜ ਤੂੰ ਮੇਰੇ ਸਾਹਮਣੇ ਖੜ੍ਹਾ ਹੈਂ, ਇਸ ਤਰ੍ਹਾਂ ਮੈਨੂੰ ਤੇਰੇ ਸਾਹਮਣੇ ਖੜ੍ਹਾ ਹੋਣਾ ਪਵੇਗਾ।" ਕਹਿ ਕੇ ਉਸ ਨੇ ਘੜੀ ਰਾਕੇਸ਼ ਦੀ ਬਾਂਹ 'ਤੇ ਬੰਨ੍ਹ ਦਿੱਤੀ ਤੇ ਪਿੱਠ ਫੇਰ ਕੇ ਖੜ੍ਹਾ ਹੋ ਗਿਆ। ਕਿਸ਼ਨਾ ਸਮਝ ਗਿਆ। ਇਹ ਉਨ੍ਹਾਂ ਲਈ ਜਾਣ ਦਾ ਇਸ਼ਾਰਾ ਸੀ। ਉਸ ਨੇ ਘਰ ਆ ਕੇ ਬਹੁਤ ਹੀ ਪਿਆਰ ਨਾਲ ਕੁਮਾਰ ਨੂੰ ਕਿਹਾ, "ਤੂੰ ਮੇਰੇ ਕੋਲੋਂ ਵੀ ਕੁਝ ਮੰਗ ਲੈ। ਅੱਜ ਮੇਰਾ ਜੀ ਬਹੁਤ ਖ਼ੁਸ਼ ਹੈ, ਜੋ ਮੰਗੇਂਗਾ ਮਿਲੇਗਾ।" ਉਸ ਨੇ ਦੇਖਿਆ ਕਿ ਚੌਧਰੀ ਸਾਹਿਬ ਦੇ ਘਰੋਂ ਆਉਣ ਤੋਂ ਬਾਅਦ ਕੁਮਾਰ ਬਹੁਤ ਉਖੜਿਆ-ਉਖੜਿਆ ਲੱਗਿਆ ਸੀ। ਕੁਮਾਰ ਨੇ ਉਸੇ ਲਹਿਜ਼ੇ ਵਿੱਚ ਕਿਹਾ, "ਨਹੀਂ ਡੈਡੀ ਮੈਨੂੰ ਕੁਝ ਨਹੀਂ ਚਾਹੀਦਾ। ਤੁਸੀਂ ਮੈਨੂੰ ਪਹਿਲਾਂ ਹੀ ਬਹੁਤ ਕੁਝ ਦੇ ਚੁੱਕੇ ਹੋ। ਆਹ ਸਰੀਰ, ਇਸ ਨੂੰ ਪਾਲਿਆ ਪੋਸਿਆ, ਇਸ ਦੀਆਂ ਸਾਰੀਆਂ ਜ਼ਰੂਰਤਾਂ ਦਾ ਧਿਆਨ ਰੱਖਿਆ। ਤੁਸੀਂ ਤਾਂ ਮੇਰੇ ਰੱਬ ਹੋ, ਰੱਬ ਨੂੰ ਤਾਂ ਨਹੀਂ ਦੇਖਿਆ ਪਰ ਮੇਰੇ ਲਈ ਮੇਰੇ ਮਾਂ-ਬਾਪ ਹੀ ਮੇਰੇ ਰੱਬ ਹਨ। ਜਿਵੇਂ ਰੱਬ ਹਰ ਬੰਦੇ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਦਾ ਹੈ, ਬਿਨਾਂ ਮੰਗਿਆਂ ਹੀ ਸਭ ਕੁਝ ਦੇ ਦੇਂਦਾ ਹੈ। ਇਸੇ ਤਰ੍ਹਾਂ ਤੁਸੀਂ ਵੀ ਬਿਨਾਂ ਮੰਗਿਆਂ ਮੈਨੂੰ ਸਭ ਕੁਝ ਦੇਂਦੇ ਰਹੇ ਹੋ। ਹੋਰ ਮੈਂ ਕੀ ਮੰਗਾਂ! ਹੋਰ ਕੁਝ ਮੰਗ ਕੇ ਮੈਂ ਤੁਹਾਨੂੰ ਛੋਟਾ ਨਹੀਂ ਕਰਨਾ ਚਾਹੁੰਦਾ। ਬਾਕੀ ਜੋ ਕੁਝ ਕਮੀ ਸੀ ਉਹ ਚੌਧਰੀ ਸਾਹਿਬ ਨੇ ਦੇ ਦਿੱਤਾ।" "ਕੀ ਮਤਲਬ।" ਕਿਸ਼ਨ ਲਾਲ ਹੈਰਾਨ ਹੋ ਰਿਹਾ ਸੀ। "ਆਹ ਘੜੀ।" ਰਾਕੇਸ਼ ਨੇ ਘੜੀ ਨੂੰ ਟੋਹ ਕੇ ਕਿਹਾ। ਵਿਚਾਰਾ ਸਿੱਧਾ-ਸਾਦਾ ਕਿਸ਼ਨ ਲਾਲ ਤਾਂ ਉਸ ਦੀਆਂ ਗੱਲਾਂ ਸੁਣ ਕੇ ਘਬਰਾ ਗਿਆ। ਮੁੰਡੇ ਦਾ ਕਿਧਰੇ ਦਿਮਾਗ਼ ਤਾਂ ਨਹੀਂ ਚਲ ਗਿਆ। ਇਹ ਕਿਵੇਂ ਦੀਆਂ ਗੱਲਾਂ ਕਰਦਾ ਹੈ।

"ਹਾਂ ਡੈਡੀ ਆਹ ਸਰਕਾਰ ਨੇ ਮੈਨੂੰ ਗਿਫ਼ਟ ਬਹੁਤ ਕੀਮਤੀ ਦਿੱਤਾ ਹੈ ਤੇ ਆਸ਼ੀਰਵਾਦ ਹੋਰ ਵੀ ਤਕੜਾ! ਮੈਂ ਸੱਚਮੁੱਚ ਹੀ ਉਹੀ ਕੁਝ ਬਣ ਕੇ ਦਿਖਾਵਾਂਗਾ। ਤੁਸੀਂ ਵੀ ਮੈਨੂੰ ਅਜਿਹਾ ਹੀ ਆਸ਼ੀਰਵਾਦ ਦਿਓ।" ...ਤੇ ਉਹ ਦਿਨ ਕੁਮਾਰ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਡਾ ਇਨਕਲਾਬ ਲੈ ਕੇ ਆਇਆ ਸੀ। ਫੇਰ ਦੋਵਾਂ ਬਜ਼ੁਰਗਾਂ ਦੇ ਆਸ਼ੀਰਵਾਦ ਨੂੰ ਸਿਰ 'ਤੇ ਰੱਖ ਕੇ ਰਾਕੇਸ਼ ਆਪਣੀ ਜ਼ਿੰਦਗੀ ਦੇ ਅਗਲੇ ਪੜਾਅ ਵੱਲ ਚੱਲ ਪਿਆ ਸੀ। ਮਿਹਨਤ ਤੇ ਲਗਨ ਨਾਲ ਉਹ ਕਾਲਜ ਦੀਆਂ ਜਮਾਤਾਂ ਦੀਆਂ ਪੌੜੀਆਂ ਚੜ੍ਹਦਾ-ਚੜ੍ਹਦਾ ਅਖੀਰਲੀ ਪੌੜੀ 'ਤੇ ਆ ਪਹੁੰਚਿਆ ਸੀ। ਉਨ੍ਹਾਂ ਨੇ ਉਹ ਸ਼ਹਿਰ ਵੀ ਛੱਡ ਦਿੱਤਾ ਸੀ ਤੇ ਅਗਲੀ ਪੜ੍ਹਾਈ ਲਈ ਉਹ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਆ ਟਿਕਿਆ ਸੀ। ਉਸ ਨੇ ਸਿਵਲ ਸਰਵਿਸਜ਼ ਦਾ ਇਮਤਿਹਾਨ ਦਿੱਤਾ ਤੇ ਉਸ ਵਿੱਚ ਕਾਮਯਾਬ ਵੀ ਹੋ ਗਿਆ ਸਗੋਂ ਉਸ ਨੇ ਅੱਛੀ ਰੈਂਕਿੰਗ ਪ੍ਰਾਪਤ ਕੀਤੀ। ਜ਼ਿਲ੍ਹੇ ਦੀਆਂ ਅਖ਼ਬਾਰਾਂ ਵਿੱਚ ਉਸ ਦੀ ਫੋਟੋ ਛਪੀ ਸੀ ਤੇ ਨਾਲ ਉਸ ਦੇ ਮਾਂ-ਬਾਪ ਦੀ ਵੀ। ਇੱਕ ਦਿਹਾੜੀਦਾਰ ਮਜ਼ਦੂਰ ਦਾ ਬੇਟਾ ਆਈ.ਏ.ਐੱਸ. ਦੇ ਇਮਤਿਹਾਨ ਵਿੱਚ ਪੰਜਾਬ ਭਰ ਵਿੱਚੋਂ ਵਧੀਆ ਨੰਬਰ 'ਤੇ ਆਇਆ ਸੀ। ਦੂਰਦਰਸ਼ਨ ਵਾਲਿਆਂ ਨੇ ਉਸ 'ਤੇ ਕਈ ਪ੍ਰੋਗਰਾਮ ਦਿੱਤੇ। ਕਈ ਦਿਨਾਂ ਤੱਕ ਇਹ ਖ਼ੁਸ਼ੀਆਂ ਭਰਿਆ ਪ੍ਰੋਗਰਾਮ ਚਲਦਾ ਰਿਹਾ ਤੇ ਆਖੀਰ ਟਰੇਨਿੰਗ ਪੂਰੀ ਕਰਕੇ ਉਹ ਜ਼ਿਲ੍ਹੇ ਦੇ ਬਹੁਤ ਹੀ ਵਧੀਆ ਸ਼ਹਿਰ ਵਿੱਚ ਐੱਸ. ਡੀ. ਐੱਮ. ਲੱਗ ਗਿਆ। ...ਤੇ ਇੱਕ ਦਿਨ ਉਸ ਦੇ ਸਾਹਮਣੇ ਉਹ ਸ਼ਖ਼ਸ ਖੜ੍ਹਾ ਸੀ ਜੋ ਆਪਣੇ ਕਿਸੇ ਜ਼ਰੂਰੀ ਕੇਸ ਦੇ ਮਾਮਲੇ ਵਿੱਚ ਆਇਆ ਸੀ, ਕੁਮਾਰ ਉਸ ਨੂੰ ਦੇਖ ਕੇ ਉੱਠ ਕੇ ਖੜ੍ਹਾ ਹੋ ਗਿਆ ਤੇ ਬਹੁਤ ਹੀ ਇੱਜ਼ਤ ਨਾਲ ਬੋਲਿਆ, "ਆਓ ਬਾਬਾ ਜੀ, ਬੈਠੋ।" "ਹੈਂ ਬਾਬਾ ਜੀ, ਕੀ ਮਤਲਬ ਮੈਂ ਬਾਬਾ ਜੀ। ਤੁਸੀਂ ਕੌਣ ਹੋ ?" ਉਹ ਹੈਰਾਨ ਪ੍ਰੇਸ਼ਾਨ ਹੋ ਕੇ ਬੋਲਿਆ। "ਹਾਂ ਬਾਬਾ ਜੀ, ਮੈਂ ਉਹੀ ਮੁੰਡਾ ਹਾਂ, ਤੁਹਾਡੇ ਕਿਸ਼ਨੇ ਦਾ ਬੇਟਾ ਜਿਸ ਨੂੰ ਤੁਸੀਂ ਇੱਕ ਦਿਨ ਆਪਣੇ ਬਰਾਬਰ ਦਾ ਨਾ ਹੋਣ ਕਰਕੇ ਬਾਬਾ ਜੀ ਕਹਿਣ ਤੋਂ ਰੋਕਿਆ ਸੀ ਤੇ ਤੁਹਾਡੇ ਉਸੇ ਆਸ਼ੀਰਵਾਦ ਸਦਕਾ ਅੱਜ ਮੈਂ ਤੁਹਾਡੇ ਬਰਾਬਰ ਦਾ ਹੋ ਗਿਆ ਹਾਂ। ਜੇ ਤੁਸੀਂ ਉਸ ਦਿਨ ਮੈਨੂੰ ਏਨੀ ਤਿੱਖੀ ਗੱਲ ਨਾ ਕਹੀ ਹੁੰਦੀ ਤਾਂ ਸ਼ਾਇਦ ਮੈਂ ਅੱਜ ਇਸ ਕੁਰਸੀ 'ਤੇ ਨਾ ਬੈਠਾ ਹੁੰਦਾ।" ਕਹਿ ਕੇ ਐੱਸ. ਡੀ. ਐੱਮ. ਕੁਮਾਰ ਨੇ ਝੁਕ ਕੇ ਚੌਧਰੀ ਸਾਹਿਬ ਦੇ ਪੈਰਾਂ ਨੂੰ ਹੱਥ ਲਾਇਆ ਤੇ ਇੱਜ਼ਤ ਨਾਲ ਸਾਹਮਣੇ ਪਈ ਕੁਰਸੀ 'ਤੇ ਬਿਠਾਇਆ। ਗੀਟਾ ਮੁਸਕਰਾ ਰਹੀ ਸੀ ਤੇ ਹੱਸ ਕੇ ਬੋਲੀ, "ਉਸੇ ਦਿਨ ਉਨ੍ਹਾਂ ਬਾਬਾ ਜੀ ਨੇ ਆਪਣੇ ਅਮਰੀਕਾ ਰਹਿੰਦੇ ਪੁੱਤਰ ਨੂੰ ਟੈਲੀਫੋਨ ਕਰ ਦਿੱਤਾ, ਬੇਟਾ, ਤੁਸੀਂ ਜਲਦੀ ਹੀ ਗੀਟਾ ਨੂੰ ਲੈ ਕੇ ਇੰਡੀਆ ਆ ਜਾਓ। ਮੈਂ ਉਸ ਲਈ ਇੱਕ ਬਹੁਤ ਹੀ ਸ਼ਰੀਫ਼, ਇਮਾਨਦਾਰ ਤੇ ਮਿਹਨਤੀ ਆਈ. ਏ. ਐੱਸ. ਅਫ਼ਸਰ ਲੜਕਾ ਲੱਭ ਲਿਆ ਹੈ। ਦੇਰ ਨਾ ਕਰਨਾ, ਅਜਿਹੇ ਲੜਕੇ ਕਿਸਮਤ ਨਾਲ ਹੀ ਮਿਲਦੇ ਹਨ।" "ਕੀ ਮਤਲਬ ?" ਹੁਣ ਹੈਰਾਨ ਹੋਣ ਦੀ ਵਾਰੀ ਕੁਮਾਰ ਦੀ ਸੀ। "ਜੀ ਹਾਂ, ਮੈਂ ਉਸੇ ਬਾਬਾ ਜੀ ਮਤਲਬ ਕਿ ਚੌਧਰੀ ਸਾਹਿਬ ਦੀ ਪੋਤੀ ਹਾਂ।" ਰਾਕੇਸ਼ ਹੈਰਾਨ ਹੋ ਕੇ ਮੁਸਕਰਾਉਣ ਲੱਗ ਪਿਆ ਤੇ ਗੀਟਾ ਵੀ।

## ਮਿੰਨੀ ਕਹਾਣੀ

### ਜਿੱਤ

ਥਾਣੇਦਾਰ ਦੇ ਹੱਥੋਂ ਬੁਰੀ ਤਰ੍ਹਾਂ ਕੁੱਟ ਖਾਣ ਦੇ ਬਾਵਜੂਦ ਉਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਚੋਰੀ ਉਸ ਨੇ ਕੀਤੀ ਹੈ। ਥਾਣੇਦਾਰ ਉਸ ਨੂੰ ਤਸੀਹੇ ਦੇ ਦੇ ਕੇ ਥੱਕ ਗਿਆ ਸੀ, ਪਰ ਉਸ ਦੀ ਇਕੋ ਰੱਟ ਸੀ, "ਨਹੀਂ ਥਾਣੇਦਾਰ ਸਾਹਿਬ! ਮੈਂ ਬੇਕਸੂਰ ਹਾਂ। ਮੇਰਾ ਯਕੀਨ ਕਰੋ। ਮੈਂ ਆਪਣੀਆਂ ਅੱਖਾਂ ਨਾਲ ਵੱਡੇ ਸਾਬ ਦੇ ਬੇਟੇ ਨੂੰ ਚੋਰੀ ਕਰਦੇ ਵੇਖਿਆ ਸੀ। ਅਸਲ ਵਿਚ ਮੁਜਰਿਮ ਮੈਂ ਨਹੀਂ, ਵੱਡੇ ਸਾਬ ਦਾ ਬੇਟਾ..!"

"ਕੀ ਬਕਦੈਂ ਓਏ ? ਇਸ ਵਾਰ ਥਾਣੇਦਾਰ ਦੀ ਬੋਹੜ ਨਾਲ ਸਾਰਾ ਥਾਣਾ ਗੂੰਜ ਪਿਆ। "ਤੇਰੀ ਇਹ ਮਜਾਲ ? ਵੱਡੇ ਸਾਹਿਬ ਦੇ ਬੇਟੇ 'ਤੇ ਇਲਜ਼ਾਮ ਲਾਉਂਦਾ ਏ ?" ਕਹਿੰਦਾ ਹੋਇਆ ਥਾਣੇਦਾਰ ਹਵਾਲਦਾਰ ਵੱਲ ਮੁੜਿਆ ਅਤੇ ਬੋਲਿਆ, "ਜਾ ਓਏ ਹੌਲਦਾਰਾ! ਇਸ ਨੇ ਐਂ ਨੀ ਮੰਨਣਾ। ਜਾ ਕੇ ਇਸ ਦੀ ਘਰਵਾਲੀ ਤੇ ਲੜਕੀ ਨੂੰ ਚੁੱਕੇ ਕੇ ਇਥੇ..!" "ਨਹੀਂ..," ਉਹ ਕੰਬ ਗਿਆ, "ਥਾਣੇਦਾਰ ਸਾਹਿਬ, ਮੈਂ ਚੋਰ ਹਾਂ। ਵੱਡੇ ਸਾਬ ਦਾ ਬੇਟਾ ਨਿਰਦੋਸ਼ ਹੈ।" ਇਹ ਕਹਿੰਦਿਆਂ ਉਹ ਫੁੱਟ-ਫੁੱਟ ਕੇ ਰੋ ਪਿਆ। ਮੁਜਰਿਮ ਦੇ ਜੁਰਮ ਕਬੂਲਦਿਆਂ ਹੀ ਥਾਣੇਦਾਰ ਦੇ ਤਣੇ ਹੋਏ ਚਿਹਰੇ 'ਤੇ ਜਿੱਤ ਭਰੀ ਮੁਸਕਾਨ ਫੈਲ ਗਈ।

-ਪ੍ਰਵੀਨ ਮਲਿਕ

### ਸੋਧ

ਪ੍ਰਿੰਸੀਪਲ ਸਾਹਿਬ ਦਫਤਰ ਵਿਚ ਬੈਠੇ ਸਨ ਤਾਂ ਇਕ ਪਬਲਿਸ਼ਰ ਆਪਣੀ ਕੈਮਿਸਟਰੀ ਦੀ ਨਵੀਂ ਛਪੀ ਕਿਤਾਬ ਲੈ ਕੇ ਆਇਆ। ਕਿਤਾਬ ਦੀਆਂ ਉਸ ਨੇ ਕਈ ਸਿਫਤਾਂ ਕੀਤੀਆਂ। ਪ੍ਰਿੰਸੀਪਲ ਨੇ ਕਿਤਾਬ ਫੜੀ ਤੇ ਕਿਤਾਬ ਦੇ ਵਿਚੋਂ ਵਿਚੋਂ ਕਈ ਸਫੇ ਉਲਟਾ-ਪੁਲਟਾ ਕੇ ਸਰਸਰੀ ਜਿਹੀ ਨਜ਼ਰ ਮਾਰੀ। ਫਿਰ ਕਹਿਣ ਲੱਗਾ ਮੈਨੂੰ ਇਹ ਕਿਤਾਬ ਕੁਝ ਚੰਗੀ ਨਹੀਂ ਲੱਗੀ। ਇਸ ਵਿਚ ਕਾਫੀ ਗਲਤੀਆਂ ਹਨ। ਦੋ-ਤਿੰਨ ਦਿਨਾਂ ਬਾਅਦ ਪਬਲਿਸ਼ਰ ਫਿਰ ਪ੍ਰਿੰਸੀਪਲ ਸਾਹਿਬ ਨੂੰ ਮਿਲਣ ਆ ਗਿਆ ਅਤੇ ਉਹੋ ਕਿਤਾਬ ਫੜਾ ਕੇ ਕਹਿਣ ਲੱਗਾ, 'ਪ੍ਰਿੰਸੀਪਲ ਸਾਹਿਬ, ਜ਼ਰਾ ਹੁਣ ਝਾਤੀ ਮਾਰੋ। ਗਲਤੀਆਂ ਸੋਧ ਦਿੱਤੀਆਂ ਗਈਆਂ ਹਨ।' ਪ੍ਰਿੰਸੀਪਲ ਨੇ ਕਿਤਾਬ ਖੋਲ੍ਹੀ ਤੇ ਸਫੇ ਪਲਟਾ ਕੇ ਦੇਖਿਆ। ਚਾਰ ਵੱਖੋ-ਵੱਖ ਥਾਵਾਂ 'ਤੇ ਸੌ-ਸੌ ਦੇ ਨੋਟ ਪਏ ਹੋਏ ਪ੍ਰਿੰਸੀਪਲ ਸਾਹਿਬ ਕਹਿਣ ਲੱਗੇ ਮੈਂ ਸਬੰਧਤ ਟੀਚਰ ਨੂੰ ਕਿਤਾਬ ਲਗਾਉਣ ਲਈ ਕਹਿ ਦੇਵਾਂਗਾ। ਪਰਸੋਂ ਆ ਕੇ ਆਰਡਰ ਲੈ ਜਾਣਾ।

-ਏ. ਐਸ. ਦੀਪਕ

✿✿✿✿✿

## ÕÅÇÒ



### ਕਾਵਿ-ਮਹਿਫ਼ਲ

ਜ਼ਿੰਦਗੀ ਦੇ ਦਿਨ ਚਾਰ ਮੁਸਾਫ਼ਿਰ ਬੰਦਿਆ।
ਫੁੱਲਾਂ ਵਾਂਗ ਗੁਜ਼ਾਰ ਮੁਸਾਫ਼ਿਰ ਬੰਦਿਆ!
ਵੇਲਾਂ ਕਲੀਆਂ ਮਹਿਕਾਂ ਇਹ ਰੰਗ ਤਿਤਲੀਆਂ,
ਲੱਦ ਜਾਣੀ ਗੁਲਜ਼ਾਰ ਮੁਸਾਫਿਰ ਬੰਦਿਆ।
ਜ਼ਿੰਦਗੀ ਦੀ ਇਹ ਚਾਦਰ ਤਾਂ ਹੈ ਨਿੱਕੜੀ,
ਇਉਂ ਨਾ ਪੈਰ ਪਸਾਰ ਮੁਸਾਫ਼ਿਰ ਬੰਦਿਆ।
ਨਿੱਕੀਆਂ-ਨਿੱਕੀਆਂ ਚੀਜ਼ਾਂ ਫਿਰਦੈਂ ਸਾਂਭਦਾ,
ਛੱਡ ਜਾਣੇ ਘਰ ਬਾਰ ਮੁਸਾਫ਼ਿਰ ਬੰਦਿਆ।
ਹਿੱਕ ਨਾਲ ਲਾ ਕੇ ਰੱਖਦੈਂ ਸਦਾ ਕਮੀਜ਼ ਵਾਂਗ,
ਨਾਲ ਨਾ ਨਿਭਣੀ ਨਾਰ ਮੁਸਾਫ਼ਿਰ ਬੰਦਿਆ।
ਡੁੱਬਣ ਵੇਲੇ ਸਾਥ ਤੇਰਾ ਛੱਡ ਜਾਣਗੇ,
ਧੀਆਂ ਪੁੱਤ ਪਤਵਾਰ ਮੁਸਾਫ਼ਿਰ ਬੰਦਿਆ।
ਸੰਸਕਾਰ ਕਰ ਕੰਮ-ਧੰਦੀਂ ਲੱਗ ਜਾਣਗੇ,
ਵੱਡੇ ਜਿਗਰੀ ਯਾਰ ਮੁਸਾਫ਼ਿਰ ਬੰਦਿਆ।
ਤੂੰ ਕਿ ਇਹ ਪਦਾਰਥ ਤੈਨੂੰ ਭੋਗਦੇ ?
ਪੜ੍ਹਿਆ ਕੁਝ ਵਿਚਾਰ ਮੁਸਾਫ਼ਿਰ ਬੰਦਿਆ।
ਚਾਰ ਚਾਰ ਕੇ ਦੁਨੀਆ ਬਣਿਆ ਆਜੜੀ
ਹੁਣ ਹੀ ਸਿੱਖ ਆਚਾਰ ਮੁਸਾਫ਼ਿਰ ਬੰਦਿਆ।
ਪੰਛੀ ਉੱਡਦੇ ਫੁੱਲ ਹੱਸਦੇ ਰੁੱਖ ਝੂੰਮਦੇ,
ਦੋ ਪਲ ਠਹਿਰ ਨਿਹਾਰ ਮੁਸਾਫ਼ਿਰ ਬੰਦਿਆ।
ਚਾਰ ਦਿਨਾਂ ਦੀ ਖੇਡ ਹੈ ਹੱਸ ਕੇ ਖੇਡ ਲੈ
ਕਾਹਦੀ ਜਿੱਤ ਤੇ ਹਾਰ ਮੁਸਾਫ਼ਿਰ ਬੰਦਿਆ ?

### ਵੇਖਿਓ ਪੰਜਾਬੀਓ....

ਕੀ ਆਖੀਏ ਕਿਸੇ ਨੂੰ ਹਵਾ ਹੀ ਖ਼ਰਾਬ ਹੈ।
ਹਾਲਤ ਇਹ ਹੋ ਗਈ ਹੈ ਕਿ ਜੀਣਾ ਅਜ਼ਾਬ ਹੈ।
ਮੈਦਾਨ-ਇ-ਇਸ਼ਕ ਦਾ ਵੀ ਚਲਨ ਲਾ-ਜਵਾਬ ਹੈ।
ਬਾਜ਼ੀ ਜੋ ਹਾਰ ਜਾਂਦਾ ਹੈ ਉਹ ਕਾਮਯਾਬ ਹੈ।
ਕੀ ਮੈਕਦਾ ਜੋ ਸੰਗ ਨਾ ਰਿਦਾਂ ਦਾ ਦੇ ਸਕੇ,
ਮਸਤੀ ਨਾ ਦੇ ਸਕੇ ਤਾਂ ਉਹ ਕਾਹਦੀ ਸ਼ਰਾਬ ਹੈ।
ਪਾ ਪਾ ਕੇ ਵੰਡੀਆਂ ਇਹਨੂੰ ਕੀਤਾ ਲਹੂ-ਲੁਹਾਨ,
ਪੰਜਾਬ ਸੀ ਕਦੇ ਜੋ ਉਹ ਹੁਣ ਢਾਈ ਆਬ ਹੈ।
ਸ਼ਾਮਿਲ ਹੈ ਇਸ ਦੀ ਗੰਧ 'ਚ ਉਸ ਦੇ ਬਦਨ ਦੀ ਗੰਧ,
ਇਹ ਜ਼ਖ਼ਮੇ-ਦਿਲ ਨਹੀਂ ਹੈ ਮਹਿਕਦਾ ਗੁਲਾਬ ਹੈ।
ਅਮਲਾਂ ਦਾ ਲੇਖਾ-ਜੋਖਾ ਨਾ ਹੋ ਸਕਿਆ ਇੱਕ ਤੋਂ,
ਦੋ ਦੋ ਫ਼ਰਿਸ਼ਤੇ ਲਾਉਣੇ ਪਏ, ਕਿਆ ਹਿਸਾਬ ਹੈ।
ਕਰ ਚੁੱਕੈ ਇਸ਼ਕ ਭੰਗ ਅਨੇਕਾਂ ਸਮਾਧੀਆਂ,
ਬਚ ਕੇ ਰਹੀਂ 'ਨਰੇਸ਼' ਉਭਰਦਾ ਸ਼ਬਾਬ ਹੈ।

✿✿✿✿✿

ਸ਼ੀਸ਼ੇ 'ਤੇ ਖਿੜਦੇ ਫੁੱਲ ਉਹ ਬਹਿ ਕੇ ਨਿਹਾਰਦਾ।
ਸਕਰੀਨ ਸੇਵਰ 'ਚੋਂ ਭਰਮ ਪਾਲੇ ਬਹਾਰ ਦਾ।
ਬੰਦੂਕ ਫੜ ਕੇ ਮੈਂ ਨਹੀਂ ਜਦ ਕੁਝ ਵਿਚਾਰਦਾ।
ਤਾਂ ਫਰਕ ਕੀ ਗੋਲੀ ਨੂੰ ਪੈਣਾ ਆਰ ਪਾਰ ਦਾ।
ਮੱਥੇ 'ਤੇ ਭਾਵੇਂ ਬੀਨ ਦਾ 'ਟੈਟੂ' ਬਣਾ ਲਿਆ,
ਹਾਲੇ ਵੀ ਮੇਰੇ ਦਿਲ 'ਚ ਸੱਪ ਫੰਨ ਖਿਲਾਰਦਾ।

### ਗ਼ਜ਼ਲਾਂ

ਇਹ ਕਿਹੜੇ ਗੁਨਾਹ ਦੀ ਸਜ਼ਾ ਭੋਗਦੇ ਨੇ।
ਪਰਿੰਦੇ ਪਰਾਂ ਤੋਂ ਬਿਨਾਂ ਉਡ ਰਹੇ ਨੇ।
ਤੁਸੀਂ ਕਵਚ ਪਾਵੋ, ਬੰਦੂਕਾਂ ਵੀ ਰੱਖੋ,
ਅਸੀਸਾਂ ਦੇ ਸਾਨੂੰ ਬਹੁਤ ਆਸਰੇ ਨੇ।
ਗਏ ਘਰ ਦੇ ਘੜਿਆਂ ਲਈ ਲੈਣ ਪਾਣੀ,
ਉਹ ਬੱਦਲ, ਸਮੁੰਦਰਾਂ 'ਚ ਮਰ ਖਪ ਗਏ ਨੇ।
ਵਧੀ ਜਾ ਰਹੇ, ਸੱਥ 'ਚ ਭੱਖੜਾ ਤੇ ਪੋਹਲੀ,
ਉਹ ਬੋਹੜਾਂ ਜਿਹੇ ਲੋਕ ਕਿਧਰ ਗਏ ਨੇ।
ਟਿਕਾ ਮੋਮ ਦੀ ਮੂਰਤੀ ਅੱਗ ਸਾਹਵੇਂ,
ਇਹ ਪਿਘਲੇ ਨਾ ਹੁਣ ਉਹ ਦੁਆ ਮੰਗਦੇ ਨੇ।
ਪਵੇਗਾ ਹੁਣੇ ਰੁੱਖ ਦੀ ਮਿਹਨਤ 'ਤੇ ਡਾਕਾ,
ਫਲਾਂ ਦੇ ਵਪਾਰੀ ਇੱਧਰ ਆ ਰਹੇ ਨੇ।
ਵਲੀ ਤਾਰ ਕੰਡਿਆਂ ਦੀ ਜਿਸ ਦੇ ਦੁਆਲੇ,
ਮਿਰੇ ਫੁੱਲ ਖਿੜੇ ਵੀ ਤਾਂ ਕਿਸ ਸ਼ਾਖ 'ਤੇ ਨੇ।

✿✿✿✿✿

*ਕੱਲ੍ਹ ਜਿਨ੍ਹਾਂ ਨੂੰ ਰੋਟੀ ਨਾਂ ਬਿਸਤਰ ਮਿਲੇ*
*ਅੱਜ ਉਨ੍ਹਾਂ ਦੇ ਹੱਥਾਂ 'ਚ ਸ਼ਸਤਰ ਮਿਲੇ।*
*ਵਾਰ ਵਾਰ ਅਸੀਂ ਆਏ ਸੀ ਮਰਹਮ ਲਈ,*
*ਤੇਰੇ ਦਰ ਤੋਂ ਸਦਾ ਹੀ ਪਰ ਨਸ਼ਤਰ ਮਿਲੇ।*
*ਲਾਜ਼ਮੀ ਹੀ ਦੁੱਲਾ ਉਸ ਥਾਂ ਉਗੇਗਾ,*
*ਜਿਸ ਮਿੱਟੀ ਨੂੰ ਰੌਂਦ ਕੇ ਨਾਦਰ ਮਿਲੇ।*

*-ਕੁਲਵਿੰਦਰ ਬਛੋਆਣਾ*

## ਕਾਵਿ ਕਿਆਰੀ

### ਮੜ੍ਹੀਆਂ ਤੱਕ

ਮੁਲਾਜ਼ਮਾਂ ਦੇ ਇਕ ਸਥਾਨਕ ਆਗੂ ਦੀ ਮੌਤ ਹੋ ਗਈ। ਇਹ ਆਗੂ ਆਪਣੇ ਇਲਾਕੇ ਵਿਚ ਬਹੁਤ ਹਰਮਨ-ਪਿਆਰਾ ਸੀ। ਉਸ ਦੇ ਸਸਕਾਰ ਅਤੇ ਫਿਰ ਸ਼ੋਕ ਸਮਾਗਮ 'ਤੇ ਵਿਸ਼ਾਲ ਇਕੱਠ ਹੋਇਆ। ਸ਼ੋਕ ਸਮਾਗਮ 'ਚ ਆਲੇ-ਦੁਆਲੇ ਦੇ ਅਧਿਆਪਕਾਂ, ਕਰਮਚਾਰੀਆਂ ਤੋਂ ਇਲਾਵਾ ਪਿੰਡਾਂ ਦੇ ਬਲਾਕ ਸਮਿਤੀ ਮੈਂਬਰਾਂ ਅਤੇ ਕਈ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ। ਮ੍ਰਿਤਕ ਦੇ ਵਿਭਾਗ ਦਾ ਡਿਪਟੀ ਡਾਇਰੈਕਟਰ ਵੀ ਪਹੁੰਚਿਆ ਹੋਇਆ ਸੀ। ਇਸ ਸ਼ੋਕ ਸਮਾਗਮ ਦੀ ਖਬਰ ਸਾਰੇ ਅਖਬਾਰਾਂ 'ਚ ਅਜਿਹੇ ਜਿਹੜੇ ਖੱਬੀ ਸੋਚ ਨਾਲ ਸਬੰਧਤ ਸਨ, ਉਨ੍ਹਾਂ ਨੂੰ ਵੀ ਖਬਰਾਂ ਭੇਜੀਆਂ ਗਈਆਂ। ਲਗਭੱਗ ਸਾਰੇ ਅਖਬਾਰਾਂ ਨੇ ਇਹ ਖਬਰਾਂ ਛਾਪੀਆਂ। ਕੁਝ ਇਕ ਅਖਬਾਰਾਂ ਨੇ ਤਾਂ ਮ੍ਰਿਤਕ ਆਗੂ ਦੀ ਸ਼ੋਕ ਸਮਾਗਮ ਵਾਲੇ ਦਿਨ ਜੀਵਨੀ ਨਾਲ ਉਸ ਦੀ ਫੋਟੋ ਵੀ ਛਾਪੀ। ਪਰ ਉਦੋਂ ਸਭ ਨੂੰ ਹੈਰਾਨੀ ਹੋਈ ਜਦੋਂ ਇਕ ਖੱਬੀ ਸੋਚ ਵਾਲੇ ਅਖਬਾਰ ਨੇ ਨਾ ਤਾਂ ਉਸ ਦੀ ਸਸਕਾਰ ਦੀ ਖਬਰ ਛਾਪੀ ਤੇ ਨਾ ਹੀ ਸ਼ੋਕ ਸਮਾਗਮ ਵਾਲੇ ਦਿਨ ਜੀਵਨੀ, ਹਾਲਾਂਕਿ ਉਹ ਆਗੂ ਇਸ ਅਖਬਾਰ ਦੀ ਸੋਚ ਨਾਲ ਸਬੰਧਤ ਮੁਲਾਜ਼ਮ ਫੈਡਰੇਸ਼ਨ ਦਾ ਆਗੂ ਸੀ। ਅਸਲ ਵਿਚ ਡੈਸਕ ਦੀ ਕਮਾਨ ਸੰਭਾਲਣ ਵਾਲੇ ਪੱਤਰਕਾਰ ਨੂੰ ਕਾਫੀ ਕੋਸ਼ਿਸ਼ ਕਰਨ ਦੇ ਬਾਵਜੂਦ ਇਹ ਤਸਦੀਕ ਨਹੀਂ ਹੋ ਸਕੀ ਕਿ ਮ੍ਰਿਤਕ ਆਗੂ ਉਨ੍ਹਾਂ ਦੀ ਅਖਬਾਰ ਦੀ ਸੋਚ ਨਾਲ ਸਬੰਧਤ ਫੈਡਰੇਸ਼ਨ ਦਾ ਆਗੂ ਸੀ ਜਾਂ ਹੁਣੇ-ਹੁਣੇ ਉਨ੍ਹਾਂ ਨਾਲੋਂ ਵੱਖ ਹੋਈ ਫੈਡਰੇਸ਼ਨ ਵਿਚ ਚਲਾ ਗਿਆ ਸੀ। ਪਾਰਟੀ ਦੇ ਉਤਲੇ ਆਗੂਆਂ ਦੀ ਝਾੜ-ਝੰਬ ਤੋਂ ਡਰਦਿਆਂ ਉਸ ਪੱਤਰਕਾਰ ਨੇ ਇਸ ਆਗੂ ਦੀ ਖਬਰ ਨੂੰ ਬਲੈਕ ਆਊਟ ਕਰਨਾ ਹੀ ਠੀਕ ਸਮਝਿਆ। ਖੱਬੀ ਲਹਿਰ ਵਿਚ ਪਈ ਦੁਫੇੜ ਤੇ ਗੁੱਟਬੰਦੀ, ਮੜ੍ਹੀਆਂ ਤੱਕ ਇਸ ਮਰਨ ਵਾਲੇ ਆਗੂ ਦੇ ਨਾਲ ਗਈ ਸੀ।

-ਰਿਪੁਦਮਨ ਸਿਘ





## ਬਿਊਟੀ ਟਿਪਸ

✲ਅਨਾਰ ਦੇ ਛਿਲਕਿਆਂ ਨੂੰ ਪੀਸ ਕੇ ਚਿਹਰੇ 'ਤੇ ਲਗਾਉਣ ਨਾਲ ਕਿੱਲਾਂ ਦੇ ਦਾਗ ਦੂਰ ਹੋ ਜਾਂਦੇ ਹਨ।

✲ਪਿਆਜ਼ ਦਾ ਅਚਾਰ ਖਾਣ ਨਾਲ ਦਸਤ ਠੀਕ ਹੋ ਜਾਂਦੇ ਹਨ।

✲ਪਿਆਜ਼ ਨੂੰ ਚੁੱਲ੍ਹੇ 'ਤੇ ਹਲਕਾ ਜਿਹਾ ਭੁੰਨ ਕੇ ਉਸ ਦਾ ਰਸ ਕੱਢ ਕੇ ਅਤੇ ਬਰਾਬਰ ਮਾਤਰਾ ਵਿਚ ਸ਼ਹਿਦ ਮਿਲਾ ਕੇ ਕੰਨ 'ਚ ਬੂੰਦਾਂ ਪਾਉਣ ਨਾਲ ਕੰਨ ਦਰਦ ਨੂੰ ਰਾਹਤ ਮਿਲੇਗੀ।

✲ਪਿਆਜ਼ ਦਾ ਰਸ ਸਿਰ 'ਤੇ ਲਾਉਣ ਨਾਲ ਜੂੰਆਂ ਖਤਮ ਹੋ ਜਾਂਦੀਆਂ ਹਨ।

✲ਧਨੀਆ ਤੇ ਮਿਸ਼ਰੀ 50-50 ਗ੍ਰਾਮ ਮਾਤਰਾ ਵਿਚ ਲੈ ਕੇ ਚੂਰਣ ਬਣਾ ਲਉ। 6-6 ਗ੍ਰਾਮ ਦੀ ਮਾਤਰਾ ਦਾ ਸਵੇਰ ਵੇਲੇ ਸੇਵਨ ਕਰਨ ਨਾਲ ਪ੍ਰਮੇਹ ਤੇ ਸੁਪਨਦੋਸ਼ ਆਦਿ ਰੋਗਾਂ ਦਾ ਨਾਸ਼ ਹੁੰਦਾ ਹੈ।

✲ ਅਰਬੀ ਦੇ ਪੱਤਿਆਂ ਦੇ ਰਸ ਨੂੰ 10 ਗ੍ਰਾਮ ਦੀ ਮਾਤਰਾ ਵਿਚ ਲੈ ਕੇ 5 ਗ੍ਰਾਮ ਮਿਸ਼ਰੀ ਮਿਲਾ ਕੇ ਪੀਣ ਨਾਲ ਗਰਭਪਾਤ ਨਹੀਂ ਹੁੰਦਾ।

✲ਨਿੰਬੂ ਦੇ ਰਸ ਵਿਚ ਥੋੜਾ ਜਿਹਾ ਸਹਿਦ ਮਿਲਾ ਕੇ ਚਿਹਰੇ 'ਤੇ ਲਾਉਣ ਨਾਲ ਚਿਹਰਾ ਸਾਫ ਹੁੰਦਾ ਹੈ ਤੇ ਰੰਗ ਵੀ ਸਾਫ ਹੁੰਦਾ ਹੈ।

✲ਅੱਖਾਂ ਦੀ ਨੀਚੇ ਕਾਲੇ ਘੇਰੇ ਪੈ ਜਾਣ ਨਾਲ ਕੱਟੇ ਹੋਏ ਆਲੂ ਮਲਣ ਨਾਲ ਸਾਫ ਹੁੰਦੇ ਹਨ।

✲ ਦਾਹੀਂ ਖਾਣਾ ਸਿਹਤ ਲਈ ਲਾਭਦਾਇਕ ਹੈ।

✲ਕੱਚੇ ਦੁੱਧ ਵਿਚ ਵੇਸਨ, ਹਲਦੀ ਅਤੇ ਚੰਦਨ ਪਾਊਡਰ ਮਿਲਾ ਕੇ ਲੇਪ ਬਣਾਉ। ਇਸ ਲੇਪ ਨੂੰ ਚਮੜੀ 'ਤੇ ਲਾਉਣ ਨਾਲ ਚਮੜੀ 'ਚ ਨਿਖਾਰ ਆਉਂਦਾ ਹੈ।

## ਕਦੋਂ ਹੋਂਦ 'ਚ ਆਇਆ ਬਾਲ ਪੈੱਨ

ਇੰਗਲੈਂਡ ਨਿਵਾਸੀ ਹੈਨਰੀ ਮਾਰਟਿਨ ਨੂੰ ਐਸੇ ਪਿੰਨ ਦੀ ਜ਼ਰੂਰਤ ਸੀ, ਜਿਸ ਦਾ ਇਸਤੇਮਾਲ ਹਵਾਈ ਜਹਾਜ਼ 'ਚ ਉਡਦੇ ਸਮੇਂਕੀਤਾ ਜਾ ਸਕੇ। ਕਿਉਂਕਿ ਫਾਉਨਟੇਨ ਪੈਨ ਉਡਦੇ ਜਹਾਜ਼ ਵਿਚ ਨਹੀਂ ਸਨ ਚਲਦੇ, ਏਨੀ ਉਚਾਈ 'ਤੇ ਵਾਯੂ ਦਾ ਦਬਾਅਘਟ ਜਾਣਕਰਕੇ ਸਿਆਹੀ ਲੀਕ ਹੋ ਜਾਂਦੀ ਸੀ। ਹੈਨਰੀ ਨੇ ਅਜੇਟਾਇਨਾ ਦੇ ਲੈਸਲੀ ਬਾਇਰੋ ਨੂੰ ਕੋਈ ਅਜਿਹਾ ਪੈੱਨ ਬਣਾਉਣਦੀ ਪੇਸ਼ਕਸ਼ ਕੀਤੀ, ਜੋ ਉਡਦੇ ਜਹਾਜ਼ ਵਿਚ ਬਿਨਾਂਸਿਆਹੀ ਛੱਡਿਆਂ ਚੱਲ ਸਕੇ। ਹੱਲ ਬਾਇਰੋ ਦੇ ਕੋਲ ਮੌਜੂਦ ਸੀ। ਪਤਲੀ ਸਿਆਹੀ ਦੀ ਜਗ੍ਹਾ ਗਾੜ੍ਹੀ ਸਿਆਹੀ ਦਾ ਪ੍ਰਯੋਗ ਕੀਤਾ। ਅਜਿਹਾ ਪੈੱਨ ਬਣਾਉਣਦੀ ਪ੍ਰੇਰਨਾ ਬਾਇਰੋ ਨੂੰ ਇਕ ਛਾਪੇਖਾਨੇ 'ਚੋਂ ਤੁਰੰਤ ਸੁੱਕਣਵਾਲੇ ਗਾੜ੍ਹੇ ਛਪਾਈ ਦੇ ਰੰਗਾਂ ਨੂੰ ਦੇਖ ਕੇ ਮਿਲੀ ਸੀ।

ਪਹਿਲਾ ਬਾਲ-ਪੈੱਨ ਉਸ ਨੇ 1938 'ਚ ਹੀ ਬਣਾ ਲਿਆ ਸੀ।ਬਾਇਰੋ ਦੇ ਪੇਟੈਂਟ ਦੇ ਆਧਾਰ 'ਤੇ ਵੱਡੇ ਪੈਮਾਨੇ 'ਤੇ ਬਾਲ ਪਾਈਟ ਪੈੱਨ ਪਹਿਲੀ ਵਾਰ ਬਰਤਾਨਵੀ ਵਾਯੂ ਸੈਨਾ ਲਈ1944 'ਚ ਬਣੇ ਅਤੇ ਖੁੱਲ੍ਹੀ ਬਿਕਰੀ ਲਈ 1945 ਵਿਚ ਅਜੇਟਾਇਨਾ 'ਚ ਬਣਾਏਗਏ।





## ਛੋਲਿਆਂ ਦਾ ਕਬਾਬ

**ਬਣਾਉਣ ਦੇ ਸਮੱਗਰੀ :** 1/2 ਕੱਪ ਹਰੇ ਛੋਲੇ, 1/4 ਚਮਚ ਸੋਡਾ ਬ੍ਰਾਈਕਾਰਬੋਨੇਟ, 200 ਗ੍ਰਾਮ ਪਨੀਰ, 2 ਬਰੀਕ ਕੱਟੇ ਹੋਏ ਪਿਆਜ਼, ਇਕ ਚਮਚ ਬਰੀਕ ਕੱਟਿਆ ਅਦਰਕ, 8-10 ਕੱਟੀ ਹੋਈ ਹਰੀ ਮਿਰਚ, ਕੱਟਿਆ ਹਰਾ ਧਨੀਆ, 1 ਚਮਚ ਗਰਮ ਮਸਾਲਾ, 1 ਚਮਚ ਧਨਿਆ ਪਾਊਡਰ, 1 ਚਮਚ ਨਿੰਬੂ ਦਾ ਰਸ, ਸਾਬੂਦਾਨਾ ਤੇ ਨਮਕ, ਤਲਣ ਲਈ ਤੇਲ, ਸਜਾਉਣ ਦੇ ਲਈ ਪਿਆਜ਼ ਦੇ ਲੱਛੇ, ਪੁਦੀਨੇ ਦੀ ਚਟਨੀ, ਸੀਂਖ ਦੇ ਲਈ ਪਿਆਜ਼ ਦੇ ਟੁਕੜੇ, ਸ਼ਿਮਲਾ ਮਿਰਚ ਦੇ ਟੁਕੜੇ।

**ਬਣਾਉਣ ਦੀ ਵਿਧੀ :** ਹਰੇ ਛੋਲਿਆਂ ਪੂਰੀ ਰਾਤ ਪਿਓਂ ਕਰ ਰੱਖੋ, ਦੂਸਰੇ ਦਿਨ ਉਸ 'ਚ ਸੋਡਾ ਬਾਈਕਾਰਬੋਨੇਟ ਮਿਲਾ ਕੇ ਪ੍ਰੇਸ਼ਰ ਕੂਕਰ 'ਚ ਨਰਮ ਹੋਣ ਤੱਕ ਪਕਾਓ ਤੇ ਪਾਣੀ ਕੱਢ ਕੇ ਅਲੱਗ ਰੱਖ ਦਿਓ। ਹਰੇ ਛੋਲਿਆਂ ਤੇ ਪਨੀਰ ਨੂੰ ਮੈਸ਼ ਕਰਕੇ ਉਸ 'ਚ ਹੋਰ ਸਮੱਗਰੀ ਮਿਲਾਓ। ਮਿਸ਼ਰਣ ਨੂੰ ਗੋਲ ਅਕਾਰ ਦਾ ਬਣਾ ਲਓ। ਸੀਂਖ 'ਤੇ ਪਿਆਜ਼ ਦੇ ਟੁਕੜੇ ਤੇ ਸ਼ਿਮਲਾ ਮਿਰਚ ਨਾਲ ਇਸ ਨੂੰ ਚੰਗੀ ਤਰ੍ਹਾਂ ਲਗਾ ਦਿਓ। ਹੁਣ ਇਸ ਨੂੰ ਤੇਲ ਲਗਾ ਕੇ ਦੋਵੇਂ ਪਾਸਿਆਂ ਤੋਂ ਚੰਗੀ ਤਰ੍ਹਾਂ ਪਕਾ ਲਓ।

# ਇੰਟਰਨੈੱਟ ਦੀ ਵਰਤੋਂ ਮੌਲਿਕ ਅਧਿਕਾਰ, ਬੱਚਿਆਂ ਨੂੰ ਇਸ ਤੋਂ ਪੂਰੀ ਤਰ੍ਹਾਂ ਦੂਰ ਨਹੀਂ ਰੱਖ ਸਕਦੇ: ਸੁਪਰੀਮ ਕੋਰਟ

ਚੰਡੀਗੜ੍ਹ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇੰਟਰਨੈੱਟ ਦੀ ਵਰਤੋਂ ਕਰਨਾ ਹਰ ਵਿਅਕਤੀ ਦਾ ਮੌਲਿਕ ਅਧਿਕਾਰ ਹੈ। ਅਦਾਲਤ ਨੇ ਸਪਸ਼ਟ ਕੀਤਾ ਕਿ ਬੱਚਿਆਂ ਨੂੰ ਆਨਲਾਈਨ ਖ਼ਤਰਿਆਂ ਤੋਂ ਬਚਾਉਣ ਦੇ ਨਾਂ 'ਤੇ ਉਨ੍ਹਾਂ ਨੂੰ ਇੰਟਰਨੈੱਟ ਤੋਂ ਪੂਰੀ ਤਰ੍ਹਾਂ ਦੂਰ ਨਹੀਂ ਰੱਖਿਆ ਜਾ ਸਕਦਾ। ਅਦਾਲਤ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਆਜ਼ਾਦੀ ਇੱਕ-ਦੂਜੇ ਦੇ ਵਿਰੋਧੀ ਨਹੀਂ ਹਨ, ਸਗੋਂ ਬੱਚਿਆਂ ਨੂੰ ਦੋਵਾਂ ਦੀ ਲੋੜ ਹੈ।

ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਕੇ ਵਿਨੋਦ ਚੰਦਰਨ ਦੇ ਬੈਂਚ ਨੇ ਇਹ ਗੱਲਾਂ 15 ਅਕਤੂਬਰ ਨੂੰ ਸੁਣਾਏ ਹੁਕਮ ਵਿੱਚ ਕਹੀਆਂ, ਜਿਸ ਦੀ ਜਾਣਕਾਰੀ ਸ਼ਨਿੱਚਰਵਾਰ ਨੂੰ ਸਾਹਮਣੇ ਆਈ। ਅਦਾਲਤ ਨੇ ਸੰਵਿਧਾਨ ਦੀ ਧਾਰਾ 21 ਅਤੇ ਧਾਰਾ 19(1)(ਏ) ਦਾ ਹਵਾਲਾ ਦਿੰਦਿਆਂ ਕਿਹਾ ਕਿ ਇੰਟਰਨੈੱਟ ਤੱਕ ਪਹੁੰਚ ਅਤੇ ਇਸ ਦੀ ਵਰਤੋਂ ਦਾ ਅਧਿਕਾਰ ਜੀਵਨ, ਨਿੱਜੀ ਆਜ਼ਾਦੀ ਅਤੇ ਬੋਲਣ ਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਨਾਲ ਜੁੜਿਆ ਹੋਇਆ ਹੈ।

**ਬੱਚਿਆਂ ਦੀ ਸੁਰੱਖਿਆ ਲਈ ਪੂਰੀ ਪਾਬੰਦੀ ਹੱਲ ਨਹੀਂ**

ਅਦਾਲਤ ਨੇ ਕਿਹਾ ਕਿ ਇੰਟਰਨੈੱਟ ਬੱਚਿਆਂ ਲਈ ਸਿੱਖਿਆ, ਜਾਣਕਾਰੀ



ਅਤੇ ਆਪਣੇ ਵਿਚਾਰ ਪ੍ਰਗਟਾਉਣ ਦਾ ਅਹਿਮ ਸਾਧਨ ਹੈ। ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਕਈ ਬੱਚਿਆਂ ਲਈ ਇਹ ਸਿੱਖਣ ਅਤੇ ਜਾਣਕਾਰੀ ਹਾਸਲ ਕਰਨ ਦਾ ਮੁੱਖ ਸਰੋਤ ਹੈ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਵੀ ਇੰਟਰਨੈੱਟ ਦੂਜਿਆਂ ਨਾਲ ਜੁੜਨ ਅਤੇ ਆਪਣੇ ਵਰਗੇ ਲੋਕਾਂ ਨਾਲ ਸੰਪਰਕ ਬਣਾਉਣ ਦਾ ਸਾਧਨ ਹੋ ਸਕਦਾ ਹੈ।

ਬੈਂਚ ਨੇ ਕਿਹਾ ਕਿ ਸੋਸ਼ਲ ਮੀਡੀਆ ਕੰਪਨੀਆਂ ਦੀ ਨਾਕਾਮੀ ਲਈ ਬੱਚਿਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ। ਜੇ ਬੱਚਿਆਂ 'ਤੇ ਪੂਰੀ ਪਾਬੰਦੀ ਲਾਈ ਜਾਂਦੀ ਹੈ ਤਾਂ ਉਹ ਅਜਿਹੀਆਂ ਵੈੱਬਸਾਈਟਾਂ ਅਤੇ ਮੰਚਾਂ ਵੱਲ ਜਾ ਸਕਦੇ ਹਨ, ਜਿੱਥੇ ਉਨ੍ਹਾਂ ਦੀ ਸੁਰੱਖਿਆ ਲਈ ਪ੍ਰਬੰਧ ਹੋਰ ਵੀ ਕਮਜ਼ੋਰ ਹੋਣ। ਅਦਾਲਤ ਨੇ ਇਹ ਵੀ ਚਿੰਤਾ ਪ੍ਰਗਟਾਈ ਕਿ ਪਾਬੰਦੀ ਦੇ ਡਰ ਕਾਰਨ ਆਨਲਾਈਨ ਧਮਕੀਆਂ ਜਾਂ ਸ਼ੋਸ਼ਣ ਦਾ ਸਾਹਮਣਾ ਕਰ ਰਹੇ ਬੱਚੇ ਆਪਣੇ ਮਾਪਿਆਂ ਜਾਂ ਭਰੋਸੇਯੋਗ ਵਿਅਕਤੀਆਂ ਨੂੰ ਦੱਸਣ ਤੋਂ ਝਿਜਕ ਸਕਦੇ ਹਨ।

ਅਦਾਲਤ ਨੇ ਬੱਚਿਆਂ ਦੀ ਸੁਰੱਖਿਆ ਲਈ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ਵਿੱਚ 'ਚਾਈਲਡ ਮੋਡ' ਵਰਗੇ ਪ੍ਰਬੰਧ ਕਰਨ ਦਾ ਸੁਝਾਅ ਦਿੱਤਾ। ਇਸ ਤਹਿਤ ਬੱਚਿਆਂ ਦੇ ਖਾਤੇ ਮੂਲ ਰੂਪ ਵਿੱਚ ਨਿੱਜੀ ਰੱਖਣ, ਅਣਜਾਣ ਬਾਲਗਾਂ ਵੱਲੋਂ ਸੁਨੇਹੇ ਭੇਜਣ ਅਤੇ ਸੰਪਰਕ ਕਰਨ 'ਤੇ ਪਾਬੰਦੀਆਂ ਲਾਉਣ ਅਤੇ ਉਨ੍ਹਾਂ ਨੂੰ ਦਿਖਾਈ ਜਾਣ ਵਾਲੀ ਸਮੱਗਰੀ ਤੇ ਇਸ਼ਤਿਹਾਰਾਂ 'ਤੇ ਨਿਯੰਤਰਣ ਕਰਨ ਵਰਗੇ ਕਦਮ ਚੁੱਕੇ ਜਾ ਸਕਦੇ ਹਨ। ਬੱਚਿਆਂ ਦੀ ਇੰਟਰਨੈੱਟ ਵਰਤੋਂ ਵਿੱਚ ਮਾਪਿਆਂ ਦੀ ਸਹਿਮਤੀ, ਸੇਧ ਅਤੇ ਨਿਗਰਾਨੀ ਨੂੰ ਵੀ ਅਹਿਮ ਮੰਨਿਆ ਗਿਆ ਹੈ।

**ਬੱਚਿਆਂ ਦੇ ਜਿਨਸੀ ਸ਼ੋਸ਼ਣ ਵਾਲੀ ਸਮੱਗਰੀ ਹਟਾਉਣ ਦੇ ਨਿਰਦੇਸ਼**

ਅਦਾਲਤ ਨੇ ਆਨਲਾਈਨ ਬੱਚਿਆਂ ਦੇ ਜਿਨਸੀ ਸ਼ੋਸ਼ਣ ਅਤੇ ਦੁਰਵਿਹਾਰ ਨਾਲ ਸਬੰਧਤ ਸਮੱਗਰੀ ਦੀ ਪਛਾਣ ਕਰਨ ਅਤੇ ਉਸ ਨੂੰ ਹਟਾਉਣ ਲਈ ਕੌਮੀ ਡੇਟਾਬੇਸ ਬਣਾਉਣ ਸਮੇਤ ਕਈ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਕੇਂਦਰ ਸਰਕਾਰ ਨੂੰ ਇਸ ਸਬੰਧੀ ਦਿਸ਼ਾ-ਨਿਰਦੇਸ਼ ਅਤੇ ਲੋੜੀਂਦੇ ਨਿਯਮ ਤਿਆਰ ਕਰਨ ਲਈ ਕਿਹਾ ਗਿਆ ਹੈ। ਸਰਕਾਰ ਨੂੰ ਅਗਲੀ ਸੁਣਵਾਈ 'ਤੇ 10 ਦਸੰਬਰ ਤੱਕ ਕੀਤੀ ਕਾਰਵਾਈ ਬਾਰੇ ਹਲਫ਼ਨਾਮਾ ਦਾਖ਼ਲ ਕਰਨਾ ਹੋਵੇਗਾ।

# ਈ. ਡੀ. ਨੇ 57 ਕਰੋੜ ਰੁਪਏ ਦੇ ਰੈਮੀਗੇਟ ਮਾਮਲੇ ਵਿੱਚ ਜਗਮੋਹਨ ਗਰਗ ਦਾ ਹਾਸਲ ਕੀਤਾ 7 ਦਿਨਾਂ ਦਾ ਰਿਮਾਂਡ

## ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਦੀ ਭੂਮਿਕਾ ਵੀ ਜਾਂਚ ਦੇ ਘੇਰੇ ਵਿੱਚ, 238 ਕਰੋੜ ਦੀ ਬੈਂਕ ਧੋਖਾਧੜੀ ਦਾ ਹੈ ਮਾਮਲਾ

ਚੰਡੀਗੜ੍ਹ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਰੀਅਲ ਅਸਟੇਟ ਕੰਪਨੀ 'ਰੈਮੀਗੇਟ' ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਜਗਮੋਹਨ ਗਰਗ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਸਦਾ ਸੱਤ ਦਿਨਾਂ ਦਾ ਰਿਮਾਂਡ ਹਾਸਲ ਕਰ ਲਿਆ ਹੈ। ਇਹ ਮਾਮਲਾ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੇ ਜ਼ਮੀਨੀ ਸੌਦਿਆਂ ਵਿੱਚ ਕਥਿਤ ਬੇਨਿਯਮੀਆਂ ਅਤੇ ਇਸ ਕੰਪਨੀ ਦੇ ਲਗਪਗ 57 ਕਰੋੜ ਰੁਪਏ ਦੇ ਬਕਾਏ ਮੁਆਫ ਕਰਨ ਨਾਲ ਸਬੰਧਤ ਹੈ। ਇਸ ਮਾਮਲੇ ਵਿੱਚ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਦੀ ਭੂਮਿਕਾ ਵੀ ਜਾਂਚ ਦੇ ਘੇਰੇ ਵਿੱਚ ਹੈ।

ਕੇਂਦਰੀ ਏਜੰਸੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਜਗਮੋਹਨ ਗਰਗ 'ਤਿਰੂਪਤੀ ਇੰਫਰਾਪ੍ਰਾਜੈਕਟਸ' ਦਾ ਪ੍ਰਮੋਟਰ ਹੈ, ਜਦਕਿ 'ਰੈਮੀਗੇਟ ਬਿਲਡਸਟੇਟਸ (ਇੰਡੀਆ) ਪ੍ਰਾਈਵੇਟ ਲਿਮਟਿਡ' ਤਿਰੂਪਤੀ ਦੇ ਪ੍ਰਮੋਟਰਾਂ ਦੁਆਰਾ ਕੰਟਰੋਲ ਕੀਤੀ ਜਾਣ ਵਾਲੀ ਇੱਕ ਲਿੰਕਡ ਕੰਪਨੀ ਹੈ। ਈ ਡੀ ਗਰਗ ਨਾਲ ਜੁੜੇ ਕਥਿਤ ਬੈਂਕ ਧੋਖਾਧੜੀ ਵਾਲੇ 2013 ਦੇ ਸੀ ਬੀ ਆਈ (329) ਕੇਸ ਦੀ ਵੀ ਜਾਂਚ ਕਰ ਰਹੀ ਹੈ।

ਪਿਛਲੇ ਮਹੀਨੇ, ਈ ਡੀ ਨੇ ਤਿਰੂਪਤੀ ਇੰਫਰਾਪ੍ਰਾਜੈਕਟਸ ਪ੍ਰਾਈਵੇਟ ਲਿਮਟਿਡ ਨਾਲ ਸਬੰਧਤ ਮਾਮਲੇ ਵਿੱਚ



ਪ੍ਰੀਵੈਨਸ਼ਨ ਆਫ਼ ਮਨੀ ਲਾਂਡਰਿੰਗ ਐਕਟ, 2002 ਤਹਿਤ ਦਿੱਲੀ, ਮੁਹਾਲੀ, ਚੰਡੀਗੜ੍ਹ, ਪੰਚਕੂਲਾ ਅਤੇ ਲੁਧਿਆਣਾ ਵਿੱਚ 26 ਥਾਵਾਂ 'ਤੇ ਛਾਪੇਮਾਰੀ ਅਤੇ ਸਰਵੇਖਣ ਕੀਤੇ ਸਨ। ਇਸ ਕਾਰਵਾਈ ਵਿੱਚ ਤਿਰੂਪਤੀ ਇੰਫਰਾਪ੍ਰਾਜੈਕਟਸ ਪ੍ਰਾਈਵੇਟ ਲਿਮਟਿਡ, ਰੈਮੀਗੇਟ ਬਿਲਡਸਟੇਟਸ (ਇੰਡੀਆ) ਪ੍ਰਾਈਵੇਟ ਲਿਮਟਿਡ, ਐੱਮ ਬੀ ਇਨਫਰਾਬਿਲਡ ਪ੍ਰਾਈਵੇਟ ਲਿਮਟਿਡ, ਮੇਰਾ ਬਾਬਾ ਰਿਐਲਿਟੀ ਐਸੋਸੀਏਟਸ ਪ੍ਰਾਈਵੇਟ ਲਿਮਟਿਡ ਅਤੇ ਮੇਰਾ ਬਾਬਾ ਇਨਫਰਾਸਟਰਕਚਰ ਪ੍ਰਾਈਵੇਟ ਲਿਮਟਿਡ ਦੇ ਪ੍ਰਮੋਟਰਾਂ, ਡਾਇਰੈਕਟਰਾਂ ਅਤੇ ਇਨ੍ਹਾਂ ਨਾਲ ਜੁੜੇ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ ਸੀ।

ਇਸ ਦੇ ਨਾਲ ਹੀ, ਨਾਮਜ਼ਦ ਸੰਸਥਾਵਾਂ ਨਾਲ ਸਬੰਧਤ ਸਬੂਤ ਇਕੱਠੇ ਕਰਨ ਲਈ ਪੀ ਐੱਮ ਐੱਲ ਏ ਦੀ ਧਾਰਾ 16 ਦੇ ਤਹਿਤ ਗਮਾਡਾ (7$141) ਅਤੇ ਪੰਜਾਬ ਸਰਕਾਰ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਦੇ ਦਫ਼ਤਰਾਂ ਵਿੱਚ ਵੀ ਸਰਵੇਖਣ ਕੀਤੇ ਗਏ। ਬਾਅਦ ਵਿੱਚ ਇਨ੍ਹਾਂ ਸਰਵੇਖਣਾਂ ਨੂੰ ਛਾਪੇਮਾਰੀ ਵਿੱਚ ਬਦਲ ਦਿੱਤਾ ਗਿਆ ਤਾਂ ਜੋ ਅਹਿਮ ਡਿਵਾਈਸਾਂ ਅਤੇ ਦਸਤਾਵੇਜ਼ਾਂ ਨੂੰ ਜ਼ਬਤ ਕੀਤਾ ਜਾ ਸਕੇ।

ਈ ਡੀ ਨੇ ਇਹ ਜਾਂਚ ਸੀ ਬੀ ਆਈ ਦੀ ਇੱਕ ਐੱਫ ਆਈ ਆਰ ਦੇ ਆਧਾਰ 'ਤੇ ਸ਼ੁਰੂ ਕੀਤੀ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਤਿਰੂਪਤੀ ਇੰਫਰਾਪ੍ਰਾਜੈਕਟਸ ਪ੍ਰਾਈਵੇਟ ਲਿਮਟਿਡ ਦੇ ਪ੍ਰਮੋਟਰਾਂ ਨੇ 238 ਕਰੋੜ ਰੁਪਏ ਦੀ ਬੈਂਕ ਧੋਖਾਧੜੀ ਕੀਤੀ ਹੈ ਅਤੇ ਨਿੱਜੀ ਫਾਇਦੇ ਲਈ ਫੰਡਾਂ ਦੀ ਹੇਰਾਫੇਰੀ ਕੀਤੀ ਹੈ। ਛਾਪੇਮਾਰੀ ਤੋਂ ਪਹਿਲਾਂ ਕੀਤੀ ਗਈ ਹੋਰ ਪੜਤਾਲ ਵਿੱਚ ਕਥਿਤ ਤੌਰ 'ਤੇ ਵੱਡੇ ਪੱਧਰ 'ਤੇ ਨਕਦੀ ਦੇ ਲੈਣ-ਦੇਣ, ਜਾਅਲੀ ਸ਼ੇਅਰ ਪ੍ਰੀਮੀਅਮ ਅਤੇ ਹੋਰ ਵਿੱਤੀ ਬੇਨਿਯਮੀਆਂ ਦਾ ਖੁਲਾਸਾ ਹੋਇਆ। ਜਾਂਚ ਵਿੱਚ ਤਿਰੂਪਤੀ ਇੰਫਰਾਪ੍ਰਾਜੈਕਟਸ ਦੇ ਪ੍ਰਮੋਟਰਾਂ ਜਗਮੋਹਨ ਗਰਗ ਅਤੇ ਮਨਮੋਹਨ ਗਰਗ ਨਾਲ ਜੁੜੀਆਂ ਕਥਿਤ ਬੇਨਿਯਮੀਆਂ ਦੇ ਇੱਕ ਵੱਡੇ ਪੈਟਰਨ ਵੱਲ ਵੀ ਇਸ਼ਾਰਾ ਕੀਤਾ ਗਿਆ ਹੈ, ਜਿਸ ਵਿੱਚ ਐੱਨ ਐੱਸ ਈ ਐੱਲ ਘੁਟਾਲਾ, ਰੈਮੀਗੇਟ ਬਿਲਡਸਟੇਟਸ ਦੇ ਮਾਮਲੇ ਵਿੱਚ ਗਮਾਡਾ ਵੱਲੋਂ ਕਾਨੂੰਨੀ ਬਕਾਇਆਂ ਦੀ ਕਥਿਤ ਗੈਰ-ਕਾਨੂੰਨੀ ਮੁਆਫੀ ਅਤੇ ਇੱਕ ਰੱਦ ਕੀਤੇ ਗਏ ਪਲਾਟ ਦੀ ਮੁੜ ਅਲਾਟਮੈਂਟ (ਰੀ-ਅਲਾਟਮੈਂਟ) ਸ਼ਾਮਲ ਹੈ। ਇਹ ਮਾਮਲਾ ਮੁਹਾਲੀ ਦੇ ਸੈਕਟਰ 62 ਵਿੱਚ 1.13 ਏਕੜ ਦੀ ਫੂਡ-ਕੋਰਟ ਸਾਈਟ ਨਾਲ ਸਬੰਧਤ ਹੈ, ਜੋ ਕਿ 2015 ਵਿੱਚ ਰੈਮੀਗੇਟ ਬਿਲਡਸਟੇਟਸ (ਇੰਡੀਆ) ਪ੍ਰਾਈਵੇਟ ਲਿਮਟਿਡ ਨੂੰ 32.50 ਕਰੋੜ ਰੁਪਏ ਵਿੱਚ ਅਲਾਟ ਕੀਤੀ ਗਈ ਸੀ। ਬਾਅਦ ਵਿੱਚ ਕੰਪਨੀ ਨੂੰ ਉਸਾਰੀ ਨਾ ਕਰਨ ਦੇ ਚਾਰਜਿਜ਼ ਅਤੇ ਜੁਰਮਾਨਾ ਵਿਆਜ ਦੇ ਰੂਪ ਵਿੱਚ ਲਗਪਗ 57 ਕਰੋੜ ਰੁਪਏ ਦੀ ਛੋਟ ਦਿੱਤੀ ਗਈ ਸੀ। ਈ ਡੀ ਦੀ ਜਾਂਚ ਦੌਰਾਨ ਪੰਜਾਬ ਸਰਕਾਰ ਵੱਲੋਂ ਇਹ ਛੋਟ ਹੁਣ ਰੱਦ ਕਰ ਦਿੱਤੀ ਗਈ ਹੈ। ਏਜੰਸੀ ਉਨ੍ਹਾਂ ਹਾਲਾਤ ਦੀ ਜਾਂਚ ਕਰ ਰਹੀ ਹੈ ਜਿਨ੍ਹਾਂ ਦੇ ਤਹਿਤ ਇਹ ਛੋਟ ਮਨਜ਼ੂਰ ਕੀਤੀ ਗਈ ਸੀ। ਇਸ ਦੇ ਨਾਲ ਹੀ ਫੈਸਲੇ ਵਿੱਚ ਸ਼ਾਮਲ ਅਧਿਕਾਰੀਆਂ ਦੀ ਭੂਮਿਕਾ ਅਤੇ ਸਰਕਾਰੀ ਖਜ਼ਾਨੇ 'ਤੇ ਪਏ ਵਿੱਤੀ ਪ੍ਰਭਾਵ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਇਸ ਜਾਂਚ ਨੇ ਗਮਾਡਾ ਦੀ ਕਾਰਜਪ੍ਰਣਾਲੀ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਲਿਆ ਦਿੱਤਾ ਹੈ, ਕਿਉਂਕਿ ਈ ਡੀ ਵੱਲੋਂ ਰੀਅਲ ਅਸਟੇਟ ਕੰਪਨੀਆਂ ਨੂੰ ਦਿੱਤੀਆਂ ਗਈਆਂ ਛੋਟਾਂ ਅਤੇ ਜ਼ਮੀਨੀ ਸੌਦਿਆਂ ਵਿੱਚ ਕਥਿਤ ਹੇਰਾਫੇਰੀ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨੇ ਹਾਲ ਹੀ ਵਿੱਚ ਰੈਮੀਗੇਟ ਨੂੰ ਦਿੱਤੀ ਛੋਟ ਨੂੰ ਵਾਪਸ ਲੈ ਲਿਆ ਹੈ ਅਤੇ ਬਕਾਇਆ ਰਕਮ ਦੀ ਮੁੜ ਗਣਨਾ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਜ਼ੇਲ੍ਹਾਂ ਤੋਂ ਨਸ਼ੇ ਦਾ ਕਾਰੋਬਾਰ ਅਤੇ ਡਰੱਗ ਇੰਸਪੈਕਟਰ ਤੋਂ ਫੜ੍ਹੀ ਸੰਪਤੀ ਦੀ ਜਾਂਚ ਐਨਏਆਈ ਅਤੇ ਈਡੀ ਤੋਂ ਹੋਵੇ : ਜਾਖੜ

ਚੰਡੀਗੜ੍ਹ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-



ਭਾਰਤੀ ਜਨਤਾ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖ ਕੇ ਜ਼ੇਲ੍ਹਾ ਤੋਂ ਚੱਲ ਰਹੇ ਨਸ਼ੇ ਦੇ ਕਾਰੋਬਾਰ ਅਤੇ ਇਸ ਕਾਰੋਬਾਰ ਵਿਚ ਵਰਤੇ ਜਾ ਰਹੇ ਕਾਲੇ ਧਨ ਦੀ ਕ੍ਰਮਵਾਰ ਕੌਮੀ ਜਾਂਚ ਏਂਜਸੀ (ਐਨਏਆਈ) ਅਤੇ ਈਡੀ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਮਾਨਸਾ ਵਿਚ ਪਰਮਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਦਾ ਜਿਕਰ ਕਰਦਿਆਂ ਕਿਹਾ ਹੈ ਕਿ ਇਸੇ ਮਾਨਸਾ ਵਿਚ ਤਾਇਨਾਤ ਰਹੇ ਡਰੱਗ ਇੰਸਪੈਕਟਰ ਨੂੰ ਦੋ ਸਾਲ ਪਹਿਲਾਂ ਜਦ ਫੜਿਆ ਗਿਆ ਸੀ ਤਾਂ ਡੀਜੀਪੀ ਨੇ ਦਾਅਵਾ ਕੀਤਾ ਸੀ ਕਿ ਉਹ ਜੇਲ੍ਹ ਤੋਂ ਚੱਲਣ ਵਾਲੇ ਗਿਰੋਹ ਦਾ ਸਰਗਨਾ ਹੈ ਅਤੇ ਉਸਦੀ ਵੱਡੀ ਜਾਇਦਾਦ ਦਾ ਪਤਾ ਲੱਗਿਆ ਸੀ।

ਸੁਨੀਲ ਜਾਖੜ ਨੇ ਚਿੱਠੀ ਵਿਚ ਲਿਖਿਆ ਹੈ ਕਿ ਸਾਲ 2024 ਵਿੱਚ ਪੰਜਾਬ ਪੁਲਿਸ ਨੇ ਮਾਨਸਾ ਵਿੱਚ ਤਾਇਨਾਤ ਰਹੇ ਇੱਕ ਡਰੱਗ ਇੰਸਪੈਕਟਰ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਸ ਦੀ ਕਰੋੜਾਂ ਰੁਪਏ ਦੀ ਜਾਇਦਾਦ ਦਾ ਖ਼ੁਲਾਸਾ ਕੀਤਾ ਸੀ। ਇਸ ਵਿੱਚ 24 ਬੈਂਕ ਖਾਤਿਆਂ ਵਿੱਚ 7.09 ਕਰੋੜ ਰੁਪਏ, ਦੋ ਬੈਂਕ ਲਾਕਰ, 1.49 ਕਰੋੜ ਰੁਪਏ ਦੀ ਨਕਦੀ, 260 ਗ੍ਰਾਮ ਸੋਨਾ, ਵਿਦੇਸ਼ੀ ਕਰੰਸੀ ਅਤੇ 2.40 ਕਰੋੜ ਰੁਪਏ ਦੀ ਅਚੱਲ ਜਾਇਦਾਦ ਸ਼ਾਮਲ ਸੀ। ਪੰਜਾਬ ਦੇ ਪੁਲਿਸ ਮੁਖੀ ਨੇ ਖ਼ੁਦ ਕਿਹਾ ਸੀ ਕਿ ਇਹ ਡਰੱਗ ਇੰਸਪੈਕਟਰ ਜੇਲ੍ਹਾਂ ਵਿੱਚ ਬੰਦ ਨਸ਼ਾ ਤਸਕਰਾਂ ਨਾਲ ਜੁੜੇ ਇੱਕ ਗਿਰੋਹ ਦੇ ਸਰਗਨੇ ਵਜੋਂ ਕੰਮ ਕਰ ਰਿਹਾ ਸੀ ਅਤੇ ਨਸ਼ਿਆਂ ਦੀ ਵਿਕਰੀ ਵਿੱਚ ਮਦਦ ਕਰ ਰਿਹਾ ਸੀ।

ਸੁਨੀਲ ਜਾਖੜ ਨੇ ਚਿੱਠੀ ਵਿਚ ਅੱਗੇ ਲਿਖਿਆ ਕਿ ਇਸ ਗੰਭੀਰ ਮਾਮਲੇ ਵਿੱਚ ਜੇਲ੍ਹਾਂ ਤੋਂ ਚੱਲ ਰਿਹਾ ਨਸ਼ਾ ਤਸਕਰੀ ਦਾ ਨੈੱਟਵਰਕ, ਸਰਹੱਦ ਪਾਰੋਂ ਨਸ਼ਾ ਤਸਕਰੀ ਨਾਲ ਸਬੰਧ ਅਤੇ ਕਰੋੜਾਂ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਦਾ ਖ਼ੁਲਾਸਾ ਹੋਇਆ ਸੀ, ਜਿਸ ਕਾਰਨ ਇਸ ਮਾਮਲੇ ਵਿੱਚ ਮਨੀ ਲਾਂਡਰਿੰਗ ਦੀ ਜਾਂਚ ਕਰਵਾਈ ਜਾਣੀ ਬਣਦੀ ਸੀ। ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਨਾ ਤਾਂ ਕੌਮੀ ਜਾਂਚ ਏਜੰਸੀ (ਐੱਨਆਈਏ) ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਅਤੇ ਨਾ ਹੀ ਮਨੀ ਲਾਂਡਰਿੰਗ ਦੇ ਪਹਿਲੂ ਹੋਣ ਦੇ ਬਾਵਜੂਦ ਇਹ ਮਾਮਲਾ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੂੰ ਸੌਂਪਿਆ। ਇਸ ਦੇ ਉਲਟ, ਡਰੱਗ ਇੰਸਪੈਕਟਰ ਨੂੰ ਜ਼ਮਾਨਤ ਮਿਲਣ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਉਸ ਨੂੰ ਨਾ ਸਿਰਫ਼ ਨੌਕਰੀ 'ਤੇ ਬਹਾਲ ਕੀਤਾ, ਸਗੋਂ ਉਸ ਦੇ ਵਿਭਾਗ ਦੇ ਮੁੱਖ ਦਫ਼ਤਰ ਵਿੱਚ ਇੱਕ ਅਹਿਮ ਅਹੁਦੇ 'ਤੇ ਤਾਇਨਾਤ ਵੀ ਕਰ ਦਿੱਤਾ। ਜੇਲ੍ਹਾਂ ਤੋਂ ਚੱਲ ਰਹੇ ਨੈੱਟਵਰਕ ਅਤੇ ਸਾਹਮਣੇ ਆਈ ਵੱਡੀ ਰਕਮ ਤੇ ਜਾਇਦਾਦ ਨੂੰ ਦੇਖਦਿਆਂ ਇਹ ਮਾਮਲਾ ਐੱਨਆਈਏ ਅਤੇ ਈਡੀ ਨੂੰ ਵੀ ਜਾਂਚ ਲਈ ਸੌਂਪਿਆ ਜਾਣਾ ਚਾਹੀਦਾ ਸੀ।

ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਸਰਕਾਰ ਖ਼ੁਦ ਮੰਨਦੀ ਹੈ ਕਿ ਦਵਾਈਆਂ ਦੀ ਨਸ਼ੇ ਵਜੋਂ ਦੁਰਵਰਤੋਂ ਇਸ ਸਮੇਂ ਇੱਕ ਵੱਡੀ ਸਮੱਸਿਆ ਹੈ। ਇਸ ਲਈ ਉਨ੍ਹਾਂ ਨੇ ਡਰੱਗ ਇੰਸਪੈਕਟਰ ਸੀਸਮ ਕੁਮਾਰ ਨਾਲ ਸਬੰਧਤ ਇਸ ਮਾਮਲੇ ਦੀ ਜਾਂਚ ਐੱਨਆਈਏ ਅਤੇ ਈਡੀ ਤੋਂ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਗਿਆ ਕਿ ਜਾਂਚ ਨਾਲ ਹੀ ਇਸ ਗਿਰੋਹ ਦੇ ਪਿੱਛੇ ਕੰਮ ਕਰ ਰਹੇ ਵਿਅਕਤੀਆਂ ਦੀ ਪਛਾਣ ਕੀਤੀ ਜਾ ਸਕੇਗੀ। ਉਨ੍ਹਾਂ ਨੇ ਕਿਹਾ ਕਿ ਜਾਂਚ ਰਾਹੀਂ ਇਹ ਵੀ ਸਾਹਮਣੇ ਆਉਣਾ ਚਾਹੀਦਾ ਹੈ ਕਿ ਨਸ਼ਿਆਂ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਕਾਲੀ ਕਮਾਈ ਦਾ ਸਾਧਨ ਬਣ ਚੁੱਕੇ ਇਸ ਡਰੱਗ ਇੰਸਪੈਕਟਰ ਨੂੰ ਕਿਸ ਦੇ ਕਹਿਣ 'ਤੇ ਅਹਿਮ ਤਾਇਨਾਤੀ ਦਿੱਤੀ ਗਈ। ਇਸ ਜਾਂਚ ਰਾਹੀਂ ਸਰਕਾਰੀ ਸਰਪ੍ਰਸਤੀ ਹੇਠ ਜੇਲ੍ਹਾਂ ਤੋਂ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਇਸ ਨਾਲ ਜੁੜੀ ਮਨੀ ਲਾਂਡਰਿੰਗ ਦਾ ਵੀ ਪਰਦਾਫ਼ਾਸ਼ ਹੋਣਾ ਚਾਹੀਦਾ ਹੈ।

# ਜ਼ਖ਼ਮੀਆਂ ਦਾ ਪਤਾ ਲੈਣ ਪਹੁੰਚੇ 'ਆਪ' ਵਿਧਾਇਕ ਵਿਜੇ ਸਿੰਗਲਾ ਦਾ ਨਿਹੰਗ ਸਿੰਘਾਂ ਵੱਲੋਂ ਜ਼ਬਰਦਸਤ ਵਿਰੋਧ



ਮਾਨਸਾ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟਾ ਕਤਲ ਮਾਮਲੇ ਨੂੰ ਲੈ ਕੇ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ। ਮਾਨਸਾ ਦੇ ਵਿਧਾਇਕ ਡਾ. ਵਿਜੈ ਸਿੰਗਲਾ ਜ਼ਖ਼ਮੀ ਨੌਜਵਾਨਾਂ ਦਾ ਹਾਲ-ਚਾਲ ਜਾਣਨ ਲਈ ਸਰਕਾਰੀ ਸਿਵਲ ਹਸਪਤਾਲ ਪਹੁੰਚੇ। ਹਸਪਤਾਲ ਵਿੱਚ ਜ਼ਖ਼ਮੀਆਂ ਨਾਲ ਮੁਲਾਕਾਤ ਕਰਦਿਆਂ ਵਿਧਾਇਕ ਡਾ. ਵਿਜੈ ਸਿੰਗਲਾ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਜ਼ਖ਼ਮੀਆਂ ਦੇ ਇਲਾਜ ਦਾ ਸਾਰਾ ਖ਼ਰਚਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ।ਇਸ ਦੌਰਾਨ ਹਸਪਤਾਲ ਵਿੱਚ ਮੌਜੂਦ ਨਿਹੰਗ ਸਿੰਘਾਂ ਨੇ ਵਿਧਾਇਕ ਡਾ. ਵਿਜੈ ਸਿੰਗਲਾ ਦਾ ਵਿਰੋਧ ਕੀਤਾ। ਵਿਰੋਧ ਕਰਦਿਆਂ ਨਿਹੰਗ ਸਿੰਘਾਂ ਨੇ ਉਨ੍ਹਾਂ ਖ਼ਿਲਾਫ਼ ਮੁਰਦਾਬਾਦ ਦੇ ਨਾਅਰੇ ਵੀ ਲਗਾਏ, ਜਿਸ ਕਾਰਨ ਹਸਪਤਾਲ ਵਿੱਚ ਮਾਹੌਲ ਤਣਾਅਪੂਰਨ ਹੋ ਗਿਆ।

ਸਥਿਤੀ ਨੂੰ ਦੇਖਦਿਆਂ ਪੁਲੀਸ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਨਜ਼ਰ ਆਇਆ। ਪੁਲੀਸ ਮੁਲਾਜ਼ਮਾਂ ਨੇ ਮੁਸਤੈਦੀ ਦਿਖਾਉਂਦਿਆਂ ਵਿਧਾਇਕ ਡਾ. ਵਿਜੈ ਸਿੰਗਲਾ ਨੂੰ ਸੁਰੱਖਿਅਤ ਢੰਗ ਨਾਲ ਉੱਥੋਂ ਬਾਹਰ ਕੱਢ ਲਿਆ। ਪਰਵਿੰਦਰ ਸਿੰਘ ਝੋਟਾ ਕਤਲ ਮਾਮਲੇ ਤੋਂ ਬਾਅਦ ਮਾਨਸਾ ਵਿੱਚ ਤਣਾਅ ਵਾਲੇ ਹਾਲਾਤ ਬਣੇ ਹੋਏ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਇਸ ਮਾਮਲੇ ਨੂੰ ਲੈ ਕੇ ਆਉਣ ਵਾਲੇ ਦਿਨਾਂ ਵਿੱਚ ਸਿਆਸੀ ਅਤੇ ਪ੍ਰਸ਼ਾਸਨਿਕ ਪੱਧਰ 'ਤੇ ਕੀ ਘਟਨਾਕ੍ਰਮ ਸਾਹਮਣੇ ਆਉਂਦਾ ਹੈ।

# ਚੋਣ ਕਮਿਸ਼ਨ ਦੀ ਟੀਮ 27 ਤੇ 28 ਅਕਤੂਬਰ ਨੂੰ ਪੰਜਾਬ ਦਾ ਕਰੇਗੀ ਦੌਰਾ

ਨਵੀਂ ਦਿੱਲੀ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਰਤੀ ਚੋਣ ਕਮਿਸ਼ਨ ਨੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਕਮਿਸ਼ਨ ਦੇ ਸੀਨੀਅਰ ਅਧਿਕਾਰੀਆਂ ਦੀ ਟੀਮ 27 ਅਤੇ 28 ਅਕਤੂਬਰ ਨੂੰ ਪੰਜਾਬ ਦੇ ਦੋ ਰੋਜ਼ਾ ਦੌਰੇ 'ਤੇ ਆਵੇਗੀ। ਇਸ ਦੌਰਾਨ ਟੀਮ ਚੋਣਾਂ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਵੇਗੀ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਤੇ ਸਿਵਲ ਅਤੇ ਪੁਲੀਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਗੱਲਬਾਤ ਕਰੇਗੀ।

ਇਸ ਦੌਰੇ ਦਾ ਮੁੱਖ ਮਕਸਦ ਚੋਣਾਂ ਨੂੰ ਨਿਰਪੱਖ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਸੂਬੇ ਵਿੱਚ ਪ੍ਰਬੰਧਾਂ ਦੀ ਸਮੀਖਿਆ ਕਰਨਾ ਹੈ। ਟੀਮ ਵੱਲੋਂ




ਸਿਆਸੀ ਪਾਰਟੀਆਂ ਤੋਂ ਚੋਣ ਪ੍ਰਬੰਧਾਂ ਬਾਰੇ ਸੁਝਾਅ ਲਏ ਜਾਣਗੇ। ਇਸ ਦੇ ਨਾਲ ਹੀ ਤਿਉਹਾਰਾਂ, ਮੌਸਮ ਅਤੇ ਹੋਰ ਸਥਾਨਕ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਚੋਣਾਂ ਦੀਆਂ ਤਿਆਰੀਆਂ ਦਾ ਮੁਲਾਂਕਣ ਕੀਤਾ ਜਾਵੇਗਾ।

**ਵੋਟਰ ਸੂਚੀਆਂ ਤੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ**

ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਨੂੰ ਅਪਡੇਟ ਕਰਨ, ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਜਾਂਚ, ਪੋਲਿੰਗ ਬੂਥਾਂ 'ਤੇ ਬੁਨਿਆਦੀ ਸਹੂਲਤਾਂ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਵੀ ਤਰਜੀਹ ਦਿੱਤੀ ਜਾ ਰਹੀ ਹੈ। ਚੋਣਾਂ ਦੌਰਾਨ ਕਾਨੂੰਨ-ਵਿਵਸਥਾ ਬਣਾਈ ਰੱਖਣ ਅਤੇ ਸੰਵੇਦਨਸ਼ੀਲ ਇਲਾਕਿਆਂ ਵਿੱਚ ਲੋੜੀਂਦੇ ਪ੍ਰਬੰਧ ਕਰਨ ਬਾਰੇ ਵੀ ਵਿਚਾਰ ਕੀਤਾ ਜਾਵੇਗਾ।

ਚੋਣ ਕਮਿਸ਼ਨ ਦੀ ਟੀਮ ਦਾ ਅਕਤੂਬਰ ਵਿੱਚ ਹੋਣ ਵਾਲਾ ਦੌਰਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਹੈ। ਇਸ ਤੋਂ ਬਾਅਦ ਪੰਜਾਬ ਵਿਧਾਨ ਸਭਾ ਚੋਣਾਂ ਦੇ ਪ੍ਰੋਗਰਾਮ ਅਤੇ ਤਾਰੀਖ਼ਾਂ ਦਾ ਐਲਾਨ ਹੋ ਸਕਦਾ ਹੈ। ਹਾਲਾਂਕਿ,

# ਮਸਲੇ ਹੱਲ ਨਹੀਂ ਹੋਏ; 9 ਦਸੰਬਰ ਨੂੰ ਪੱਕਾ ਮੋਰਚਾ ਲਾਵਾਂਗੇ: ਪੰਧੇਰ



ਚੰਡੀਗੜ੍ਹ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਿਸਾਨ ਮਜ਼ਦੂਰ ਮੋਰਚਾ ਪੰਜਾਬ ਨੇ ਆਪਣੀਆਂ ਮੰਗਾਂ ਪੂਰੀਆਂ ਨਾ ਹੋਣ 'ਤੇ 9 ਦਸੰਬਰ ਨੂੰ ਚੰਡੀਗੜ੍ਹ ਵਿੱਚ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ। ਮੋਰਚੇ ਦੇ ਕਨਵੀਨਰ ਸਰਵਣ ਸਿੰਘ ਪੰਧੇਰ ਨੇ ਅੱਜ ਕਿਸਾਨ ਭਵਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਸੁਹਿਰਦ ਨਹੀਂ ਜਾਪਦੀ। ਇਸੇ ਕਰਕੇ ਜਥੇਬੰਦੀ ਨੂੰ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨਾ ਪੈ ਰਿਹਾ ਹੈ।

ਪੰਧੇਰ ਨੇ ਦੱਸਿਆ ਕਿ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਾਲ ਉਨ੍ਹਾਂ ਦੀ ਮੀਟਿੰਗ ਹੋਈ ਸੀ। ਇਸ ਦੌਰਾਨ ਮੰਤਰੀ ਨੇ ਭਰੋਸਾ ਦਿੱਤਾ ਸੀ ਕਿ ਕਿਸਾਨਾਂ ਦੀਆਂ ਮੰਗਾਂ ਦਾ 15 ਅਕਤੂਬਰ ਤੱਕ ਨਿਪਟਾਰਾ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਤੈਅ ਸਮਾਂ ਲੰਘਣ ਦੇ ਬਾਵਜੂਦ ਸਰਕਾਰ ਵੱਲੋਂ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਕਾਰਨ ਕਿਸਾਨ ਮਜ਼ਦੂਰ ਮੋਰਚੇ ਵਿੱਚ ਰੋਸ ਹੈ।

ਸਰਵਣ ਸਿੰਘ ਪੰਧੇਰ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਦੋਸ਼ ਲਾਇਆ ਕਿ ਜਦੋਂ ਵੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਅਤੇ ਆਮ ਲੋਕਾਂ ਦੇ ਵਿਰੁੱਧ ਕੋਈ ਨੀਤੀ ਲਿਆਂਦੀ ਜਾਂਦੀ ਹੈ ਤਾਂ ਪੰਜਾਬ ਸਰਕਾਰ ਉਸ ਨੂੰ ਲਾਗੂ ਕਰਨ ਲਈ ਤੁਰੰਤ ਨੋਟੀਫਿਕੇਸ਼ਨ ਜਾਰੀ ਕਰ ਦਿੰਦੀ ਹੈ। ਉਨ੍ਹਾਂ ਇਸ ਸਬੰਧੀ ਤਿੰਨ ਖੇਤੀ ਕਾਨੂੰਨਾਂ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ ਇਨ੍ਹਾਂ ਨੂੰ ਸਭ ਤੋਂ ਪਹਿਲਾਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਾਗੂ ਕੀਤਾ ਗਿਆ ਸੀ।

# ਪੰਜ ਕਰੋੜ ਰਿਸ਼ਵਤ ਮਾਮਲਾ: ਈ ਡੀ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਨੇੜਲੇ ਅਮਰਦੀਪ ਸਿੰਘ ਗਰੇਵਾਲ ਨੂੰ ਹਿਰਾਸਤ 'ਚ ਲਿਆ

ਚੰਡੀਗੜ੍ਹ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਤਬਾਦਲਿਆਂ ਨਾਲ ਸਬੰਧਤ 5 ਕਰੋੜ ਰੁਪਏ ਦੀ ਕਥਿਤ ਰਿਸ਼ਵਤ ਦੇ ਮਾਮਲੇ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਅਮਰਦੀਪ ਸਿੰਘ ਗਰੇਵਾਲ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਅਮਰਦੀਪ ਗਰੇਵਾਲ ਨੂੰ ਕੈਨੇਡਾ ਤੋਂ ਭਾਰਤ ਪਰਤਣ ਮਗਰੋਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਹਿਰਾਸਤ ਵਿੱਚ ਲਿਆ ਗਿਆ। ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਕਰੀਬੀ ਦੱਸਿਆ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਅਮਰਦੀਪ ਸਿੰਘ ਗਰੇਵਾਲ ਪੰਜਾਬੀ ਫ਼ਿਲਮ ਜਗਤ ਦੀ ਇੱਕ ਜਾਣੀ-ਪਛਾਣੀ ਹਸਤੀ ਹੈ ਅਤੇ ਉਹ 'ਮੈਸਰਜ਼ ਈਸਟ ਸਨਸ਼ਾਈਨ ਪ੍ਰੋਡਕਸ਼ਨ ਪ੍ਰਾਈਵੇਟ ਲਿਮਟਿਡ' ਨਾਲ ਜੁੜੇ ਹੋਏ ਹਨ। ਗਰੇਵਾਲ ਦੇ ਵਿਦੇਸ਼ਾਂ ਵਿੱਚ ਫ਼ਿਲਮ ਨਿਰਮਾਣ ਅਤੇ ਰਿਲੀਜ਼ ਨਾਲ ਸਬੰਧਿਤ ਕਾਰੋਬਾਰੀ ਸੰਪਰਕ ਹਨ ਅਤੇ ਉਹ ਕਈ ਪੰਜਾਬੀ ਫ਼ਿਲਮਾਂ ਨਾਲ ਜੁੜੇ ਰਹੇ ਹਨ ਜਿਸ ਮਾਮਲੇ 'ਚ ਗਰੇਵਾਲ ਨੂੰ ਤਲਬ ਕੀਤਾ ਗਿਆ ਹੈ, ਉਸ 'ਚ ਮੁੱਖ ਮੰਤਰੀ ਦੀ ਪਤਨੀ ਦਾ ਨਾਂ ਵੀ ਸਾਹਮਣੇ ਆਇਆ ਸੀ।

ਜਾਣਕਾਰੀ ਅਨੁਸਾਰ ਈਡੀ ਨੇ ਗਰੇਵਾਲ ਨੂੰ ਮਾਮਲੇ ਵਿੱਚ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਅਤੇ ਉਨ੍ਹਾਂ ਨੂੰ ਜਾਂਚ ਏਜੰਸੀ ਦੇ ਦਫ਼ਤਰ ਲਿਜਾਇਆ ਗਿਆ। ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਖ਼ਿਲਾਫ਼ ਪਹਿਲਾਂ ਹੀ ਲੁੱਕ-ਆਊਟ ਸਰਕੂਲਰ ਜਾਰੀ ਕੀਤਾ ਹੋਇਆ ਸੀ ਜਿਸ ਕਾਰਨ ਭਾਰਤ ਪਰਤਣ ਸਮੇਂ ਉਨ੍ਹਾਂ ਨੂੰ ਰੋਕਿਆ ਗਿਆ।

ਇਹ ਮਾਮਲਾ ਪੰਜਾਬ ਵਿੱਚ ਤਬਾਦਲਿਆਂ ਨਾਲ ਜੁੜੀ ਕਥਿਤ 5 ਕਰੋੜ ਰੁਪਏ ਦੀ ਰਿਸ਼ਵਤ ਦੇ ਦੋਸ਼ਾਂ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ। ਈਡੀ ਵੱਲੋਂ ਇਸ ਮਾਮਲੇ ਵਿੱਚ ਜਾਂਚ ਕੀਤੀ ਜਾ ਰਹੀ ਹੈ। ਗਰੇਵਾਲ ਨੂੰ ਪਹਿਲਾਂ ਵੀ ਜਾਂਚ ਵਿੱਚ ਸ਼ਾਮਲ ਹੋਣ ਲਈ ਸੰਮਨ ਭੇਜੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਸਨ।

# ਜਲੰਧਰ ਵਿਖੇ 14 ਨਵੰਬਰ ਤੋਂ 22 ਨਵੰਬਰ ਤੱਕ ਅਗਨੀਵੀਰ ਭਰਤੀ ਰੈਲੀ ਦਾ ਆਯੋਜਨ

ਜਲੰਧਰ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਗਨੀਪਥ ਯੋਜਨਾ ਤਹਿਤ ਭਾਰਤੀ ਫੌਜ ਵਿੱਚ ਯੋਗ ਨੌਜਵਾਨਾਂ ਦੀ ਭਰਤੀ ਲਈ ਅਗਨੀਵੀਰ ਭਰਤੀ ਰੈਲੀ ਦਾ ਆਯੋਜਨ 14 ਨਵੰਬਰ ਤੋਂ 22 ਨਵੰਬਰ 2026 ਤੱਕ ਸਰਕਾਰੀ ਕਲਾ ਅਤੇ ਖੇਡ ਕਾਲਜ (Government Arts and Sports College), ਜਲੰਧਰ ਵਿਖੇ ਕੀਤਾ ਜਾਵੇਗਾ। ਇਸ ਭਰਤੀ ਰੈਲੀ ਵਿੱਚ 6,000 ਤੋਂ ਵੱਧ ਉਮੀਦਵਾਰ ਹਿੱਸਾ ਲੈਣਗੇ, ਜਿਨ੍ਹਾਂ ਨੇ ਤਰਨ ਤਾਰਨ, ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ (ਐੱਸ.ਬੀ.ਐੱਸ. ਨਗਰ) ਜਿਲ੍ਹਿਆਂ ਤੋਂ ਸਾਂਝੀ ਦਾਖਲਾ ਪ੍ਰੀਖਿਆ (Common Entrance Examination-CEE) ਪਾਸ ਕੀਤੀ ਹੈ । ਇਸ ਭਰਤੀ ਰੈਲੀ ਵਿੱਚ ਪੰਜਾਬ, ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਅਤੇ ਕਸ਼ਮੀਰ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਤੋਂ ਯੋਗ ਮਹਿਲਾ ਉਮੀਦਵਾਰਾਂ ਦੀ ਭਰਤੀ ਕੀਤੀ ਜਾਵੇਗੀ, ਜਿਸ ਨਾਲ ਨੌਜਵਾਨ ਔਰਤਾਂ ਨੂੰ ਭਾਰਤੀ ਫੌਜ ਵਿੱਚ ਕਰੀਅਰ ਬਣਾਉਣ ਅਤੇ ਮਾਣ ਅਤੇ ਸਮਰਪਣ ਨਾਲ ਦੇਸ਼ ਦੀ ਸੇਵਾ ਕਰਨ ਦਾ ਮੌਕਾ ਮਿਲੇਗਾ।



ਭਰਤੀ ਪ੍ਰਕਿਰਿਆ ਵਿੱਚ ਉਮੀਦਵਾਰਾਂ ਦੀ ਸਰੀਰਕ ਤੰਦਰੁਸਤੀ ਅਤੇ ਅਨੁਕੂਲਤਾ ਦਾ ਮੁਲਾਂਕਣ ਕਰਨ ਲਈ ਕਈ ਤਰ੍ਹਾਂ ਦੇ ਟੈਸਟ ਅਤੇ ਮੁਲਾਂਕਣ ਸ਼ਾਮਲ ਹੋਣਗੇ। ਇਨ੍ਹਾਂ ਵਿੱਚ 1.6 ਕਿਲੋਮੀਟਰ ਦੌੜ ਸ਼ਾਮਲ ਹੈ, ਜੋ ਉਨ੍ਹਾਂ ਦੀ ਸਹਿਣਸ਼ੀਲਤਾ ਅਤੇ ਸਰੀਰਕ ਤੰਦਰੁਸਤੀ ਦੀ ਜਾਂਚ ਕਰੇਗੀ, ਇੱਕ ਬੀਮ ਟੈਸਟ, ਜੋ ਸਰੀਰ ਦੇ ਉੱਪਰਲੇ ਹਿੱਸੇ ਦੀਆਂ ਮਾਸਪੇਸ਼ੀਆਂ ਦੀ ਤਾਕਤ ਦਾ ਮੁਲਾਂਕਣ ਕਰੇਗਾ, ਅਤੇ ਸਰੀਰਕ ਮਾਪਦੰਡ, ਜਿਸ ਵਿੱਚ ਲੰਬਾਈ , ਭਾਰ ਅਤੇ ਹੋਰ ਸਰੀਰਕ ਮਾਪਦੰਡ ਸ਼ਾਮਲ ਹੋਣਗੇ। ਸਰੀਰਕ ਤੰਦਰੁਸਤੀ ਟੈਸਟ ਪਾਸ ਕਰਨ ਵਾਲੇ ਉਮੀਦਵਾਰਾਂ ਦੀ ਭਾਰਤੀ ਫੌਜ ਵਿੱਚ ਭਰਤੀ ਲਈ ਉਨ੍ਹਾਂ ਦੀ ਮੈਡੀਕਲ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਡਾਕਟਰੀ ਜਾਂਚ ਕੀਤੀ ਜਾਵੇਗੀ।

ਭਰਤੀ ਪ੍ਰਕਿਰਿਆ ਸਥਾਪਤ ਭਰਤੀ ਨੀਤੀਆਂ ਅਤੇ ਯੋਗਤਾ ਮਾਪਦੰਡਾਂ ਦੇ ਅਨੁਸਾਰ ਇੱਕ ਨਿਰਪੱਖ, ਪਾਰਦਰਸ਼ੀ ਅਤੇ ਯੋਜਨਾਬੱਧ ਢੰਗ ਨਾਲ ਕੀਤੀ ਜਾਵੇਗੀ। ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਅਧਿਕਾਰਤ ਭਰਤੀ ਸੂਚਨਾਵਾਂ ਦਾ ਧਿਆਨ ਨਾਲ ਅਧਿਐਨ ਕਰਨ, ਇਹ ਯਕੀਨੀ ਬਣਾਉਣ ਕਿ ਉਹ ਨਿਰਧਾਰਤ ਯੋਗਤਾ ਸ਼ਰਤਾਂ ਨੂੰ ਪੂਰਾ ਕਰਦੇ ਹਨ, ਅਤੇ ਭਰਤੀ ਰੈਲੀ ਵਿੱਚ ਹਿੱਸਾ ਲੈਣ ਲਈ ਸਾਰੇ ਲੋੜੀਂਦੇ ਦਸਤਾਵੇਜ਼ ਲਿਆਉਣ। ਉਮੀਦਵਾਰਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਦਲਾਲਾਂ ਅਤੇ ਸਮਾਜ ਵਿਰੋਧੀ ਤੱਤਾਂ ਤੋਂ ਸਾਵਧਾਨ ਰਹਿਣ ਜੋ ਪੈਸੇ ਦੇ ਬਦਲੇ ਭਰਤੀ ਜਾਂ ਚੋਣ ਦੇ ਝੂਠੇ ਵਾਅਦੇ ਕਰ ਸਕਦੇ ਹਨ। ਭਾਰਤੀ ਫੌਜ ਵਿੱਚ ਭਰਤੀ ਸਿਰਫ਼ ਯੋਗਤਾ ਅਤੇ ਸਥਾਪਿਤ ਚੋਣ ਮਾਪਦੰਡਾਂ 'ਤੇ ਅਧਾਰਤ ਹੈ। ਕੋਈ ਵੀ ਵਿਅਕਤੀ ਜਾਂ ਏਜੰਟ ਚੋਣ ਦੀ ਗਰੰਟੀ ਨਹੀਂ ਦੇ ਸਕਦਾ। ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਵਿੱਚ ਸਹਾਇਤਾ ਜਾਂ ਚੋਣ ਦਾ ਵਾਅਦਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਪੈਸੇ ਨਾ ਦੇਣ ਅਤੇ ਭਰਤੀ ਅਧਿਕਾਰੀਆਂ ਨੂੰ ਕਿਸੇ ਵੀ ਸ਼ੱਕੀ ਗਤੀਵਿਧੀ ਜਾਂ ਪੈਸੇ ਦੀ ਮੰਗ ਦੀ ਤੁਰੰਤ ਰਿਪੋਰਟ ਕਰਨ।

ਭਾਰਤੀ ਫੌਜ ਸਾਰੇ ਯੋਗ ਨੌਜਵਾਨਾਂ, ਖਾਸ ਕਰਕੇ ਮਹਿਲਾ ਉਮੀਦਵਾਰਾਂ ਨੂੰ ਇਸ ਮੌਕੇ ਦਾ ਫਾਇਦਾ ਉਠਾਉਣ ਅਤੇ ਮਾਣ, ਸਨਮਾਨ ਅਤੇ ਸਮਰਪਣ ਨਾਲ ਦੇਸ਼ ਦੀ ਸੇਵਾ ਕਰਨ ਲਈ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੀ ਹੈ। ਭਾਰਤੀ ਫੌਜ ਸਾਰੇ ਯੋਗ ਨੌਜਵਾਨਾਂ, ਖਾਸ ਕਰਕੇ ਮਹਿਲਾ ਉਮੀਦਵਾਰਾਂ ਨੂੰ ਇਸ ਮੌਕੇ ਦਾ ਲਾਭ ਉਠਾਉਣ ਅਤੇ ਮਾਣ, ਸਨਮਾਨ ਅਤੇ ਸਮਰਪਣ ਨਾਲ ਦੇਸ਼ ਦੀ ਸੇਵਾ ਕਰਨ ਲਈ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਵਾਸਤੇ ਉਤਸ਼ਾਹਿਤ ਕਰਦੀ ਹੈ।

# ਚੰਡੀਗੜ੍ਹ ਰੈੱਡ ਰਨ ਵਿੱਚ ਕਾਲਜ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿਸਾ ਲਿਆ

ਚੰਡੀਗੜ੍ਹ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਸਟੇਟ ਏਡਸ ਕੰਟਰੋਲ ਸੋਸਾਇਟੀ (ਸੀਐੱਸਏਸੀਐੱਸ) ਨੇ ਅੱਜ ਸੁਖਨਾ ਲੇਕ 'ਤੇ ਰਾਜ ਪੱਧਰੀ ਚੰਡੀਗੜ੍ਹ ਰੈੱਡ ਰਨ ਦਾ ਆਯੋਜਨ ਕੀਤਾ। ਇਸ ਵਿੱਚ ਸ਼ਹਿਰ ਦੇ ਵਿਭਿੰਨ ਕਾਲਜਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਸਮਾਗਮ ਦਾ ਉਦੇਸ਼ ਐੱਚਆਈਵੀ/ਏਡਸ (HIV/AIDS) ਬਾਰੇ ਜਾਗਰੂਕਤਾ ਵਧਾਉਣਾ, ਤੰਦਰੁਸਤ ਜੀਵਨ ਸ਼ੈਲੀ ਨੂੰ ਪ੍ਰੋਤਸਾਹਿਤ ਕਰਨਾ ਅਤੇ ਐੱਚਆਈਵੀ (HIV) ਨਾਲ ਜੁੜੇ ਕਲੰਕ ਅਤੇ ਭੇਦਭਾਵ ਨੂੰ ਦੂਰ ਕਰਨ ਲਈ ਨੌਜਵਾਨਾਂ ਨੂੰ ਜਾਗਰੂਕਤਾ ਦੂਤ ਦੇ ਰੂਪ ਵਿੱਚ ਜੋੜਨਾ ਸੀ।

ਯੂ.ਟੀ. ਚੰਡੀਗੜ੍ਹ ਦੇ ਸਿਹਤ ਸੇਵਾਵਾਂ ਦੇ ਡਾਇਰੈਕਟਰ, ਡਾ. ਸੁਮਨ ਸਿੰਘ ਨੇ ਹਰੀ ਝੰਡੀ ਦਿਖਾ ਕੇ ਦੌੜ ਦੀ ਸ਼ੁਰੂਆਤ ਕੀਤੀ। ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਐੱਚਆਈਵੀ (89੭) ਦੀ ਰੋਕਥਾਮ, ਜਾਂਚ, ਇਲਾਜ ਅਤੇ ਇਸ ਨਾਲ ਜੁੜੇ ਕਲੰਕ ਅਤੇ ਭੇਦਭਾਵ ਨੂੰ ਸਮਾਪਤ ਕਰਨ ਦਾ ਸੰਦੇਸ਼ ਦਿੱਤਾ।




ਇਸ ਅਵਸਰ 'ਤੇ ਚੰਡੀਗੜ੍ਹ ਸਟੇਟ ਏਡਸ ਕੰਟਰੋਲ ਸੋਸਾਇਟੀ (ਸੀਐੱਸਏਸੀਐੱਸ) ਦੇ ਪ੍ਰੋਜੈਕਟ ਡਾਇਰੈਕਟਰ, ਡਾ. ਨੀਨਾ ਚੌਧਰੀ ਨੇ ਵਿਦਿਆਰਥੀਆਂ ਦੀ ਭਾਗੀਦਾਰੀ ਦੀ ਸ਼ਲਾਘਾ ਕਰਦੇ ਹੋਏ ਕਿਹਾ, ਕਾਲਜ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਜਾਗਰੂਕਤਾ ਫੈਲਾਉਣ ਅਤੇ ਇੱਕ ਸੰਵੇਦਨਸ਼ੀਲ ਸਮਾਜ ਦੇ ਨਿਰਮਾਣ ਵਿੱਚ ਯੁਵਾ ਸ਼ਕਤੀ ਦੀ ਭੂਮਿਕਾ ਨੂੰ ਦਰਸਾਉਂਦੀ ਹੈ। ਉਨ੍ਹਾਂ ਦੀ ਪ੍ਰਤੀਬੱਧਤਾ ਅਤੇ ਉਤਸ਼ਾਹ ਚੰਡੀਗੜ੍ਹ ਨੂੰ ਐੱਚਆਈਵੀ(89੭)-ਮੁਕਤ ਭਵਿੱਖ ਦੀ ਤਰਫ਼ ਵਧਣ ਵਿੱਚ ਮਦਦ ਕਰਨਗੇ।

ਇਹ ਮੁਕਾਬਲਾ ਪੁਰਸ਼ ਅਤੇ ਮਹਿਲਾ ਸ਼੍ਰੇਣੀਆਂ ਵਿੱਚ ਆਯੋਜਿਤ ਕੀਤਾ ਗਿਆ। ਦੋਹਾਂ ਸ਼੍ਰੇਣੀਆਂ ਵਿੱਚ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਪ੍ਰਤੀਭਾਗੀਆਂ ਨੂੰ ਕ੍ਰਮਵਾਰ 15,000, 10,000 ਅਤੇ 5,000 ਦੇ ਨਕਦ ਪੁਰਸਕਾਰ ਦਿੱਤੇ ਗਏ।

ਪੁਰਸ਼ ਸ਼੍ਰੇਣੀ ਵਿੱਚ ਐੱਸਜੀਜੀਐੱਸ ਕਾਲਜ, ਸੈਕਟਰ 26 ਦੇ ਵਿਪਿਨ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 15,000 ਦਾ ਪੁਰਸਕਾਰ ਜਿੱਤਿਆ। ਇਸੇ ਕਾਲਜ ਦੇ ਸ਼ਾਹਰੁਖ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ 10,000 ਅਤੇ ਐੱਸਡੀ ਕਾਲਜ, ਸੈਕਟਰ 32 ਦੇ ਵਿਪਿਨ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ 5,000 ਦਾ ਪੁਰਸਕਾਰ ਜਿੱਤਿਆ।

ਮਹਿਲਾ ਸ਼੍ਰੇਣੀ ਵਿੱਚ ਐੱਸਡੀ ਕਾਲਜ, ਸੈਕਟਰ 32 ਦੀ ਸਿਮਰਨ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 15,000 ਦਾ ਪੁਰਸਕਾਰ ਜਿੱਤਿਆ। ਇਸੇ ਕਾਲਜ ਦੀ ਮੋਨੀ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ?10,000 ਅਤੇ ਜੀਸੀਸੀਬੀਏ, ਸੈਕਟਰ 50 ਦੀ ਤਨਿਸ਼ਕਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ 5,000 ਦਾ ਪੁਰਸਕਾਰ ਜਿੱਤਿਆ।

ਦੋਹਾਂ ਸ਼੍ਰੇਣੀਆਂ ਵਿੱਚ ਪਹਿਲਾ ਅਤੇ ਦੂਸਰਾ ਸਥਾਨ ਪ੍ਰਾਪਤ ਕਰਨ ਵਾਲੇ ਪ੍ਰਤੀਭਾਗੀ 3 ਨਵੰਬਰ, 2026 ਨੂੰ ਪਟਨਾ, ਬਿਹਾਰ ਵਿੱਚ ਆਯੋਜਿਤ ਹੋਣ ਵਾਲੀ 'ਨੈਸ਼ਨਲ ਰੈੱਡ ਰਨ' ਵਿੱਚ ਚੰਡੀਗੜ੍ਹ ਦੀ ਪ੍ਰਤੀਨਿਧਤਾ ਕਰਨਗੇ।

ਇਸ ਸਮਾਗਮ ਦੇ ਜ਼ਰੀਏ ਐੱਚਆਈਵੀ/ਏਡਸ (HIV/AIDS) ਦੀ ਰੋਕਥਾਮ, ਸਮੇਂ 'ਤੇ ਜਾਂਚ, ਇਲਾਜ ਅਤੇ ਉਪਲਬਧ ਸੇਵਾਵਾਂ ਬਾਰੇ ਮਹੱਤਵਪੂਰਨ ਜਾਣਕਾਰੀ ਵੀ ਦਿੱਤੀ ਗਈ। ਪ੍ਰਤੀਭਾਗੀਆਂ ਨੂੰ ਤੰਦਰੁਸਤ ਜੀਵਨਸ਼ੈਲੀ ਅਪਣਾਉਣ ਅਤੇ ਐੱਚਆਈਵੀ (HIV) ਨਾਲ ਜੀਵਨ ਜੀ ਰਹੇ ਲੋਕਾਂ ਪ੍ਰਤੀ ਕਲੰਕ ਅਤੇ ਭੇਦਭਾਵ ਨੂੰ ਘੱਟ ਕਰਨ ਵਿੱਚ ਸਰਗਰਮ ਯੋਗਦਾਨ ਦੇਣ ਲਈ ਪ੍ਰੇਰਿਤ ਕੀਤਾ ਗਿਆ। ਉਤਸ਼ਾਹ ਅਤੇ ਇਕਜੁੱਟਤਾ ਨਾਲ ਭਰਪੂਰ ਇਸ ਆਯੋਜਨ ਨੇ ਤੰਦਰੁਸਤ ਅਤੇ ਐੱਚਆਈਵੀ(89੭)-ਮੁਕਤ ਭਵਿੱਖ ਦੀ ਦਿਸ਼ਾ ਵਿੱਚ ਚੰਡੀਗੜ੍ਹ ਦੇ ਨੌਜਵਾਨਾਂ ਦੀ ਪ੍ਰਤੀਬੱਧਤਾ ਨੂੰ ਦਰਸਾਇਆ। ਚੰਡੀਗੜ੍ਹ ਸਟੇਟ ਏਡਸ ਕੰਟਰੋਲ ਸੋਸਾਇਟੀ (ਸੀਐੱਸਏਸੀਐੱਸ) ਨੇ ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਸਾਰੇ ਸਹਿਭਾਗੀ ਕਾਲਜਾਂ, ਵਿਦਿਆਰਥੀਆਂ, ਵਲੰਟੀਅਰਾਂ ਅਤੇ ਸਬੰਧਿਤ ਧਿਰਾਂ ਦਾ ਆਭਾਰ ਵਿਅਕਤ ਕੀਤਾ।

# ਜੱਥੇਬੰਦੀ ਕੌਂਸਲ ਆਫ ਜੂਨੀਅਰ ਇੰਜੀਨੀਅਰਜ਼ ਪੀ.ਐਸ.ਈ.ਬੀ. ਵੱਲੋਂ ਪਟਿਆਲਾ ਸਥਿਤ ਮੁੱਖ ਦਫਤਰ ਸਾਮ੍ਹਣੇ ਬਲੈਕ ਡਰੈੱਸ ਪਾ ਕੇ ਇਕ ਦਿਨ ਦਾ ਸ਼ਾਂਤਮਈ ਸੰਕੇਤਕ ਰੋਸ਼ ਧਰਨਾ

ਪਟਿਆਲਾ, 18 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਿਖੇ ਤੈਨਾਤ ਪਾਵਰ ਜੂਨੀਅਰ ਇੰਜਨੀਅਰਜ਼ ਅਤੇ ਪਦਉੱਨਤ ਇੰਜਨੀਅਰ ਅਫ਼ਸਰਾਂ ਦੀ ਨੁਮਾਇੰਦਾ ਜੱਥੇਬੰਦੀ ਕੌਂਸਲ ਆਫ ਜੂਨੀਅਰ ਇੰਜੀਨੀਅਰਜ਼ ਪੀ.ਐਸ.ਈ.ਬੀ. ਦੇ ਸੱਦੇ ਤੇ ਸਮੂਚੀ ਜਨਰਲ ਹਾਊਸ ਲੀਡਰਸ਼ਿਪ ਮੈਂਬਰਾਂ ਵੱਲੋਂ ਪੀ.ਐਸ.ਪੀ.ਸੀ.ਐਲ. ਦੇ ਮਾਲ ਰੋਡ ਪਟਿਆਲਾ ਸਥਿਤ ਮੁੱਖ ਦਫਤਰ ਸਾਮ੍ਹਣੇ ਬਲੈਕ ਡਰੈੱਸ ਪਾ ਕੇ ਇਕ ਦਿਨ ਦਾ ਸ਼ਾਂਤਮਈ ਸੰਕੇਤਕ ਰੋਸ਼ ਧਰਨਾ ਦਿੱਤਾ ਗਿਆ, ਜਿਸ ਵਿਚ ਪਾਵਰ ਜੂਨੀਅਰ ਇੰਜਨੀਅਰਜ਼ ਕੇਡਰ ਦੀਆਂ ਪੈਡਿੰਗ ਮੰਗਾਂ ਦੇ ਨਿਪਟਾਰੇ ਵਿਚ ਹੋ ਰਹੀ ਦੇਰੀ ਵਿਰੁੱਧ ਸਖਤ ਰੋਸ਼ ਜਤਾਇਆ ਗਿਆ। ਅੱਜ ਦੇ ਇਸ ਰੋਸ਼ ਧਰਨੇ ਵਿਚ ਪੰਜਾਬ ਭਰ ਤੋਂ ਮੰਡਲ ਪੱਧਰ ਦੇ ਪ੍ਰਧਾਨ ਸਕੱਤਰ ਤੋਂ ਲੈ ਕੇ ਸੂਬਾ ਪੱਧਰ ਦੇ ਆਗੂਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਪ੍ਰੈਸ ਨੂੰ ਇਹ ਜਾਣਕਾਰੀ ਇੰਜ. ਅਮਨਦੀਪ ਜੇਹਲਵੀ ਸੂਬਾ ਜਨਰਲ ਸਕੱਤਰ ਵੱਲੋਂ ਦਿੱਤੀ ਗਈ। ਕੌਂਸਲ ਦੇ ਮੁੱਖ ਸਰਪ੍ਰਸਤ ਇੰਜ. ਦਵਿੰਦਰ ਸਿੰਘ, ਸੂਬਾ ਪ੍ਰਧਾਨ ਇੰਜ. ਪਰਮਜੀਤ ਸਿੰਘ ਖੱਟੜਾ ਅਤੇ ਸੂਬਾ ਜਨਰਲ ਸਕੱਤਰ ਇੰਜ. ਅਮਨਦੀਪ ਜੇਹਲਵੀ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਜੇ.ਈ. ਕੇਡਰ ਨਾਲ ਸਬੰਧਤ ਮੰਗਾਂ ਜਿਵੇਂ ਕਿ ਨਵੇਂ ਭਰਤੀ ਜੇ.ਈਜ਼ ਨੂੰ ਪੰਜਾਬ ਸਰਕਾਰ ਦੇ ਜੇ.ਈਜ਼ ਵਾਂਗ ਤਨਖ਼ਾਹ ਡਿਫਰੈਂਸ਼ੀਅਲ ਦੇ ਸਿਧਾਂਤ ਤਹਿਤ 6ਵੇਂ ਪੇਅ ਕਮੀਸ਼ਨ ਨੂੰ ਅਧਾਰ ਮੰਨਦਿਆਂ ਸ਼ੁਰੂਆਤੀ ਤਨਖ਼ਾਹ ਸਕੇਲ 47900 ਰੁਪਏ ਪ੍ਰਦਾਨ ਕਰਨਾ, ਜੂਨੀਅਰ ਇੰਜੀਨੀਅਰਜ਼ ਨੂੰ ਵਿੱਤ ਸਰਕੂਲਰ ਨੰ 10/16 ਰਾਹੀਂ ਪ੍ਰਦਾਨ ਕੀਤਾ 09/16 ਸਾਲਾਂ ਸਮਾਂਬੱਧ ਤਰੱਕੀ ਸਕੇਲ ਬਹਾਲ ਕਰਨਾ, ਜੇ.ਈਜ਼/ਏ.ਏ.ਈਜ ਦੇ 30 ਲੀਟਰ ਪੈਟਰੋਲ ਪ੍ਰਤੀ ਮਹੀਨਾ ਖ਼ਰਚਾ ਦੋਗੁਣਾ ਕਰਨਾ ਅਤੇ ਵਾਹਨ ਮੈਂਟੀਨੈਂਸ ਖ਼ਰਚਾ ਦੇਣਾ, ਦੂਜਾ ਸਮਾਂ ਬੱਧ ਸਕੇਲ ਸੀਨੀਅਰ ਕਾਰਜਕਾਰੀ ਇੰਜੀਨੀਅਰ ਦਾ ਦੇਣਾ, ਜੇ.ਈ. / ਏ.ਏ.ਈ. ਤੋਂ ਸਹਾਇਕ ਇੰਜੀਨੀਅਰ / ਸਹਾਇਕ ਕਾਰਜਕਾਰੀ ਇੰਜੀਨੀਅਰ ਲਈ ਤਰੱਕੀ ਕੋਟਾ 50% ਤੋਂ 75 % ਕਰਨਾ, ਜੇ.ਈ. ਤੋਂ ਏ.ਏ.ਈ., ਜੇ.ਈ./ਬੀ-ਟੈੱਕ ਤੋਂ ਸਹਾਇਕ ਇੰਜੀਨੀਅਰ, ਵਧੀਕ ਸਹਾਇਕ ਇੰਜੀਨੀਅਰ ਤੋਂ ਸਹਾਇਕ ਇੰਜੀਨੀਅਰ ਅਤੇ ਸਹਾਇਕ ਇੰਜੀਨੀਅਰ ਤੋਂ ਸਹਾਇਕ ਕਾਰਜਕਾਰੀ ਇੰਜੀਨੀਅਰ ਦੀਆਂ ਬਣਦੀਆਂ ਤਰੱਕੀਆਂ ਇੱਕ-ਮੁਸ਼ਤ ਕਰਨਾ, ਸਮੂਹ ਜੇ.ਈਜ / ਏ.ਏ.ਈਜ ਨੂੰ ਲੈਪਟਾਪ ਮੁਹੱਈਆ ਕਰਵਾਉਣਾ ਆਦਿ ਉਪਰ ਭਾਵੇਂ ਮਿਤੀ 24.06.2026 ਅਤੇ 04.08.2026 ਨੂੰ ਮੈਨੇਜਮੈਂਟ ਨਾਲ ਹੋਈਆਂ ਮੀਟਿੰਗਾਂ ਵਿੱਚ ਮੈਨੇਜਮੈਂਟ ਵੱਲੋਂ ਸਮਾਂ ਬੱਧ ਰੂਪ ਵਿੱਚ ਸਕਾਰਾਤਮਕ ਹੱਲ ਦੀ ਹਾਮੀ ਭਰੀ ਗਈ ਹੈ, ਪਰੰਤੂ ਇਸ ਵਿੱਚ ਬੇਲੋੜੀ ਦੇਰੀ ਕੀਤੀ ਜਾ ਰਹੀ ਹੈ। ਇਸ ਤੋਂ ਜਾਹਰ ਹੁੰਦਾ ਹੈ ਕਿ ਪਾਵਰਕੋਮ ਮੈਨੇਜਮੈਂਟ ਬਿਜਲੀ ਚਲਾਉਣ ਵਿਚ ਸਹਾਈ ਇਸ ਮਹੱਤਵਪੂਰਣ ਕੇਡਰ ਦੀਆਂ ਮੰਗਾਂ ਦੇ ਹੱਲ ਪ੍ਰਤੀ ਸੰਜੀਦਾ ਨਹੀਂ ਹੈ। ਮੈਨੇਜਮੈਂਟ ਦੁਆਰਾ ਗ੍ਰਿਡ ਸਬ-ਸਟੇਸਨ ਦੇ ਸਟਾਫਿੰਗ ਨਾਰਮਜ਼ ਵਿੱਚ ਭਰਾਤਰੀ ਜੱਥੇਬੰਦੀਆਂ ਦੀ ਮੰਗ ਅਨੁਸਾਰ ਸੋਧ ਕਰਕੇ ਏ.ਏ.ਈ (ਜੇ.ਈ-1) ਦੀਆਂ ਕਰੀਬ 70 ਪੋਸਟਾਂ ਖਤਮ ਕਰ ਦਿੱਤੀਆਂ ਗਈਆਂ ਹਨ, ਜਿਸ ਕਾਰਣ ਜੇ.ਈ. ਤੋਂ ਏ.ਏ.ਈ. (ਜੇ.ਈ-1) ਦੀ ਤਰੱਕੀ ਵਿਚ ਖੜੌਤ ਆਵੇਗੀ।

# ਗੁਰਦੁਆਰਾ ਸਾਹਿਬਾਨ ਨੂੰ ਸਿਆਸੀ ਅਖਾੜਾ ਨਾ ਬਣਾਇਆ ਜਾਵੇ: ਕਾਲਕਾ, ਕਾਹਲੋਂ

**➢ ਬੰਗਲਾ ਸਾਹਿਬ ਦੀ ਮਰਿਆਦਾ ਭੰਗ ਕਰਨ ਦੀ ਕੋਸ਼ਿਸ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ ➢ ਸਿਆਸੀ ਵਿਰੋਧੀਆਂ 'ਤੇ ਗੁਰੂ ਘਰ ਨੂੰ ਲੈ ਕੇ ਭੰਡੀ ਪ੍ਰਚਾਰ ਕਰਨ ਦੇ ਦੋਸ਼**

**ਨਵੀਂ ਦਿੱਲੀ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਅੱਜ ਇੱਥੇ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਬੰਗਲਾ ਸਾਹਿਬ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਲੈ ਕੇ ਪੈਦਾ ਹੋਏ ਵਿਵਾਦ 'ਤੇ ਆਪਣਾ ਪੱਖ ਸਪੱਸ਼ਟ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਘਰ ਮਨੁੱਖਤਾ ਦੀ ਸੇਵਾ, ਸਹਿਯੋਗ ਅਤੇ ਸਰਬੱਤ ਦੇ ਭਲੇ ਦਾ ਕੇਂਦਰ ਹਨ, ਪਰ ਕਿਸੇ ਵੀ ਸਿਆਸੀ ਮੰਤਵ ਲਈ ਗੁਰਦੁਆਰਾ ਬੰਗਲਾ ਸਾਹਿਬ ਦੀ ਮਰਿਆਦਾ ਅਤੇ ਧਾਰਮਿਕ ਪ੍ਰੰਪਰਾਵਾਂ ਨੂੰ ਢਾਹ ਲਾਉਣ ਦੀ ਕੋਸ਼ਿਸ਼ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਦੋਵਾਂ ਆਗੂਆਂ ਨੇ ਕਿਹਾ ਕਿ ਗੁਰਦੁਆਰਾ ਬੰਗਲਾ ਸਾਹਿਬ, ਜੰਤਰ-ਮੰਤਰ ਦੇ ਨੇੜੇ ਸਥਿਤ ਹੋਣ ਕਾਰਨ, ਵੱਖ-ਵੱਖ ਧਿਰਾਂ ਵੱਲੋਂ ਕੀਤੇ ਜਾਂਦੇ ਰੋਸ ਪ੍ਰਦਰਸ਼ਨਾਂ ਦੌਰਾਨ ਦੂਰ-ਦੁਰਾਡੇ ਤੋਂ ਆਉਣ ਵਾਲੇ ਲੋਕਾਂ ਲਈ ਸੇਵਾ ਅਤੇ ਸਹਾਇਤਾ ਦਾ ਕੇਂਦਰ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਅਨੁਸਾਰ ਗੁਰੂ ਘਰ ਵਿੱਚ ਆਉਣ ਵਾਲੇ ਹਰ ਵਿਅਕਤੀ ਦੀ ਬਿਨਾਂ ਕਿਸੇ ਭੇਦਭਾਵ ਦੇ ਸੇਵਾ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਵੀ ਪ੍ਰਦਰਸ਼ਨਕਾਰੀਆਂ ਨੂੰ ਲੰਗਰ, ਠਹਿਰਨ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਮੇਸ਼ਾ ਮਨੁੱਖਤਾ ਦੀ ਸੇਵਾ ਨੂੰ ਪਹਿਲ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਵੀ ਜੰਤਰ-ਮੰਤਰ ਵਿਖੇ ਪ੍ਰਦਰਸ਼ਨ ਦੌਰਾਨ ਆਏ ਲੋਕਾਂ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸ਼ਰਨ ਲਈ ਸੀ। ਉਨ੍ਹਾਂ ਲਈ ਲੰਗਰ, ਰਾਤ ਨੂੰ ਠਹਿਰਨ ਅਤੇ ਹੋਰ ਸਹੂਲਤਾਂ ਆਦਿ ਦੀ ਵਿਵਸਥਾ ਕੀਤੀ ਗਈ ਸੀ। ਦੋਵੇਂ ਆਗੂਆਂ ਨੇ ਕਿਹਾ ਕਿ ਇਸ ਦੇ ਬਾਵਜੂਦ ਕੁਝ ਸਿਆਸੀ ਧਿਰਾਂ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਨ ਦੀ ਬਜਾਏ ਨਕਾਰਾਤਮਕ ਪ੍ਰਚਾਰ ਕੀਤਾ ਗਿਆ, ਜੋ ਬਹੁਤ ਮੰਦਭਾਗਾ ਹੈ।

ਸਰਦਾਰ ਕਾਲਕਾ ਅਤੇ ਸਰਦਾਰ ਕਾਹਲੋਂ ਨੇ ਦੋਸ਼ ਲਾਇਆ ਕਿ ਬੀਤੇ ਸ਼ਨੀਵਾਰ ਨੂੰ ਹੋਏ ਪ੍ਰਦਰਸ਼ਨ ਦੌਰਾਨ ਕੁਝ ਵਿਅਕਤੀਆਂ ਨੇ ਗੁਰਦੁਆਰਾ ਬੰਗਲਾ ਸਾਹਿਬ ਦੇ ਅੰਦਰ ਬੈਨਰ ਅਤੇ ਪਲੇਕਾਰਡ ਕੱਢ ਕੇ ਨਾਅਰੇਬਾਜ਼ੀ ਕਰਨ ਦੀ ਕੋਸ਼ਿਸ਼ ਕੀਤੀ। ਦੋਵੇਂ ਆਗੂਆਂ ਨੇ ਕਿਹਾ ਕਿ ਜਦੋਂ ਸੇਵਾਦਾਰਾਂ ਨੇ ਪ੍ਰਦਰਸ਼ਨਕਾਰੀਆਂ



ਨੂੰ ਗੁਰੂ ਘਰ ਦੀ ਮਰਿਆਦਾ ਦਾ ਸਤਿਕਾਰ ਕਰਨ ਲਈ ਕਿਹਾ ਤਾਂ ਤਕਰਾਰ ਦੀ ਸਥਿਤੀ ਪੈਦਾ ਹੋ ਗਈ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਲੋਕ ਸੰਗਤ ਦੇ ਰੂਪ ਵਿੱਚ ਆ ਕੇ ਧਾਰਮਿਕ ਸਥਾਨ ਦੇ ਅੰਦਰ ਰਾਜਸੀ ਸਰਗਰਮੀਆਂ ਕਰਨ ਅਤੇ ਮਾਹੌਲ ਨੂੰ ਤਣਾਅਪੂਰਨ ਬਣਾਉਣ ਦੇ ਇਰਾਦੇ ਨਾਲ ਪਹੁੰਚੇ ਸਨ।

ਉਨ੍ਹਾਂ ਦਾਅਵਾ ਕੀਤਾ ਕਿ ਇਸ ਘਟਨਾ ਨਾਲ ਸਬੰਧਤ ਵੀਡੀਓਜ਼ ਅਤੇ ਹੋਰ ਤੱਥਾਂ ਦੇ ਆਧਾਰ 'ਤੇ ਕੁਝ ਪ੍ਰਦਰਸ਼ਨਕਾਰੀਆਂ ਦੇ ਆਮ ਆਦਮੀ ਪਾਰਟੀ ਨਾਲ ਸਬੰਧਾਂ ਬਾਰੇ ਸਵਾਲ ਉੱਠੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਗੁਰਦੁਆਰਾ ਬੰਗਲਾ ਸਾਹਿਬ ਦੀ ਮਰਿਆਦਾ ਨੂੰ ਲੈ ਕੇ ਵਿਵਾਦ ਖੜ੍ਹਾ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਦਨਾਮ ਕਰਨ ਅਤੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਉਨ੍ਹਾਂ ਵੱਲੋਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਹੋਰਨਾਂ ਨਾਲ ਸਬੰਧਤ ਸ਼ਿਕਾਇਤ ਸੰਸਦ ਮਾਰਗ ਪੁਲਿਸ ਕੋਲ ਦਿੱਤੇ ਜਾਣ ਦੀ ਗੱਲ ਵੀ ਕਹੀ ਗਈ।

ਦਿੱਲੀ ਕਮੇਟੀ ਦੇ ਆਗੂਆਂ ਨੇ ਸਪੱਸ਼ਟ ਕੀਤਾ ਕਿ ਗੁਰਦੁਆਰਾ ਸਾਹਿਬ ਦੀ ਮਰਿਆਦਾ ਭੰਗ ਕਰਨ ਜਾਂ ਇਸ ਦੇ ਅੰਦਰ ਸਿਆਸੀ ਪ੍ਰਦਰਸ਼ਨ ਕਰਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਪੁਲਿਸ ਦੀ ਮੌਜੂਦਗੀ ਅਤੇ ਉਸ ਦੀ ਕਾਰਵਾਈ ਬਾਰੇ ਵੀ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਸਪੱਸ਼ਟ ਕੀਤਾ ਕਿ ਪੁਲਿਸ ਦੀ ਕਾਰਵਾਈ ਬਾਰੇ ਉੱਠੇ ਸਵਾਲਾਂ ਨੂੰ ਗੁਰੂ ਘਰ ਦੀ ਮਰਿਆਦਾ ਨਾਲ ਜੋੜ ਕੇ ਅਜਿਹਾ ਬਿਰਤਾਂਤ ਸਿਰਜਣਾ ਠੀਕ ਨਹੀਂ, ਜਿਸ ਨਾਲ ਸੰਗਤ ਵਿੱਚ ਭੰਬਲਭੂਸਾ ਪੈਦਾ ਹੋਵੇ।

ਸਰਦਾਰ ਕਾਲਕਾ ਨੇ ਸਾਬਕਾ ਦਿੱਲੀ ਕਮੇਟੀ ਪ੍ਰਧਾਨ ਸਰਦਾਰ ਮਨਜੀਤ ਸਿੰਘ ਜੀ.ਕੇ. ਵੱਲੋਂ ਇਸ ਮਾਮਲੇ ਵਿੱਚ ਕੀਤੀਆਂ ਟਿੱਪਣੀਆਂ 'ਤੇ ਵੀ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਕਿਸੇ ਵੀ ਆਗੂ ਨੂੰ ਸਿਆਸੀ ਵਿਰੋਧ ਦੇ ਆਧਾਰ 'ਤੇ ਗੁਰੂ ਘਰ ਦੀ ਮਰਿਆਦਾ ਨਾਲ ਜੁੜੇ ਮੁੱਦੇ ਨੂੰ ਸਿਆਸੀ ਰੰਗਤ ਨਹੀਂ ਦੇਣੀ ਚਾਹੀਦੀ।

ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਨੇ ਹਰ ਔਖੇ ਸਮੇਂ ਵਿੱਚ ਮਨੁੱਖਤਾ ਦੀ ਸੇਵਾ ਕੀਤੀ ਹੈ। ਕੋਵਿਡ-19 ਮਹਾਮਾਰੀ ਦੌਰਾਨ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਨੂੰ ਕੋਵਿਡ ਕੇਅਰ ਸੈਂਟਰ ਵਜੋਂ ਵਰਤਣ ਲਈ ਉਪਲਬਧ ਕਰਵਾਉਣਾ ਵੀ ਇਸੇ ਸੇਵਾ ਭਾਵਨਾ ਦੀ ਮਿਸਾਲ ਹੈ। ਇਸ ਦੇ ਬਾਵਜੂਦ ਜਦੋਂ ਵੀ ਗੁਰੂ ਘਰਾਂ ਵਿੱਚ ਕੋਈ ਵਿਵਾਦ ਪੈਦਾ ਹੁੰਦਾ ਹੈ ਤਾਂ ਕੁਝ ਲੋਕ ਦਿੱਲੀ ਕਮੇਟੀ ਨੂੰ ਨਿਸ਼ਾਨਾ ਬਣਾਉਣ ਲਈ ਨਕਾਰਾਤਮਕ ਪ੍ਰਚਾਰ ਸ਼ੁਰੂ ਕਰ ਦਿੰਦੇ ਹਨ।

ਦੋਵਾਂ ਆਗੂਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਮੰਗਾਂ ਲਈ ਜੰਤਰ-ਮੰਤਰ ਜਾਂ ਹੋਰ ਨਿਰਧਾਰਤ ਸਥਾਨਾਂ 'ਤੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾਉਣ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਸੇ ਵੀ ਵਿਅਕਤੀ ਦੇ ਸਿਆਸੀ ਵਿਚਾਰਾਂ ਜਾਂ ਪਾਰਟੀ ਨਾਲ ਸਬੰਧਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਗੁਰੂ ਘਰ ਦੇ ਦਰਵਾਜ਼ੇ ਹਰ ਕਿਸੇ ਲਈ ਖੁੱਲ੍ਹੇ ਹਨ ਅਤੇ ਹਰ ਲੋੜਵੰਦ ਦੀ ਸੇਵਾ ਕਰਨਾ ਸਿੱਖ ਧਰਮ ਦੀ ਮੂਲ ਭਾਵਨਾ ਹੈ।

ਕੋਈ ਵੀ ਵਿਅਕਤੀ ਗੁਰੂ ਘਰ ਵਿੱਚ ਆ ਕੇ ਮੱਥਾ ਟੇਕ ਸਕਦਾ ਹੈ, ਅਰਦਾਸ ਕਰ ਸਕਦਾ ਹੈ ਅਤੇ ਲੰਗਰ ਛਕ ਸਕਦਾ ਹੈ, ਪਰ ਧਾਰਮਿਕ ਸਥਾਨ ਨੂੰ ਸਿਆਸੀ ਪ੍ਰਦਰਸ਼ਨ ਦੇ ਮੰਚ ਵਜੋਂ ਵਰਤਣਾ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਦੋਵੇਂ ਆਗੂਆਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਗੁਰੂ ਘਰਾਂ ਦੀ ਮਰਿਆਦਾ, ਪਵਿੱਤਰਤਾ ਅਤੇ ਸਿੱਖ ਪਰੰਪਰਾਵਾਂ ਦੀ ਰਾਖੀ ਲਈ ਸੁਚੇਤ ਰਹਿਣ ਅਤੇ ਕਿਸੇ ਵੀ ਸਿਆਸੀ ਧਿਰ ਨੂੰ ਧਾਰਮਿਕ ਸਥਾਨਾਂ ਦੀ ਵਰਤੋਂ ਆਪਣੇ ਸਿਆਸੀ ਹਿੱਤਾਂ ਲਈ ਨਾ ਕਰਨ ਦੇਣ। ਉਨ੍ਹਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਦੀ ਸਿੱਖਿਆ ਸਾਨੂੰ ਸੇਵਾ, ਸਹਿਣਸ਼ੀਲਤਾ ਅਤੇ ਮਨੁੱਖਤਾ ਦਾ ਸੰਦੇਸ਼ ਦਿੰਦੀ ਹੈ, ਇਸ ਲਈ ਗੁਰੂ ਘਰਾਂ ਨੂੰ ਸਿਆਸੀ ਟਕਰਾਅ ਤੋਂ ਦੂਰ ਰੱਖਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

# ਬਾਲ ਰਾਮਲੀਲਾ ਮੰਚਨ ਦੌਰਾਨ ਭਾਜਪਾ ਦੇ ਜ਼ਿਲ੍ਹਾ ਉਪ ਪ੍ਰਧਾਨ ਸੁੱਖੀ ਸ਼ਰਮਾ ਮੁੱਖ ਮਹਿਮਾਨ ਵਜੋਂ ਪੁੱਜੇ



**ਮਾਛੀਵਾੜਾ ਸਾਹਿਬ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਇੰਦਰਾਂ ਕਲੌਨੀ ਵਿੱਚ ਪਿਛਲੇ ਦਿਨਾਂ ਤੋਂ ਬਾਲ ਰਾਮਲੀਲਾ ਕਮੇਟੀ ਵਲੋਂ ਰਾਮਲੀਲਾ ਮੰਚਨ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਬੀਤੀ ਰਾਤ ਮਾਛੀਵਾੜਾ ਦੇ ਭਾਜਪਾ ਦੇ ਜ਼ਿਲ੍ਹਾ ਉਪ ਪ੍ਰਧਾਨ ਸੁਖਵਿੰਦਰ ਲਾਲ ਸੁੱਖੀ ਸ਼ਰਮਾ, ਵਿਕਾਸ ਮਿੱਤਲ, ਸਤੀਸ਼ ਸਿੰਗਲਾ, ਅੰਕੁਰ ਸਿੰਗਲਾ, ਹਰਸ਼ ਪ੍ਰਧਾਨ, ਕਰਨ ਸ਼ਰਮਾ ਨੇ ਸੰਯੁਕਤ ਰੂਪ ਵਿਚ ਰਿਬਨ ਕੱਟ ਕੇ ਮੰਚਨ ਦੀ ਸ਼ੁਰੂਆਤ ਕਰਵਾਈ।

ਉਕਤ ਆਗੂਆਂ ਨੇ ਕਿਹਾ ਕਿ ਛੋਟੇ-ਛੋਟੇ ਬੱਚੇ ਰਾਮਲੀਲਾ ਮੰਚਨ ਕਰ ਸਾਡੇ ਸਮਾਜ ਨੂੰ ਸੇਧ ਦੇ ਰਹੇ ਹਨ ਅਤੇ ਸੱਚਾਈ ਦੇ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕਰ ਰਹੇ ਹਨ।

ਆਗੂਆਂ ਵਲੋਂ ਕਮੇਟੀ ਨੂੰ ਆਰਥਿਕ ਸਹਾਇਤਾ ਵੀ ਦਿੱਤੀ। ਸੁੱਖੀ ਸ਼ਰਮਾ ਨੇ ਪ੍ਰਬੰਧਕ ਕਮੇਟੀ ਨੂੰ ਇਸ ਗੱਲ ਦੀ ਵਧਾਈ ਦਿੱਤੀ ਕਿ ਜਿੱਥੇ ਅੱਜ ਦੀ ਨੌਜਵਾਨ ਪੀੜੀ ਆਪਣੇ ਸਹੀ ਰਾਸਤੇ ਤੋਂ ਭਟਕ ਚੁੱਕੀ ਹੈ ਉੱਥੇ ਹੀ ਸਮੂਹ ਕਲੌਨੀ ਵਾਸੀਆਂ ਵੱਲੋਂ ਇਹਨਾਂ ਛੋਟੇ ਬੱਚਿਆਂ ਨੂੰ ਹਰ ਸਾਲ ਇਸ ਕੰਮ ਦੇ ਲਈ ਹੱਲਾਸ਼ੇਰੀ ਦੇ ਕੇ ,ਪ੍ਰੇਰਤ ਕਰਕੇ ਅੱਗੇ ਲਿਆਂਦਾ ਜਾ ਰਿਹਾ ਹੈ ,ਇਹ ਕਾਬਲੇ ਤਾਰੀਫ ਹੈ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਵਜੋਂ ਪੁੱਜੀ ਸਮੁੱਚੀ ਟੀਮ ਨੂੰ ਸਨਮਾਨਿਤ ਵੀ ਕੀਤਾ ਗਿਆ।

।ਇਸ ਮੌਕੇ ਸਾਬਕਾ ਕੌਂਸਲਰ ਪਰਮਜੀਤ ਪੰਮੀ, ਅਮਰਜੀਤ ਸਿੰਘ, ਪ੍ਰਧਾਨ ਸਤਪਾਲ, ਜਗਮੋਹਣ ਸਿੰਘ ਮਹਿਰਾ, ਬਲਵਿੰਦਰ ਜੱਸਲ, ਗਗਨ ਮਹਿਰਾ, ਬੌਬੀ ਮਹਿਰਾ, ਸਤਨਾਮ ਮਾਨ, ਚਰਨਜੀਤ ਸਿੰਘ ਚੰਨੀ, ਬਲਜੀਤ ਸਿੰਘ, ਦੀਨਾ ਮਾਛੀਵਾੜਾ ਵੀ ਮੌਜੂਦ ਸਨ।

# ਸਾਡਾ ਟੀਚਾ ਮਿਆਰੀ ਸਿੱਖਿਆ ਰਾਹੀਂ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਸਮਰੱਥ ਬਣਾਉਣਾ ਹੈ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**ਕਪੂਰਥਲਾ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਸਾਡੀ ਸਰਕਾਰ ਨੌਜਵਾਨਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਉਣ ਲਈ ਪੰਜਾਬ ਦੀ ਸਿੱਖਿਆ ਪ੍ਰਣਾਲੀ ਵਿੱਚ ਬਦਲਾਅ ਕਰ ਰਹੀ ਹੈ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਕਰ ਰਹੀ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਡਾ ਮੁੱਖ ਟੀਚਾ ਨੌਕਰੀ ਲੱਭਣ ਵਾਲਿਆਂ ਨੂੰ ਨੌਕਰੀਆਂ ਦੇਣ ਵਾਲੇ ਬਣਾਉਣਾ ਹੈ। ਇੱਥੇ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ ਦੇ 14ਵੇਂ ਕਨਵੋਕੇਸ਼ਨ ਸਮਾਰੋਹ ਦੌਰਾਨ ਉਨ੍ਹਾਂ ਕਿਹਾ ਕਿ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਕਾਇਆ-ਕਲਪ ਕਰਨ ਦੇ ਨਾਲ-ਨਾਲ ਮੈਰਿਟ ਦੇ ਆਧਾਰ 'ਤੇ 70,000 ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਸਿੱਖਿਆ ਅਤੇ ਰੋਜ਼ਗਾਰ ਦੀ ਕੀਤੀ ਗਈ ਅਣਦੇਖੀ ਨੇ ਹੀ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਮੌਕਿਆਂ ਦੀ ਭਾਲ ਕਰਨ ਲਈ ਮਜਬੂਰ ਕੀਤਾ ਸੀ।

ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਚਾਰ ਸਾਲਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਨੇ ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿੱਚ ਪਹਿਲੇ ਨੰਬਰ 'ਤੇ ਪਹੁੰਚਾ ਦਿੱਤਾ ਹੈ ਅਤੇ ਉਨ੍ਹਾਂ ਨੌਜਵਾਨਾਂ ਨੂੰ ਸੂਬੇ ਦੇ ਸੁਨਹਿਰੀ ਭਵਿੱਖ ਦੀ ਨੀਂਹ ਸਿੱਖਿਆ ਅਤੇ ਖੇਡਾਂ ਨੂੰ ਬਣਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ 'ਤੇ ਤਿੱਖਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਪੰਜਾਬ ਨੂੰ ਬਦਨਾਮ ਕਰਨ ਦੀ ਬਜਾਏ ਗੁਜਰਾਤ ਤੋਂ ਨਸ਼ਿਆਂ ਦੀ ਸਪਲਾਈ ਨੂੰ ਰੋਕੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ ਮੈਨੂੰ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਕਪੂਰਥਲਾ ਦੇ 14ਵੇਂ ਕਨਵੋਕੇਸ਼ਨ ਸਮਾਰੋਹ ਵਿੱਚ ਵਿਦਿਆਰਥੀਆਂ ਨੂੰ ਡਿਗਰੀਆਂ ਵੰਡਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਡਿਗਰੀ ਸਿਰਫ਼ ਕਾਗਜ਼ ਦਾ ਟੁਕੜਾ ਨਹੀਂ ਹੈ, ਇਹ ਇਕ ਅਜਿਹਾ ਸਰਟੀਫਿਕੇਟ ਹੈ, ਜੋ ਨੌਜਵਾਨਾਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਦੇ ਮੌਕੇ ਦਿੰਦਾ ਹੈ। ਸਾਡਾ ਟੀਚਾ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਲੱਭਣ ਵਾਲੇ ਨਹੀਂ, ਸਗੋਂ ਨੌਕਰੀਆਂ ਦੇਣ ਵਾਲੇ ਬਣਾਉਣਾ ਹੈ। ਸਿੱਖਿਆ ਅਤੇ ਖੇਡਾਂ ਪੰਜਾਬ ਦੇ ਸੁਨਹਿਰੀ ਭਵਿੱਖ ਦੀਆਂ ਕੁੰਜੀਆਂ ਹਨ। ਡਿਗਰੀ ਪ੍ਰਾਪਤ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਦਿਲੋਂ ਵਧਾਈਆਂ।



ਮੈਂ ਉਨ੍ਹਾਂ ਦੇ ਸਫ਼ਲ ਭਵਿੱਖ ਦੀ ਕਾਮਨਾ ਕਰਦਾ ਹਾਂ। ਇਨਕਲਾਬ ਜ਼ਿੰਦਾਬਾਦ।

ਕਨਵੋਕੇਸ਼ਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਜੋ ਲੋਕ ਨਸ਼ੇ ਦੀ ਸਮੱਸਿਆ ਨੂੰ ਲੈ ਕੇ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਨੂੰ ਪਹਿਲਾਂ ਇਸ ਸਮੱਸਿਆ ਨਾਲ ਨਜਿੱਠਣ ਵਿੱਚ ਆਪਣੀ ਨਾਕਾਮੀ ਲਈ ਜਵਾਬਦੇਹ ਹੋਣਾ ਚਾਹੀਦਾ ਹੈ। ਮੈਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਸਪੱਸ਼ਟ ਕਰੇ ਕਿ ਕੇਂਦਰ ਅਤੇ ਗੁਜਰਾਤ ਦੋਵਾਂ ਥਾਵਾਂ 'ਤੇ ਭਾਜਪਾ ਦੀ ਸਰਕਾਰ ਹੋਣ ਦੇ ਬਾਵਜੂਦ ਗੁਜਰਾਤ ਅਤੇ ਦੇਸ਼ ਦੇ ਹੋਰ ਹਿੱਸਿਆਂ ਦੀਆਂ ਬੰਦਰਗਾਹਾਂ ਰਾਹੀਂ ਨਸ਼ਿਆਂ ਦੀ ਸਪਲਾਈ ਕਿਵੇਂ ਜਾਰੀ ਰਹੀ। ਪੰਜਾਬ ਕਿਸੇ ਨੂੰ ਇਹ ਇਜਾਜ਼ਤ ਨਹੀਂ ਦੇਵੇਗਾ ਕਿ ਨਸ਼ਾ ਤਸਕਰੀ ਦੀ ਸਮੱਸਿਆ ਦੇ ਕੌਮੀ ਪਰਿਪੇਖ ਨੂੰ ਅਣਡਿੱਠ ਕਰ ਕੇ ਨਿਸ਼ਾਨਾ ਬਣਾ ਕੇ ਆਲੋਚਨਾ ਅਤੇ ਸਿਆਸੀ ਪ੍ਰਚਾਰ ਰਾਹੀਂ ਦਿੱਖ ਖ਼ਰਾਬ ਕੀਤੀ ਜਾਵੇ। ਜੋ ਲੋਕ ਆਪਣੇ ਸੂਬਿਆਂ ਵਿੱਚ ਇਸ ਸਮੱਸਿਆ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਵਿੱਚ ਅਸਫ਼ਲ ਰਹੇ, ਉਨ੍ਹਾਂ ਨੂੰ ਪੰਜਾਬ ਵੱਲ ਉਂਗਲ ਚੁੱਕਣ ਤੋਂ ਪਹਿਲਾਂ ਆਪਣਾ ਰਿਕਾਰਡ ਦੇਖਣਾ ਚਾਹੀਦਾ ਹੈ।

ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਰੰਗਲਾ ਪੰਜਾਬ ਬਣਾਉਣ ਲਈ ਆਪਣੇ ਗਿਆਨ, ਹੁਨਰ ਅਤੇ ਉੱਦਮੀ ਭਾਵਨਾ ਦੀ ਵਰਤੋਂ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕਨਵੋਕੇਸ਼ਨ ਸਮਾਰੋਹ ਨੂੰ ਵਿਦਿਆਰਥੀਆਂ ਦੇ ਜੀਵਨ ਵਿੱਚ ਮਹੱਤਵਪੂਰਨ ਮੌਕਾ ਕਰਾਰ ਦਿੱਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਡਿਗਰੀ ਕਾਗਜ਼ ਦੇ ਟੁਕੜੇ ਤੋਂ ਕਿਤੇ ਵੱਧ ਹੈ। ਉਨ੍ਹਾਂ ਕਿਹਾ ਕਿ ਇਹ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ, ਉਨ੍ਹਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਅਤੇ ਸਮਾਜ ਵਿੱਚ ਸਾਰਥਕ ਯੋਗਦਾਨ ਪਾਉਣ ਦਾ ਮੌਕਾ ਹੈ। ਦੇਸ਼ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਮਿਸਾਲ ਦਿੰਦਿਆਂ ਮੁੱਖ ਮੰਤਰੀ ਨੇ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਆਪਣੀਆਂ ਇੱਛਾਵਾਂ ਨੂੰ ਹਕੀਕਤ ਵਿੱਚ ਬਦਲਣ ਲਈ ਅਣਥੱਕ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਮਹਾਨ ਪੰਜਾਬੀ ਕਵੀ ਅਵਤਾਰ ਪਾਸ਼ ਦੀਆਂ ਲਾਈਨਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਮੁਸ਼ਕਲਾਂ ਦੇ ਸਾਹਮਣੇ ਕਦੇ ਵੀ ਆਪਣੇ ਸੁਪਨੇ ਨਾ ਤਿਆਗਣ। ਉਨ੍ਹਾਂ ਕਿਹਾ, ਵਿਦਿਆਰਥੀ ਜੀਵਨ ਨੌਜਵਾਨਾਂ ਨੂੰ ਦੁਨੀਆ ਦੀਆਂ ਤਲਖ਼ ਹਕੀਕਤਾਂ ਲਈ ਤਿਆਰ ਕਰਦਾ ਹੈ, ਜਿੱਥੇ ਸਫ਼ਲਤਾ ਲਈ ਦ੍ਰਿੜ੍ਹਤਾ, ਅਨੁਸ਼ਾਸਨ, ਨਵੀਨਤਾ ਅਤੇ ਵੱਖਰਾ ਸੋਚਣ ਦੀ ਹਿੰਮਤ ਦੀ ਲੋੜ ਹੁੰਦੀ ਹੈ। ਤੁਹਾਡਾ ਗਿਆਨ ਅਤੇ ਮੁਹਾਰਤ ਸਿਰਫ਼ ਨਿੱਜੀ ਤਰੱਕੀ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ। ਇਨ੍ਹਾਂ ਨੂੰ ਸਮਾਜ ਦੀ ਭਲਾਈ ਅਤੇ ਪੰਜਾਬ ਦੀ ਤਰੱਕੀ ਲਈ ਵਰਤੋ।

ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੌਜਵਾਨਾਂ ਲਈ ਢੁਕਵੇਂ ਮੌਕੇ ਪੈਦਾ ਕਰਨ ਵਿੱਚ ਅਸਫ਼ਲ ਰਹੀਆਂ, ਜਿਸ ਕਾਰਨ ਬਹੁਤੇ ਨੌਜਵਾਨਾਂ ਨੂੰ ਬਿਹਤਰ ਭਵਿੱਖ ਲਈ ਵਿਦੇਸ਼ਾਂ ਵੱਲ ਦੇਖਣਾ ਪਿਆ। ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਰਕਾਰ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਪੰਜਾਬ ਦੇ ਨੌਜਵਾਨ ਆਪਣੀਆਂ ਇੱਛਾਵਾਂ ਨੂੰ ਪੂਰਾ ਕਰ ਸਕਣ ਅਤੇ ਪੰਜਾਬ ਵਿੱਚ ਹੀ ਸਫ਼ਲ ਕਰੀਅਰ ਬਣਾ ਸਕਣ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਗੁਣਵੱਤਾ, ਪਹੁੰਚਯੋਗ, ਆਧੁਨਿਕ ਬੁਨਿਆਦੀ ਢਾਂਚੇ ਅਤੇ ਵਿਹਾਰਕ ਹੁਨਰ 'ਤੇ ਨਵੇਂ ਸਿਰੇ ਤੋਂ ਜ਼ੋਰ ਦਿੰਦਿਆਂ ਸਿੱਖਿਆ ਪ੍ਰਣਾਲੀ ਵਿੱਚ ਵਿਆਪਕ ਬਦਲਾਅ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਸੁਧਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਇੱਕੋ ਮੰਤਰੀ ਅਧੀਨ ਸਿੱਖਿਆ ਦੇ ਤਿੰਨਾਂ ਵਿੰਗਾਂ ਵਿੱਚ ਬਿਹਤਰ ਤਾਲਮੇਲ ਕਾਇਮ ਕੀਤਾ ਗਿਆ ਹੈ। ਉਨ੍ਹਾਂ ਕਿਹਾ, ਸਰਕਾਰੀ ਸਕੂਲਾਂ ਨੂੰ ਫਰਨੀਚਰ, ਸਮਾਰਟ ਕਲਾਸਰੂਮਾਂ ਅਤੇ ਆਧੁਨਿਕ ਸਾਇੰਸ ਲੈਬਾਂ ਨਾਲ ਲੈਸ ਕੀਤਾ ਜਾ ਰਿਹਾ ਹੈ, ਜਦੋਂ ਕਿ ਨਵੇਂ ਕੋਰਸ ਵਿਦਿਆਰਥੀਆਂ ਨੂੰ ਉੱਭਰ ਰਹੀਆਂ ਤਕਨਾਲੋਜੀਆਂ ਅਤੇ ਨਵੇਂ ਜ਼ਮਾਨੇ ਦੇ ਕਰੀਅਰ ਲਈ ਤਿਆਰ ਕਰ ਰਹੇ ਹਨ।

# ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਮਿਲ ਕੇ ਹੰਭਲਾ ਮਾਰਨ ਦਾ ਸੱਦਾ



**ਤਰਨ ਤਾਰਨ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਿੱਢੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਅੰਜ਼ਾਮ ਤੱਕ ਪਹੁੰਚਾਉਣ ਲਈ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਅਤੇ ਐਸ.ਐਸ.ਪੀ ਸੁਰੇਂਦਰ ਲਾਂਬਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਤਰਨ ਤਾਰਨ ਦਾ ਸਮੁੱਚਾ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਮੈਦਾਨ ਵਿੱਚ ਨਿੱਤਰ ਪਿਆ ਹੈ। ਅੱਜ ਜ਼ਿਲ੍ਹੇ ਦੇ ਚੋਟੀ ਦੇ ਅਧਿਕਾਰੀਆਂ ਨੇ ਵੱਖ-ਵੱਖ ਹੌਟ ਸਪੌਟ ਪਿੰਡਾਂ ਵਿੱਚ ਪਹੁੰਚ ਕੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰਦਿਆਂ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਮਿਲ ਕੇ ਹੰਭਲਾ ਮਾਰਨ ਦਾ ਸੱਦਾ ਦਿੱਤਾ।

ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੰਜੀਵ ਸ਼ਰਮਾ ਨੇ ਜੋਧਪੁਰ ਤੇ ਭੈਣੀ ਸਿੱਧਵਾਂ ਦਾ ਦੌਰਾ ਕਰਕੇ ਜਾਗਰੂਕਤਾ ਮੀਟਿੰਗਾਂ ਕੀਤੀਆਂ। ਇਸੇ ਤਰ੍ਹਾਂ ਐਸ.ਡੀ.ਐਮ ਤਰਨ ਤਾਰਨ ਡਾ. ਕਰਨਵੀਰ ਸਿੰਘ ਵੱਲੋਂ ਢਾਲਾ,ਹਵੇਲੀਆਂ ਤੇ ਗੱਗੋਬੂਆ, ਐਸ.ਡੀ.ਐਮ ਪੱਟੀ ਅਮਨਦੀਪ ਵੱਲੋਂ ਹਰੀਕੇ, ਐਸ.ਡੀ.ਐਮ ਭਿਖੀਵਿੰਡ ਵੱਲੋਂ ਭਿੱਖੀਵਿੰਡ ਅਤੇ ਐਸ.ਡੀ.ਐਮ ਖਡੂਰ ਸਾਹਿਬ ਵੱਲੋਂ ਭਰੋਵਾਲ ਅਤੇ ਗੋਇੰਦਵਾਲ ਸਾਹਿਬ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਲਾਮਬੰਦ ਹੋਣ ਦਾ ਸੱਦਾ ਦਿੱਤਾ।

ਇਸ ਮੌਕੇ ਲੋਕਾਂ ਨਾਲ ਸਿੱਧੇ ਸੰਵਾਦ ਦੌਰਾਨ ਅਧਿਕਾਰੀਆਂ ਨੇ ਕਿਹਾ ਕਿ ਨਸ਼ਿਆਂ ਦੀ ਅਲਾਮਤ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਲੋਕਾਂ ਦੇ ਨਿਰੰਤਰ ਸਹਿਯੋਗ ਦੀ ਲੋੜ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਦੇ ਭਵਿੱਖ ਦੀ ਸੁਰੱਖਿਆ ਲਈ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕਰਦਿਆਂ ਉਨ੍ਹਾਂ ਨੌਜਵਾਨਾਂ ਨੂੰ ਸਿੱਖਿਆ, ਖੇਡਾਂ ਅਤੇ ਹੋਰ ਉਸਾਰੂ ਗਤੀਵਿਧੀਆਂ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪਰਿਵਾਰਕ ਸਹਿਯੋਗ, ਚੰਗੀ ਸੰਗਤ ਅਤੇ ਖੇਡਾਂ ਤੇ ਮਨੋਰੰਜਨ ਦੀਆਂ ਸਹੂਲਤਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਲੋਕ ਸੰਪਰਕ ਮੁਹਿੰਮਾਂ, ਸਖ਼ਤ ਕਾਰਵਾਈ ਅਤੇ ਮੁੜ ਵਸੇਬੇ ਦੇ ਉਪਰਾਲਿਆਂ ਰਾਹੀਂ ਨਸ਼ਾ ਵਿਰੋਧੀ ਮੁਹਿੰਮ ਨੂੰ ਸਿੱਧੇ ਪਿੰਡਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਲਤ ਨਾਲ ਜੂਝ ਰਹੇ ਵਿਅਕਤੀਆਂ ਦੇ ਇਲਾਜ ਅਤੇ ਮੁੜ ਵਸੇਬੇ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਲੋਕਾਂ ਤੋਂ ਪੂਰਨ ਸਹਿਯੋਗ ਦੀ ਮੰਗ ਕਰਦਿਆਂ ਅਧਿਕਾਰੀਆਂ ਨੇ ਅਪੀਲ ਕੀਤੀ ਕਿ ਉਹ ਨਸ਼ਾ ਤਸਕਰੀ ਸਬੰਧੀ ਜਾਣਕਾਰੀ ਅਧਿਕਾਰੀਆਂ ਨਾਲ ਸਾਂਝੀ ਕਰਨ ਅਤੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦੇ ਸਾਂਝੇ ਉਪਰਾਲੇ ਵਿੱਚ ਸਰਗਰਮ ਭੂਮਿਕਾ ਨਿਭਾਉਣ।

ਇਸ ਦੌਰਾਨ ਅਧਿਕਾਰੀਆਂ ਵੱਲੋਂ ਪਿੰਡਾਂ ਵਿੱਚ ਅਜਿਹੀਆਂ ਸੁੰਨਸਾਨ ਥਾਵਾਂ ਅਤੇ ਖੰਡਰ ਇਮਾਰਤਾਂ ਦਾ ਵੀ ਦੌਰਾ ਕੀਤਾ ਗਿਆ, ਜਿਨ੍ਹਾਂ ਨੂੰ ਨਸ਼ਾ ਕਰਨ ਲਈ ਵਰਤੇ ਜਾਣ ਦਾ ਸੰਦੇਹ ਹੈ। ਅਧਿਕਾਰੀਆਂ ਨੇ ਇਨ੍ਹਾਂ ਥਾਵਾਂ ਦੀ ਸਾਫ-ਸਫ਼ਾਈ ਅਤੇ ਲਗਾਤਾਰ ਨਿਗਰਾਨੀ ਦੇ ਨਿਰਦੇਸ਼ ਦਿੱਤੇ।

# ਭਗਵੰਤ ਮਾਨ ਸਰਕਾਰ ਵੱਲੋਂ ਬੀ.ਕੇ.ਯੂ. (ਏਕਤਾ ਉਗਰਾਹਾਂ) ਨਾਲ ਲੰਬੀ ਮੀਟਿੰਗ; ਕਿਸਾਨਾਂ ਦੇ ਮਸਲਿਆਂ ਦੇ ਸਮਾਂਬੱਧ ਹੱਲ ਦਾ ਦਿੱਤਾ ਭਰੋਸਾ

**ਚੰਡੀਗੜ੍ਹ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਭਾਈਚਾਰੇ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਸਰਕਾਰ ਦੇ ਮੰਤਰੀਆਂ ਦੇ ਸਮੂਹ ਅਤੇ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਵਾਲੀ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵਿਚਾਲੇ ਅੱਜ ਇੱਥੇ ਉੱਚ ਪੱਧਰੀ ਮੀਟਿੰਗ ਹੋਈ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਿਦਾਇਤਾਂ 'ਤੇ ਕੈਬਨਿਟ ਮੰਤਰੀਆਂ ਹਰਪਾਲ ਸਿੰਘ ਚੀਮਾ, ਅਮਨ ਅਰੋੜਾ ਅਤੇ ਗੁਰਮੀਤ ਸਿੰਘ ਖੁੱਡੀਆਂ 'ਤੇ ਅਧਾਰਤ ਮੰਤਰੀਆਂ ਦੇ ਸਮੂਹ ਨੇ ਕਿਸਾਨ ਨੁਮਾਇੰਦਿਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਮੰਤਰੀਆਂ ਦੇ ਇਸ ਵਫ਼ਦ ਦੇ ਨਾਲ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਵਰਮਾ ਅਤੇ ਵੱਖ-ਵੱਖ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਸ਼ਾਮਲ ਸਨ।

ਯੂਨੀਅਨ ਵੱਲੋਂ ਸੌਂਪੇ ਗਏ ਮੰਗ ਪੱਤਰ 'ਤੇ ਅਧਾਰਤ ਲੰਬੀ ਚਰਚਾ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਗੱਲਬਾਤ ਬਹੁਤ ਹੀ ਸੁਖਾਵੇਂ ਮਾਹੌਲ ਵਿੱਚ ਹੋਈ ਅਤੇ ਇਸ ਦੇ ਨਤੀਜੇ ਵਜੋਂ ਕਈ ਅਹਿਮ ਮਸਲਿਆਂ 'ਤੇ ਮਜ਼ਬੂਤ ਸਹਿਮਤੀ ਬਣੀ ਹੈ।

ਕਿਸਾਨਾਂ ਨੂੰ ਪੰਜਾਬ ਦੀ ਖੇਤੀਬਾੜੀ ਅਤੇ ਸਮੁੱਚੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਮੰਨਦਿਆਂ ਵਿੱਤ ਮੰਤਰੀ ਨੇ ਭਗਵੰਤ ਮਾਨ ਸਰਕਾਰ ਦੀ ਉਨ੍ਹਾਂ ਦੀ ਭਲਾਈ ਪ੍ਰਤੀ ਦ੍ਰਿੜ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ਯੂਨੀਅਨ ਦੀਆਂ ਮੰਗਾਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਦੌਰਾਨ, ਪ੍ਰਵਾਨ ਕੀਤੇ ਗਏ ਸਥਾਨਕ ਮਸਲਿਆਂ ਦੇ ਯੋਜਨਾਬੱਧ ਅਤੇ ਸਮਾਂਬੱਧ ਹੱਲ ਨੂੰ ਯਕੀਨੀ ਬਣਾਉਣ ਲਈ ਆਪਸੀ ਸਹਿਮਤੀ ਨਾਲ ਇੱਕ ਤੋਂ ਦੋ ਮਹੀਨਿਆਂ ਦਾ ਸਮਾਂ ਤੈਅ ਕੀਤਾ ਗਿਆ ਹੈ।

ਪਿਛਲੇ ਅੰਦੋਲਨਾਂ ਦੌਰਾਨ ਕਿਸਾਨਾਂ 'ਤੇ ਦਰਜ ਬਕਾਇਆ ਐਫ.ਆਈ.ਆਰਜ਼ ਨਾਲ ਸਬੰਧਤ ਵਿਸ਼ੇਸ਼ ਮੰਗ 'ਤੇ ਬੋਲਦਿਆਂ, ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਇਨ੍ਹਾਂ ਵਿੱਚੋਂ ਵੱਡੀ ਗਿਣਤੀ ਕੇਸ ਪਹਿਲਾਂ ਹੀ ਸੂਬਾ ਸਰਕਾਰ ਵੱਲੋਂ ਰੱਦ ਕੀਤੇ ਜਾ ਚੁੱਕੇ ਹਨ।

ਵੱਖ-ਵੱਖ ਅਦਾਲਤਾਂ ਵਿੱਚ ਬਕਾਇਆ ਪਏ ਲਗਭਗ 13 ਤੋਂ 16 ਮਾਮਲਿਆਂ ਲਈ, ਸਰਕਾਰ ਨੇ ਇਨ੍ਹਾਂ ਨੂੰ ਜਲਦੀ ਵਾਪਸ ਲੈਣ ਲਈ ਇੱਕ ਰਣਨੀਤਕ, ਪੜਾਅਵਾਰ ਕਾਨੂੰਨੀ ਢਾਂਚਾ ਤਿਆਰ ਕੀਤਾ ਹੈ।

ਫ਼ਸਲਾਂ ਦੇ ਨੁਕਸਾਨ ਦੀ ਭਰਪਾਈ ਲਈ ਵਿਸ਼ੇਸ਼ ਬਜਟ ਦੀ ਮੰਗ ਦੇ ਜਵਾਬ ਵਿੱਚ, ਵਿੱਤ ਮੰਤਰੀ ਨੇ ਨੁਮਾਇੰਦਿਆਂ ਨੂੰ ਦੱਸਿਆ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਮੁਆਵਜ਼ੇ ਲਈ 750 ਕਰੋੜ ਰੁਪਏ ਰੱਖੇ ਹਨ ਅਤੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਵੰਡਣ ਦੀ ਪ੍ਰਕਿਰਿਆ ਜਾਰੀ ਹੈ।

ਮੀਟਿੰਗ ਦੌਰਾਨ ਮੁਜ਼ਾਰਾ ਕਿਸਾਨਾਂ ਦੇ ਮੁਆਵਜ਼ੇ 'ਤੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਤੋਂ ਇਲਾਵਾ, ਉਨ੍ਹਾਂ ਕਾਸ਼ਤਕਾਰਾਂ ਦੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਸਲੇ 'ਤੇ ਬਹੁਤ ਹਮਦਰਦੀ ਵਾਲਾ ਰੁਖ ਅਪਣਾਇਆ ਗਿਆ, ਜੋ ਕਈ ਦਹਾਕਿਆਂ ਤੋਂ ਰਸਮੀ ਮਾਲਕੀ ਹੱਕਾਂ ਤੋਂ ਬਿਨਾਂ ਜ਼ਮੀਨ ਵਾਹ ਰਹੇ ਹਨ।

ਕੌਮੀ ਪੱਧਰ 'ਤੇ ਕਿਸਾਨ ਵਿਰੋਧੀ ਨੀਤੀਆਂ ਵਿਰੁੱਧ ਸੂਬਾ ਸਰਕਾਰ ਦੇ ਦ੍ਰਿੜ ਸਟੈਂਡ ਦੀ ਪੁਸ਼ਟੀ ਕਰਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਯੂਨੀਅਨ ਨੂੰ ਭਰੋਸਾ ਦਿਵਾਇਆ ਕਿ ਕੇਂਦਰ ਸਰਕਾਰ ਕੋਲ ਬਕਾਇਆ ਪਏ ਖੇਤੀਬਾੜੀ ਦੇ ਸਾਰੇ ਵੱਡੇ ਮਸਲਿਆਂ 'ਤੇ ਪੰਜਾਬ ਵਿਧਾਨ ਸਭਾ ਦੇ ਆਗਾਮੀ ਇਜਲਾਸ ਵਿੱਚ ਜ਼ੋਰਦਾਰ ਢੰਗ ਨਾਲ ਬਹਿਸ ਕੀਤੀ ਜਾਵੇਗੀ।

ਉਨ੍ਹਾਂ ਕਿਹਾ, ਭਗਵੰਤ ਮਾਨ ਸਰਕਾਰ ਨੇ ਕਾਰਪੋਰੇਟ ਏਕਾਧਿਕਾਰ ਦੇ ਖਿਲਾਫ ਸੂਬੇ ਦੇ ਖੇਤੀਬਾੜੀ ਖੇਤਰ ਦਾ ਲਗਾਤਾਰ ਬਚਾਅ ਕੀਤਾ ਹੈ।

ਯੂਨੀਅਨ ਨਾਲ ਮਤਿਆਂ ਦੀਆਂ ਕਾਪੀਆਂ ਸਾਂਝੀਆਂ ਕਰਦਿਆਂ ਵਿੱਤ ਮੰਤਰੀ ਨੇ ਕਿਹਾ, ਪਿਛਲੇ ਵਿਧਾਨ ਸਭਾ ਸੈਸ਼ਨਾਂ ਵਿੱਚ, ਸੂਬਾ ਸਰਕਾਰ ਪਹਿਲਾਂ ਹੀ ਨੁਕਸਾਨਦੇਹ ਅੰਤਰਰਾਸ਼ਟਰੀ ਖੇਤੀਬਾੜੀ ਵਪਾਰ ਸਮਝੌਤਿਆਂ ਅਤੇ ਵਿਵਾਦਤ ਬਿਜਲੀ ਬਿੱਲ ਦਾ ਵਿਰੋਧ ਕਰਦਿਆਂ ਕੇਂਦਰ ਸਰਕਾਰ ਨੂੰ ਮਜ਼ਬੂਤ ਮਤੇ ਪਾਸ ਕਰਕੇ ਭੇਜ ਚੁੱਕੀ ਹੈ।

ਮੰਤਰੀਆਂ ਦੇ ਸਮੂਹ ਨੇ ਸਾਰੇ ਵਿਧਾਨਕ ਅਤੇ ਪ੍ਰਬੰਧਕੀ ਮੋਰਚਿਆਂ 'ਤੇ ਕਿਸਾਨਾਂ ਦੇ ਅਧਿਕਾਰਾਂ ਅਤੇ ਰੋਜ਼ੀ-ਰੋਟੀ ਦੀ ਰਾਖੀ ਕਰਦੇ ਰਹਿਣ ਦੇ ਸੂਬਾ ਸਰਕਾਰ ਦੇ ਦ੍ਰਿੜ ਸੰਕਲਪ ਨੂੰ ਦੁਹਰਾਇਆ।

ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਭੁਟਾਲ, ਰੂਪ ਸਿੰਘ ਛੰਨਾਂ, ਹਰਵਿੰਦਰ ਕੌਰ ਬਿੰਦੂ, ਕਮਲਜੀਤ ਕੌਰ ਅਤੇ ਕੁਲਦੀਪ ਕੌਰ ਉਚੇਚੇ ਤੌਰ 'ਤੇ ਹਾਜ਼ਰ ਸਨ।

# ਵਿਦਿਆਰਥੀਆਂ ਨੂੰ ਊਰਜਾ ਬੱਚਤ ਬਾਰੇ ਜਾਣੂ ਕਰਵਾਇਆ



**ਲੁਧਿਆਣਾ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਇੱਸੇਵਾਲ ਲੁਧਿਆਣਆ ਵਿਖੇ ਬਿਜਲੀ ਦੀ ਬੱਚਤ ਕਿਉਂ ਤੇ ਕਿਵੇਂ ਕਰੀਏ ਵਿਸ਼ੇ ਉੱਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਜਾਗਰੂਕਤਾ ਸਮਾਗਮ ਆਯੋਜਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਊਰਜਾ ਬੱਚਤ ਬਾਰੇ ਜਾਣੂ ਕਰਵਾਇਆ ਗਿਆ। ਇਸ ਸਮਾਗਮ ਵਿੱਚ

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਡੀ.ਐਸ.ਐਮ ਦਫਤਰ ਦੇ ਅਧਿਕਾਰੀ ਇੰਜ: ਸਲੀਮ ਮੁਹੰਮਦ (ਉਪ ਮੁੱਖ ਇੰਜ:/ਡੀ.ਐਸ.ਐਮ), ਇੰਜ:ਸ਼ਮੀ ਜਿੰਦਲ (ਵਧੀਕ ਨਿਗਰਾਨ ਇੰਜ/ਡੀ.ਐਸ.ਐਮ), ਇੰਜ: ਗਰੀਸ਼ ਕੁਮਾਰ ਮਹਾਜਨ (ਸਹਾਇਕ ਇੰਜੀਨੀਅਰ), ਇੰਜ: ਕਰਮਜੀਤ ਸਿੰਘ (ਏ.ਏ.ਈ) ਅਤੇ ਇੰਜ: ਅਮਰਜੀਤ ਸਿੰਘ (ਏ.ਏ.ਈ) ਨੇ ਹਿੱਸਾ ਲਿਆ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਬਿਜਲੀ ਦੀ ਸੰਜਮ ਨਾਲ ਵਰਤੋਂ ਕਰਨ ਲਈ ਵੱਖ-ਵੱਖ ਵਿਧੀਆਂ ਅਤੇ ਤਕਨੀਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੇ ਇਨ੍ਹਾਂ ਤਰੀਕਿਆਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਣਾਉਣ ਦਾ ਪ੍ਰਣ ਕੀਤਾ।

ਪੀ.ਐਸ.ਪੀ.ਸੀ.ਐਲ ਦੇ ਡੀ.ਐਸ.ਐਮ ਦਫਤਰ ਵੱਲੋਂ ਵਿਦਿਆਰਥੀਆਂ ਨੂੰ ਊਰਜਾ ਸੰਜਮਤਾ ਵਿਸ਼ੇ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਊਰਜਾ ਸੰਜਮਤਾ ਵਿਸ਼ੇ ਉੱਤੇ ਪੇਪਰ ਪੜ੍ਹੇ ਗਏ ਅਤੇ ਵਿਦਿਆਰਥੀਆਂ ਵੱਲੋਂ ਊਰਜਾ ਬੱਚਤ ਉੱਤੇ ਬਣਾਈਆਂ ਗਈਆਂ ਪੇਂਟਿੰਗਾਂ ਵੀ ਕਾਬਿਲ-ਏ-ਤਾਰੀਫ਼ ਸਨ।

ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਭੁਪਿੰਦਰ ਕੌਰ ਅਤੇ ਸਕੂਲ ਦੇ ਅਧਿਆਪਕ ਸ਼੍ਰੀਮਤੀ ਗੀਤਿਕਾ ਸ਼ਰਮਾ, ਸ਼੍ਰੀਮਤੀ ਦਲਿੰਦਰ ਕੌਰ, ਸ਼੍ਰੀ ਜਗਜੀਤ ਸਿੰਘ ਅਤੇ ਸ਼੍ਰੀ ਚਰਨਜੀਤ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਅੱਜ ਦੇ ਸਮਾਗਮ ਨਾਲ ਵਿਦਿਆਰਥੀਆਂ ਨੂੰ ਬਿਜਲੀ ਦੀ ਸੁਚੱਜੀ ਵਰਤੋਂ ਕਰਨ ਸਬੰਧੀ ਭਰਪੂਰ ਜਾਣਕਾਰੀ ਮਿਲੀ ਹੈ ਅਤੇ ਪੀ.ਐਸ.ਪੀ.ਸੀ.ਐਲ. ਵੱਲੋਂ ਭਵਿੱਖ ਵਿੱਚ ਅਜਿਹੇ ਪ੍ਰੋਗਰਾਮ ਸਕੂਲਾਂ ਵਿੱਚ ਵੱਧ ਤੋਂ ਵੱਧ ਕਰਨੇ ਚਾਹੀਦੇ ਹਨ ਤਾਂ ਜੋ ਬਿਜਲੀ ਬੱਚਤ ਸਬੰਧੀ ਵਿਦਿਆਰਥੀਆਂ ਨੂੰ ਹੋਰ ਜਾਗਰਿਤ ਕੀਤਾ ਜਾ ਸਕੇ। ਇਸ ਮੌਕੇ ਸਕੂਲ ਦੇ ਅਧਿਆਪਕ ਸ਼੍ਰੀਮਤੀ ਜਸਵੀਰ ਕੌਰ ਜੀ ਵੱਲੋਂ ਸਟੇਜ ਦੀ ਕਾਰਵਾਈ ਨੂੰ ਬਾਖੂਬੀ ਸੰਭਾਲਿਆ ਗਿਆ।

ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਭੁਪਿੰਦਰ ਕੌਰ ਵੱਲੋਂ ਪੀ.ਐਸ.ਪੀ.ਸੀ.ਐਲ. ਵੱਲੋਂ ਆਯੋਜਿਤ ਕੀਤੇ ਗਏ ਬਿਜਲੀ ਬੱਚਤ ਸਬੰਧੀ ਸਮਾਗਮ ਦੀ ਭਰਪੂਰ ਸਲਾਘਾ ਕੀਤੀ ਗਈ ਅਤੇ ਉਮੀਦ ਜਾਹਿਰ ਕੀਤੀ ਕਿ ਭਵਿੱਖ ਵਿੱਚ ਅਜਿਹੇ ਸਮਾਗਮ ਹੋਰ ਸਕੂਲਾਂ ਵਿੱਚ ਵੀ ਕਰਵਾਏ ਜਾਣੇ ਚਾਹੀਦੇ ਹਨ।

# ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮੁਲਾਕਾਤ ਕਰਕੇ ਮੰਡੀ ਦੀ ਸਮੱਸਿਆ ਬਾਰੇ ਦਿੱਤੀ ਜਾਣਕਾਰੀ

**ਫਾਜ਼ਿਲਕਾ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਾਲ ਹੀ ਵਿੱਚ ਹੋਈ ਭਾਰੀ ਬਾਰਿਸ਼ ਕਾਰਨ ਫਾਜ਼ਿਲਕਾ ਦੀ ਅਨਾਜ ਮੰਡੀ ਵਿੱਚ ਪਾਣੀ ਭਰਨ ਅਤੇ ਝੋਨੇ ਦੀ ਫ਼ਸਲ ਖ਼ਰਾਬ ਹੋਣ ਦੀਆਂ ਘਟਨਾਵਾਂ ਤੋਂ ਬਾਅਦ ਮੰਡੀ ਦੀ ਨਿਕਾਸੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਵੱਡਾ ਕਦਮ ਚੁੱਕਿਆ ਗਿਆ ਹੈ। ਆੜ੍ਹਤੀਆਂ ਵੱਲੋਂ ਇਸ ਸਮੱਸਿਆ ਨੂੰ ਲੈ ਕੇ ਪ੍ਰਗਟਾਈ ਗਈ ਚਿੰਤਾ ਦੇ ਮੱਦੇਨਜ਼ਰ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਅੱਜ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਉਚੇਚੇ ਤੌਰ ਤੇ ਮੁਲਾਕਾਤ ਕੀਤੀ। ਇਸ ਦੌਰਾਨ ਵਿਧਾਇਕ ਸਵਨਾ ਨੇ ਮੰਡੀ ਦੀ ਸਮੱਸਿਆ ਨੂੰ ਤੁਰੰਤ ਹੱਲ ਕਰਨ ਦਾ ਮਾਮਲਾ ਉਠਾਇਆ ਅਤੇ ਮੰਡੀ ਵਿੱਚੋਂ ਮੀਂਹ ਦੇ ਪਾਣੀ ਨੂੰ ਤੁਰੰਤ ਕੱਢਣ ਦੇ ਪ੍ਰੋਜੈਕਟ ਲਈ 4.31 ਕਰੋੜ ਰੁਪਏ ਦੀ ਫੰਡ ਜਾਰੀ ਕਰਨ ਲਈ ਬੇਨਤੀ ਕੀਤੀ।

ਵਿਧਾਇਕ ਸਵਨਾ ਦੀ ਇਸ ਵਿਸ਼ੇਸ਼ ਮੁਲਾਕਾਤ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਤੁਰੰਤ ਹੀ ਸੰਬੰਧਤ ਅਫਸਰਾਂ ਨੂੰ ਤੁਰੰਤ 4.31 ਕਰੋੜ ਰੁਪਏ ਦੇ ਫੰਡ ਜਾਰੀ ਕਰਨ ਅਤੇ ਪ੍ਰੋਜੈਕਟ ਨੂੰ ਜਲਦੀ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ।

ਵਿੱਤ ਮੰਤਰੀ ਨੂੰ ਮਿਲਣ ਉਪਰੰਤ



ਵਿਧਾਇਕ ਸਵਨਾ ਨੇ ਦੱਸਿਆ ਕਿ ਪਿਛਲੀ ਸਰਕਾਰ ਵੱਲੋਂ ਮੰਡੀ ਦੇ ਸੀਵਰੇਜ ਨੂੰ ਸ਼ਹਿਰ ਦੇ ਸੀਵਰੇਜ ਨਾਲ ਜੋੜ ਦਿੱਤਾ ਗਿਆ ਸੀ।ਜਿਸ ਨਾਲ ਸ਼ਹਿਰ ਦੇ ਸੀਵਰੇਜ 'ਤੇ ਬੋਝ ਵੱਧ ਗਿਆ ਅਤੇ ਇਸ ਵਾਰ ਪਏ ਭਾਰੀ ਮੀਂਹ ਕਾਰਨ ਮੰਡੀ ਵਿਚ ਭਰੇ ਪਾਣੀ ਨੂੰ ਕੱਢਣ ਵਿਚ ਸਮਾਂ ਲੱਗ ਗਿਆ। ਜੇਕਰ ਪਹਿਲਾਂ ਹੀ ਮੰਡੀ ਲਈ ਮੀਂਹ ਦਾ ਪਾਣੀ ਕੱਢਣ ਲਈ ਵੱਖਰਾ ਸੀਵਰੇਜ ਸਿਸਟਮ ਸ਼ੁਰੂ ਕੀਤਾ ਹੁੰਦਾ ਤਾਂ ਅੱਜ ਕਿਸਾਨਾਂ ਅਤੇ ਆੜ੍ਹਤੀਆਂ ਦਾ ਜ਼ਿਆਦਾ ਨੁਕਸਾਨ ਨਹੀਂ ਹੋਣਾ ਸੀ।

ਹੁਣ ਨਵੇਂ ਪ੍ਰਾਜੈਕਟ ਤਹਿਤ ਅਗਲੇ ਸੀਜ਼ਨ ਤੱਕ ਮੰਡੀ ਵਿੱਚ ਨਵੀਆਂ ਪਾਈਪਲਾਈਨਾਂ ਵਿਛਾਉਣ ਅਤੇ ਨਵੇਂ ਵਾਟਰ ਪੰਪ ਲਗਾਉਣ ਦਾ ਕੰਮ ਕੀਤਾ ਜਾਵੇਗਾ। ਇਸ ਨਾਲ ਮੀਂਹ ਦੇ ਪਾਣੀ ਦੀ ਨਿਕਾਸੀ ਲਈ ਮੌਜੂਦਾ ਪ੍ਰਬੰਧਾਂ ਦੇ ਨਾਲ ਹੋਰ ਨਵਾਂ ਮਜ਼ਬੂਤ ਪ੍ਰਬੰਧ ਕੀਤਾ ਜਾਵੇਗਾ, ਤਾਂ ਜੋ ਬਾਰਿਸ਼ ਦੌਰਾਨ ਮੰਡੀ ਵਿੱਚ ਪਾਣੀ ਇਕੱਠਾ ਹੋਣ ਦੀ ਸਮੱਸਿਆ ਤੋਂ ਰਾਹਤ ਮਿਲ ਸਕੇ।

ਨਵੇਂ ਪ੍ਰਬੰਧਾਂ ਤਹਿਤ ਮੰਡੀ ਵਿੱਚ ਇਕੱਠੇ ਹੋਣ ਵਾਲੇ ਮੀਂਹ ਦੇ ਪਾਣੀ ਨੂੰ ਨਵੀਂ ਸੀਵਰੇਜ ਪ੍ਰਣਾਲੀ ਰਾਹੀਂ ਸਿੱਧਾ ਹੀ ਮੁੱਖ ਨਿਕਾਸੀ ਨਾਲੇ ਵਿੱਚ ਪਹੁੰਚਾਇਆ ਜਾਵੇਗਾ। ਇਸ ਨਾਲ ਪਾਣੀ ਦੀ ਨਿਕਾਸੀ ਦੀ ਸਮਰੱਥਾ ਵਿੱਚ ਵੱਡਾ ਵਾਧਾ ਹੋਵੇਗਾ। ਹੁਣ ਹੋਣ ਵਾਲੇ ਨਵੇਂ ਪ੍ਰਬੰਧਾਂ ਨਾਲ ਇਹ ਸਮਰੱਥਾ ਵੱਧ ਕੇ 17 ਲੱਖ ਲੀਟਰ ਪ੍ਰਤੀ ਘੰਟਾ ਹੋ ਜਾਵੇਗੀ।

ਇਸ ਤਰ੍ਹਾਂ ਮੰਡੀ ਵਿੱਚੋਂ ਬਾਰਿਸ਼ ਦਾ ਪਾਣੀ ਕੱਢਣ ਦੀ ਸਮਰੱਥਾ ਪਹਿਲਾਂ ਨਾਲੋਂ ਤੇਜ਼ ਹੋ ਜਾਵੇਗੀ। ਇਸ ਦਾ ਮੁੱਖ ਉਦੇਸ਼ ਮੀਂਹ ਦੇ ਪਾਣੀ ਦੀ ਆਮਦ ਅਤੇ ਨਿਕਾਸੀ ਵਿਚਕਾਰ ਸੰਤੁਲਨ ਬਣਾਉਣਾ ਹੈ, ਤਾਂ ਜੋ ਭਾਰੀ ਬਾਰਿਸ਼ ਦੌਰਾਨ ਵੀ ਮੰਡੀ ਵਿੱਚ ਪਾਣੀ ਖੜ੍ਹਾ ਨਾ ਹੋਵੇ।

ਇਸ ਪ੍ਰਾਜੈਕਟ ਨਾਲ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਵੱਡੀ ਰਾਹਤ ਮਿਲੇਗੀ। ਮੰਡੀ ਵਿੱਚ ਪਾਣੀ ਭਰਨ ਕਾਰਨ ਝੋਨੇ ਦੀ ਫ਼ਸਲ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਅਤੇ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਈ ਰੱਖਣ ਲਈ ਇਹ ਪ੍ਰਬੰਧ ਅਹਿਮ ਸਾਬਤ ਹੋ ਸਕਦੇ ਹਨ।

ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਵੱਲੋਂ ਮੰਡੀ ਦੀ ਇਸ ਸਮੱਸਿਆ ਨੂੰ ਵਿੱਤ ਮੰਤਰੀ ਦੇ ਧਿਆਨ ਵਿੱਚ ਲਿਆਉਣ ਅਤੇ ਇਸ ਦੇ ਸਥਾਈ ਹੱਲ ਲਈ ਪ੍ਰਾਜੈਕਟ ਦੀ ਮਨਜ਼ੂਰੀ ਹਾਸਲ ਕਰਨ ਨੂੰ ਕਿਸਾਨਾਂ ਤੇ ਆੜ੍ਹਤੀਆਂ ਦੀ ਮੁਸ਼ਕਲ ਘਟਾਉਣ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

ਇਸ ਪ੍ਰਕਿਰਿਆ ਦਾ ਮੁੱਖ ਉਦੇਸ਼ ਮੀਂਹ ਦੇ ਪਾਣੀ ਦੀ ਆਮਦ ਅਤੇ ਨਿਕਾਸੀ ਵਿਚਕਾਰ ਸੰਤੁਲਨ ਬਣਾਉਣਾ ਹੈ, ਤਾਂ ਜੋ ਭਾਰੀ ਬਾਰਿਸ਼ ਦੌਰਾਨ ਵੀ ਮੰਡੀ ਵਿੱਚ ਪਾਣੀ ਖੜ੍ਹਾ ਰਹਿਣ ਦੀ ਸੰਭਾਵਨਾ ਨਾ ਦੇ ਬਰਾਬਰ ਹੋਵੇ।

ਇਸ ਨਵੇਂ ਪ੍ਰਾਜੈਕਟ ਦੇ ਆਉਣ ਨਾਲ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਹੈ। ਮੰਡੀ ਵਿੱਚ ਪਾਣੀ ਭਰਨ ਕਾਰਨ ਫ਼ਸਲ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਅਤੇ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਈ ਰੱਖਣ ਲਈ ਇਹ ਪ੍ਰਬੰਧ ਅਹਿਮ ਸਾਬਤ ਹੋ ਸਕਦੇ ਹਨ।

# ਵੋਟਰ ਸੂਚੀਆਂ ਦੀ ਗਹਿਰੀ ਸੁਧਾਈ-2026 ਦੌਰਾਨ ਪ੍ਰਾਪਤ ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ ਕਰਨ ਉਪਰੰਤ ਅੰਤਿਮ ਪ੍ਰਕਾਸ਼ਨਾ ਕੀਤੀ

**ਸੰਗਰੂਰ, 18 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 01 ਅਕਤੂਬਰ 2026 ਦੇ ਆਧਾਰ ਤੇ ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧਿਆਂ ਨਾਲ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ-2026 ਦੌਰਾਨ ਪ੍ਰਾਪਤ ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ ਕਰਨ ਉਪਰੰਤ ਅੰਤਿਮ ਪ੍ਰਕਾਸ਼ਨਾ ਕੀਤੀ ਗਈ।

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀਮਤੀ ਪੂਨਮਦੀਪ ਕੌਰ ਨੇ ਅੰਤਿਮ ਪ੍ਰਕਾਸ਼ਿਤ ਫੋਟੋ ਵੋਟਰ ਸੂਚੀਆਂ ਸਬੰਧੀ ਜ਼ਿਲ੍ਹੇ ਦੇ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ ਅਤੇ ਉਨ੍ਹਾਂ ਨੂੰ ਪੰਜ ਵਿਧਾਨ ਸਭਾ ਚੋਣ ਹਲਕਿਆਂ ਦੀ ਅੰਤਿਮ ਪ੍ਰਕਾਸ਼ਿਤ ਫੋਟੋ ਵੋਟਰ ਸੂਚੀਆਂ-2026 ਦਾ ਇੱਕ-ਇੱਕ ਸੈੱਟ (ਹਾਰਡ ਕਾਪੀ) ਅਤੇ ਇੱਕ-ਇੱਕ ਸੀ.ਡੀ. (ਸਾਫਟ ਕਾਪੀ ਬਿਨਾ ਫੋਟੋ ਵਾਲੀ ) ਸੌਂਪੀ ਗਈ।

ਇਸ ਸਬੰਧੀ ਵੱਖ-ਵੱਖ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀਮਤੀ ਪੂਨਮਦੀਪ ਕੌਰ ਨੇ ਦੱਸਿਆ ਕਿ ਵੋਟਰ ਸੂਚੀ ਅਨੁਸਾਰ ਹੁਣ ਜ਼ਿਲ੍ਹੇ ਵਿੱਚ ਕੁੱਲ 8,84,308 ਵੋਟਰ ਹੋ ਗਏ ਹਨ। ਇਹਨਾਂ ਵਿੱਚ 4,56,337 ਮਰਦ, 4,27,954 ਔਰਤ ਵੋਟਰ ਅਤੇ ਤੀਜੇ ਲਿੰਗ ਵਾਲੇ 17 ਵੋਟਰ ਸ਼ਾਮਿਲ ਹਨ। ਪੋਲਿੰਗ ਸਟੇਸ਼ਨਾਂ ਦੀ ਕੁੱਲ ਗਿਣਤੀ 1042 ਹੈ।

ਜ਼ਿਲ੍ਹਾ ਚੋਣ ਅਫ਼ਸਰ ਨੇ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਦੱਸਿਆ ਕਿ ਉਹ ਵੋਟਰ ਸੂਚੀਆਂ ਦੀ ਫਾਈਨਲ ਪ੍ਰਕਾਸ਼ਨਾ ਤੋਂ ਬਾਅਦ ਪ੍ਰਾਪਤ ਵੋਟਰ ਸੂਚੀਆਂ ਵਿਚ ਸ਼ਾਮਿਲ ਨਾਵਾਂ ਦੀ ਚੈਕਿੰਗ ਆਪਣੇ ਪੱਧਰ ਉੱਤੇ ਕਰ ਲੈਣ। ਉਹਨਾਂ ਕਿਹਾ ਕਿ ਜਿਹਨਾਂ ਨਾਗਰਿਕਾਂ ਦੀ ਉਮਰ ਮਿਤੀ 01 ਅਕਤੂਬਰ 2026 ਨੂੰ 18 ਸਾਲ ਜਾਂ ਇਸ ਤੋਂ ਵੱਧ ਹੈ ਅਤੇ ਉਨਾਂ ਦੀ ਵੋਟ ਨਹੀਂ ਬਣੀ, ਉਹ ਆਪਣੀ ਵੋਟ ਬਣਾਉਣ ਜਾਂ ਦਰੁਸਤੀ ਕਰਾਉਣ ਲਈ ਸਬੰਧਤ ਬੀ ਐਲ ਓ ਕੋਲ ਜਾਂ ਐਸ ਡੀ ਐਮ ਦਫ਼ਤਰ ਵਿੱਚ ਜਾ ਕੇ ਫਾਰਮ ਭਰ ਕੇ ਦੇ ਸਕਦੇ ਹਨ।

ਤੋਂ ਇਲਾਵਾ ਭਾਰਤ ਚੋਣ ਕਮਿਸ਼ਨ ਦੀ ਵੈਬਸਾਈਟ 'ਤੇ ਜਾ ਕੇ ਆਨਲਾਈਨ ਫਾਰਮ ਵੀ ਭਰਿਆ ਜਾ ਸਕਦਾ ਹੈ। ਜੇਕਰ ਫਿਰ ਵੀ ਕਿਸੇ ਕਿਸਮ ਦੀ ਪ੍ਰੇਸ਼ਾਨੀ ਆਉਂਦੀ ਹੈ ਤਾਂ 1950 ਟੋਲ ਫ੍ਰੀ ਨੰਬਰ 'ਤੇ ਮੁਫ਼ਤ ਫੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜੇਕਰ ਕਿਸੇ ਵੀ ਵੋਟਰ ਨੂੰ ਆਪਣੇ ਵੋਟਰ ਕਾਰਡ ਵਿੱਚ ਕੋਈ ਵੀ ਦਰੁਸਤੀ ਕਰਵਾਉਣੀ ਹੈ ਜਾਂ ਆਪਣੀ ਵੋਟ ਕਟਵਾਉਣੀ ਹੈ ਤਾਂ ਉਹ ਵੀ ਫਾਰਮ ਭਰ ਕੇ ਦੇ ਸਕਦੇ ਹਨ। ਅਖੀਰ ਵਿੱਚ ਉਨ੍ਹਾਂ ਸਾਰੀਆਂ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਵਿੱਚ ਆਪਣਾ ਪੂਰਾ ਸਹਿਯੋਗ ਕਰਨਗੇ। ਇਸ ਮੌਕੇ ਸ਼੍ਰੀ ਰੌਕੀ ਬਾਂਸਲ (ਕਾਂਗਰਸ), ਸ਼੍ਰੀ ਪਵਿੱਤਰ ਸਿੰਘ (ਬਹੁਜਨ ਸਮਾਜ ਪਾਰਟੀ) ਅਤੇ ਸ਼੍ਰੀ ਸ਼ੇਰ ਸਿੰਘ ਬਾਲੇਵਾਲ (ਸ਼੍ਰੋਮਣੀ ਅਕਾਲੀ ਦਲ) ਤੋਂ ਇਲਾਵਾ ਚੋਣ ਤਹਿਸੀਲਦਾਰ ਸ਼੍ਰੀਮਤੀ ਪਰਮਜੀਤ ਕੌਰ ਸਮੇਤ ਚੋਣ ਸਟਾਫ ਮੌਜੂਦ ਸਨ।

# ਸਰਕਾਰੀ ਕਾਲਜਾਂ ਵਿਚਲੇ ਚੌਥਾ ਦਰਜਾ ਮੁਲਾਜਮਾਂ ਵੱਲੋਂ ਰੋਸ ਰੈਲੀ ਕੀਤੀ




**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਦੇ ਬੈਨਰ ਹੇਠ, ਸਰਕਾਰੀ ਕਾਲਜਾਂ ਵਿਚਲੇ ਚੌਥਾ ਦਰਜਾ ਮੁਲਾਜਮਾਂ / ਕੱਚਿਆਂ ਅਤੇ ਪੱਕਿਆ ਵੱਲੋਂ ਸਰਕਾਰੀ ਫਿਜੀਕਲ ਕਾਲਜ ਅੱਗੇ ਗੇਟ ਰੈਲੀ ਕਰਕੇ ਪ੍ਰਿੰਸੀਪਲ ਖਿਲਾਫ ਰੋਸ ਪ੍ਰਗਟ ਕੀਤਾ ਕਿ ਪ੍ਰਿੰਸੀਪਲ ਵਲੋਂ ਲੰਮੀ ਸੇਵਾ ਕਰਦੇ ਚੌਥਾ ਦਰਜਾ ਮੁਲਾਜਮ ਸ੍ਰੀ ਸਲਿੰਦਰ ਨੂੰ ਬਗੈਰ ਕੋਈ ਨੋਟਿਸ ਦਿੱਤੇ ਤੇ ਕੋਈ ਸੁਣਵਾਈ ਕੀਤੀਆਂ ਨੌਕਰੀਆਂ ਤੋਂ ਫਾਰਗ ਕਰ ਦਿੱਤਾ, ਯੂਨੀਅਨ ਵਲੋਂ ਵਾਰ—ਵਾਰ ਬੇਨਤੀਆਂ ਕਰਨ ਤੇ ਲਿਖਾਪੜੀ ਕਰਨ ਦਾ ਵੀ ਕੋਈ ਨੋਟਿਸ ਨਹੀਂ ਲਿਆ, ਇੱਥੇ ਇਹ ਜਿਕਰ ਕੀਤਾ ਜਾਂਦਾ ਹੈ ਕਿ ਇਹ ਕਾਲਜ ਮਹਾਰਾਜਾ ਭੁਪਿੰਦਰ ਸਿੰਘ ਸਪੋਰਟਸ ਯੂਨੀਵਰਸਿਟੀ ਅਧੀਨ ਆਉਂਦਾ ਹੈ। ਯੂਨੀਅਨ ਦੇ ਆਗੂਆਂ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਰਾਮ ਜ਼ੋਧਾ, ਬੁੱਧ ਰਾਮ, ਪ੍ਰਕਾਸ਼ ਸਿੰਘ ਲੁਬਾਣਾ, ਇੰਦਰਪਾਲ ਵਾਲਿਆ, ਲਖਵੀਰ ਸਿੰਘ, ਸਤਨਾਮ ਸਿੰਘ ਬਾਗਬਾਨੀ, ਨੇ ਗੇਟ ਰੈਲੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪ੍ਰਿੰਸੀਪਲ ਦਾ ਇਹ ਨਾਦਰਸ਼ਾਹੀ ਫੈਸਲਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਵਿਚਲੇ 64 ਸਰਕਾਰੀ ਕਾਲਜਾਂ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਚੌਥਾ ਦਰਜਾ ਕਰਮਚਾਰੀਆਂ ਕੱਚਿਆਂ ਅਤੇ ਪੱਕਾ ਕਰਨ ਲਈ ਉੱਚ ਸਿੱਖਿਆ ਅਧਿਕਾਰੀਆਂ ਵਲੋਂ ਕੁੱਝ ਵੀ ਨਹੀਂ ਕੀਤਾ ਜਾ ਰਿਹਾ, ਇਸ ਤਰ੍ਹਾਂ ਮਿਤੀ 07 ਜੁਲਾਈ 2026 ਨੂੰ ਡਾਇਰੈਕਟਰ ਸਿੱਖਿਆ ਵਿਭਾਗ ਕਾਲਜ ਪੰਜਾਬ ਨਾਲ ਹੋਈਆਂ ਮੀਟਿੰਗਾਂ ਵਿੱਚ ਮੰਗਾਂ ਦੇ ਫੈਸਲਿਆਂ, ਘੱਟੋ—ਘੱਟ ਉਜਰਤਾਂ ਲਾਗੂ ਕਰਨ ਤੇ ਇਨ੍ਹਾਂ ਉਜਰਤਾਂ ਦੇ ਬਣਦੇ ਬਕਾਏ ਕਾਲਜ ਪ੍ਰਿੰਸੀਪਲ ਵਲੋਂ ਜਾਣਬੁੱਝ ਕੇ ਅਦਾਇਗੀ ਨਾ ਕਰਨ ਵਰਗੀਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਗਿਆ ਤੇ ਅਗਲਾ ਸੰਘਰਸ਼ ਉਲੀਕਿਆ ਜਾਵੇਗਾ। ਗੇਟ ਰੈਲੀ ਵਿੱਚ ਹੋਰ ਜ਼ੋ ਆਗੂ ਸ਼ਾਮਲ ਸਨ ਉਨ੍ਹਾਂ ਵਿੱਚ ਸਰਵ ਸ੍ਰੀ ਤਰਲੋਚਨ ਮਾਡੂ, ਸੁਨਿਲ ਦੱਤ, ਰਾਮ ਨਰੇਸ਼, ਬੀਧੀ ਚੰਦ ਨਾਭਾ, ਆਦਿ ਹਾਜਰ ਸਨ। ਗੇਟ ਰੈਲੀ ਵਿੱਚ ਡੀ.ਐਸ.ਪੀ. ਸ਼ਹਿਰੀ ਸ੍ਰੀ ਸੰਜੀਵ ਸਿੰਘ ਨੇ ਗੱਲਬਾਤ ਕਰਕੇ ਵੀ.ਸੀ. ਨਾਲ ਮੀਟਿੰਗ ਦਾ ਸਮਾਂ ਨਿਸ਼ਚਿਤ ਕਰਵਾਇਆ।

# ਸੜਕ ਸੁਰੱਖਿਆ ਤੇ ਟ੍ਰੈਫਿਕ ਵਿਵਸਥਾ ਨੂੰ ਲੈ ਕੇ ਡਿਪਟੀ ਕਮਿਸ਼ਨਰ ਸਖ਼ਤ

## ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਬਡੂੰਗਰ-ਖ਼ਾਲਸਾ ਕਾਲਜ ਰੋਡ ਅਤੇ ਭੁਪਿੰਦਰਾ ਰੋਡ 'ਤੇ ਟ੍ਰੈਫਿਕ ਸਮੱਸਿਆਵਾਂ ਦਾ ਖ਼ੁਦ ਜਾਇਜ਼ਾ

**ਪਟਿਆਲਾ, 18 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸ਼ਹਿਰ ਵਿੱਚ ਟ੍ਰੈਫਿਕ ਦੀਆਂ ਸਮੱਸਿਆਵਾਂ ਅਤੇ ਸੜਕ ਸੁਰੱਖਿਆ ਨੂੰ ਲੈ ਕੇ ਸਖ਼ਤ ਰੁਖ਼ ਅਪਣਾਉਂਦਿਆਂ ਸਬੰਧਤ ਵਿਭਾਗਾਂ ਨੂੰ ਆਵਾਜਾਈ ਸੁਚਾਰੂ ਬਣਾਉਣ ਅਤੇ ਸੜਕ ਹਾਦਸਿਆਂ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ। ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਬਲੈਕ ਸਪੌਟਸ ਦੀ ਪਛਾਣ ਕਰਕੇ ਉਨ੍ਹਾਂ ਨੂੰ ਦੂਰ ਕੀਤਾ ਜਾਵੇ ਅਤੇ ਲੋਕਾਂ ਦੀਆਂ ਕੀਮਤੀ ਜਾਨਾਂ ਦੀ ਸੁਰੱਖਿਆ ਲਈ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮੀਟਿੰਗ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਬਡੂੰਗਰ-ਖ਼ਾਲਸਾ ਕਾਲਜ ਰੋਡ 'ਤੇ ਦਿਨ ਸਮੇਂ ਲੱਗਦੇ ਟ੍ਰੈਫਿਕ ਜਾਮ ਅਤੇ ਭੁਪਿੰਦਰਾ ਰੋਡ 'ਤੇ ਮਨੀਪਾਲ ਹਸਪਤਾਲ ਤੇ ਡੀ.ਏ.ਵੀ. ਸਕੂਲ ਨੇੜੇ ਆਵਾਜਾਈ ਵਿੱਚ ਆਉਂਦੀਆਂ ਰੁਕਾਵਟਾਂ ਦਾ ਖ਼ੁਦ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਇਨ੍ਹਾਂ ਦੋਵਾਂ ਥਾਵਾਂ 'ਤੇ ਟ੍ਰੈਫਿਕ ਸੁਚਾਰੂ ਬਣਾਉਣ ਲਈ ਕੀਤੀ ਗਈ ਕਾਰਵਾਈ ਦੀ ਰਿਪੋਰਟ ਦੋ ਹਫ਼ਤਿਆਂ ਅੰਦਰ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਸ਼ਹਿਰੀ ਵਿਕਾਸ ਦੇ ਓਐੱਸਡੀ ਮੁਕਲਿਨ ਆਰ., ਨਗਰ ਨਿਗਮ ਦੇ ਵਧੀਕ ਕਮਿਸ਼ਨਰ ਸਿਮਰਪ੍ਰੀਤ ਕੌਰ, ਆਰਟੀਓ ਡਾ. ਪੂਨਮਪ੍ਰੀਤ ਕੌਰ, ਐੱਸ.ਪੀ. ਟ੍ਰੈਫਿਕ ਅਸ਼ੋਕ ਕੁਮਾਰ ਅਤੇ ਡੀ.ਐੱਸ.ਪੀ. ਟ੍ਰੈਫਿਕ ਪੁਨੀਤ ਸਿੰਘ ਚਹਿਲ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

ਖ਼ਾਲਸਾ ਕਾਲਜ ਦੇ ਸਾਹਮਣੇ ਟ੍ਰੈਫਿਕ ਜਾਮ ਦੀ ਸਮੱਸਿਆ ਦੇ ਹੱਲ ਲਈ ਡਿਪਟੀ ਕਮਿਸ਼ਨਰ ਨੇ ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੂੰ ਵਿਦਿਆਰਥੀਆਂ ਦੇ ਵਾਹਨਾਂ ਦੀ ਪਾਰਕਿੰਗ ਨੂੰ ਸੁਚਾਰੂ ਬਣਾਉਣ ਲਈ ਸਹਿਯੋਗ ਦੇਣ ਲਈ ਕਿਹਾ। ਉਨ੍ਹਾਂ ਨਗਰ ਨਿਗਮ ਨੂੰ ਸੜਕ ਦੇ ਕਿਨਾਰੇ ਪਈ ਕੱਚੀ ਜਗ੍ਹਾ ਨੂੰ ਟਾਈਲਾਂ ਲਗਾ ਕੇ ਪੱਕਾ ਕਰਨ ਅਤੇ ਬੇਤਰਤੀਬ ਪਾਰਕਿੰਗ ਰੋਕਣ ਲਈ ਪੀਲੀ ਪੱਟੀ ਲਗਾਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਸੜਕਾਂ 'ਤੇ ਖਾਣ-ਪੀਣ ਦੀਆਂ ਰੇਹੜੀਆਂ ਅਤੇ ਹੋਰ ਰੁਕਾਵਟਾਂ ਨੂੰ ਹਟਾਉਣ ਲਈ ਵੀ ਕਿਹਾ।

ਕਾਲਜ ਨੇੜੇ ਲੜਕੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਉਨ੍ਹਾਂ ਟ੍ਰੈਫਿਕ ਪੁਲਿਸ ਨੂੰ ਅਵਾਰਾਗਰਦੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਾਲਜ ਤੋਂ ਬਾਹਰਲੇ ਨੌਜਵਾਨਾਂ ਵੱਲੋਂ ਉੱਥੇ ਇਕੱਠੇ ਹੋ ਕੇ ਰੀਲਾਂ ਬਣਾਉਣ ਵਰਗੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾਵੇ ਅਤੇ ਲੋੜ ਪੈਣ 'ਤੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਉਹ ਇਸ ਖੇਤਰ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਐੱਸ.ਐੱਸ.ਪੀ. ਨਾਲ ਅਚਨਚੇਤ ਚੈਕਿੰਗ ਵੀ ਕਰ ਸਕਦੇ ਹਨ।

ਇਸੇ ਤਰ੍ਹਾਂ ਭੁਪਿੰਦਰਾ ਰੋਡ 'ਤੇ ਡੀ.ਏ.ਵੀ. ਸਕੂਲ ਦੇ ਸਾਹਮਣੇ ਅਤੇ ਮਨੀਪਾਲ ਹਸਪਤਾਲ ਨੇੜਲੇ ਚੌਕ ਵਿੱਚ ਟ੍ਰੈਫਿਕ ਜਾਮ ਅਤੇ ਗ਼ਲਤ ਪਾਰਕਿੰਗ ਦੀ ਸਮੱਸਿਆ ਦੇ ਹੱਲ ਲਈ ਵੀ ਡਿਪਟੀ ਕਮਿਸ਼ਨਰ ਨੇ ਸਬੰਧਤ ਵਿਭਾਗਾਂ ਨੂੰ ਹਦਾਇਤਾਂ ਦਿੱਤੀਆਂ। ਉਨ੍ਹਾਂ ਸਕੂਲ ਅਤੇ ਹਸਪਤਾਲ ਪ੍ਰਬੰਧਕਾਂ ਨੂੰ ਟ੍ਰੈਫਿਕ ਪੁਲਿਸ ਅਤੇ ਨਗਰ ਨਿਗਮ ਨਾਲ ਤਾਲਮੇਲ ਕਰਕੇ ਸਹਿਯੋਗ ਦੇਣ ਲਈ ਕਿਹਾ। ਉਨ੍ਹਾਂ ਇਸ ਖੇਤਰ ਨੂੰ ਨੋ-ਪਾਰਕਿੰਗ ਜ਼ੋਨ ਬਣਾਉਣ ਅਤੇ ਸੜਕ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਰੱਖਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਸਕੂਲ ਦੇ ਸਾਹਮਣੇ ਵਾਲੀ ਸੜਕ 'ਤੇ ਦੁਪਹਿਰ 1:30 ਤੋਂ 3:30 ਵਜੇ ਤੱਕ ਛੁੱਟੀ ਦੇ ਸਮੇਂ ਦੋ ਹਫ਼ਤਿਆਂ ਲਈ ਵਨ-ਵੇ ਟ੍ਰੈਫਿਕ ਵਿਵਸਥਾ ਅਜ਼ਮਾਇਸ਼ ਵਜੋਂ ਲਾਗੂ ਕਰਨ ਲਈ ਵੀ ਕਿਹਾ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸੇਫ਼ ਸਕੂਲ ਵਾਹਨ ਪਾਲਿਸੀ ਨੂੰ ਸਖ਼ਤੀ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਕੂਲੀ ਬੱਸਾਂ ਦੀ ਸੁਰੱਖਿਅਤ ਆਵਾਜਾਈ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ, ਪਰ ਬੱਸ ਵਿੱਚ ਬੱਚਿਆਂ ਦੇ ਬੈਠੇ ਹੋਣ ਸਮੇਂ ਬੱਸ ਰੋਕ ਕੇ ਚੈਕਿੰਗ ਨਾ ਕੀਤੀ ਜਾਵੇ। ਉਨ੍ਹਾਂ ਸਮੂਹ ਐੱਸ.ਡੀ.ਐੱਮਜ਼ ਨੂੰ ਆਪੋ-ਆਪਣੀਆਂ ਸਬ-ਡਵੀਜ਼ਨਾਂ ਵਿੱਚ ਸ਼ਹਿਰਾਂ ਦੀਆਂ ਅੰਦਰੂਨੀ ਅਤੇ ਪਿੰਡਾਂ ਦੀਆਂ ਸੜਕਾਂ ਦਾ ਨਿਰੀਖਣ ਕਰਕੇ ਹਾਦਸਿਆਂ ਦੀ ਸੰਭਾਵਨਾ ਵਾਲੀਆਂ ਥਾਵਾਂ ਦੀ ਪਛਾਣ ਕਰਨ ਅਤੇ ਲੋੜੀਂਦੀ ਮੁਰੰਮਤ ਕਰਵਾਉਣ ਲਈ ਕਿਹਾ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵਿਭਾਗ ਜਾਂ ਏਜੰਸੀ ਦੀ ਅਣਗਹਿਲੀ ਕਾਰਨ ਹਾਦਸਾ ਵਾਪਰਨ ਦੀ ਸੂਰਤ ਵਿੱਚ ਸਬੰਧਤ ਵਿਭਾਗ ਜਾਂ ਏਜੰਸੀ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਬੈਠਕ ਮੌਕੇ ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਸਮੂਹ ਐੱਸ.ਡੀ.ਐੱਮਜ਼ ਅਤੇ ਲੋਕ ਨਿਰਮਾਣ ਵਿਭਾਗ, ਨੈਸ਼ਨਲ ਹਾਈਵੇਅ, ਪੰਜਾਬ ਮੰਡੀ ਬੋਰਡ, ਨਗਰ ਨਿਗਮ, ਪੀ.ਡੀ.ਏ., ਜੰਗਲਾਤ ਅਤੇ ਸਿੱਖਿਆ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਜੱਟਪੱਤੀ ਵਿਖੇ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸਾਂ ਰਵਾਨਾ




**ਰੂਪਨਗਰ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਜੱਟਪੱਤੀ ਵਿਖੇ ਸ਼ਰਧਾਲੂਆਂ ਦੀਆਂ ਬੱਸਾਂ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਯਾਤਰੀਆਂ ਨੂੰ ਸ਼ੁਭ ਇੱਛਾਵਾਂ ਭੇਟ ਕੀਤੀਆਂ ਅਤੇ ਉਨ੍ਹਾਂ ਦੀ ਸੁਖਦ ਤੇ ਸੁਰੱਖਿਅਤ ਯਾਤਰਾ ਦੀ ਕਾਮਨਾ ਕਰਦਿਆਂ ਬੱਸਾਂ ਨੂੰ ਰਵਾਨਾ ਕੀਤਾ। ਇਸ ਮੌਕੇ ਯਾਤਰੀਆਂ ਵਿੱਚ ਤੀਰਥ ਅਸਥਾਨਾਂ ਦੇ ਦਰਸ਼ਨਾਂ ਨੂੰ ਲੈ ਕੇ ਉਤਸ਼ਾਹ ਦੇਖਣ ਨੂੰ ਮਿਲਿਆ।

ਇਸ ਮੌਕੇ ਹਲਕਾ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਮੁੱਖ ਉਦੇਸ਼ ਬਜ਼ੁਰਗਾਂ ਅਤੇ ਹੋਰ ਸ਼ਰਧਾਲੂਆਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਆਰਥਿਕ ਜਾਂ ਹੋਰ ਕਾਰਨਾਂ ਕਰਕੇ ਆਪਣੀ ਇੱਛਾ ਅਨੁਸਾਰ ਧਾਰਮਿਕ ਯਾਤਰਾਵਾਂ ਨਹੀਂ ਕਰ ਪਾਉਂਦੇ। ਅਜਿਹੇ ਲੋਕਾਂ ਲਈ ਇਹ ਯੋਜਨਾ ਲਾਹੇਵੰਦ ਸਾਬਤ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਧਾਰਮਿਕ ਯਾਤਰਾਵਾਂ ਸਾਡੇ ਜੀਵਨ ਵਿੱਚ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਨ੍ਹਾਂ ਨਾਲ ਜਿੱਥੇ ਮਨ ਨੂੰ ਸ਼ਾਂਤੀ ਮਿਲਦੀ ਹੈ, ਉੱਥੇ ਹੀ ਧਾਰਮਿਕ ਅਤੇ ਅਧਿਆਤਮਿਕ ਭਾਵਨਾਵਾਂ ਨੂੰ ਵੀ ਬਲ ਮਿਲਦਾ ਹੈ। ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਅਜਿਹੇ ਉਪਰਾਲੇ ਕੀਤੇ ਜਾ ਰਹੇ ਹਨ, ਤਾਂ ਜੋ ਵੱਧ ਤੋਂ ਵੱਧ ਸ਼ਰਧਾਲੂ ਇਨ੍ਹਾਂ ਦਾ ਲਾਭ ਲੈ ਸਕਣ।

ਵਿਧਾਇਕ ਨੇ ਯਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਯਾਤਰਾ ਦੌਰਾਨ ਨਿਯਮਾਂ ਦੀ ਪਾਲਣਾ ਕਰਨ ਅਤੇ ਆਪਸੀ ਸਹਿਯੋਗ ਨਾਲ ਯਾਤਰਾ ਨੂੰ ਸੁਖਦ ਬਣਾਉਣ।

ਇਸ ਮੌਕੇ ਯਾਤਰੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ। ਬੱਸਾਂ ਦੀ ਰਵਾਨਗੀ ਮੌਕੇ ਮਾਹੌਲ ਧਾਰਮਿਕ ਉਤਸ਼ਾਹ ਅਤੇ ਸ਼ਰਧਾ ਨਾਲ ਭਰਪੂਰ ਰਿਹਾ।

# ਪਰਾਲੀ ਨਾ ਸਾੜਨ ਵਾਲੇ ਪਟਿਆਲਾ ਜ਼ਿਲ੍ਹੇ ਦੇ 22 ਕਿਸਾਨਾਂ ਦਾ 'ਵਾਤਾਵਰਣ ਦੇ ਰਾਖੇ' ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨ




**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਅੱਜ ਪਰਾਲੀ ਨਾ ਸਾੜਨ ਵਾਲੇ ਪਟਿਆਲਾ ਜ਼ਿਲ੍ਹੇ ਦੇ 22 ਕਿਸਾਨਾਂ ਨੂੰ 'ਵਾਤਾਵਰਣ ਦੇ ਰਾਖੇ' ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਤਰਫ਼ੋਂ ਕਿਸਾਨਾਂ ਨੂੰ ਪ੍ਰਸ਼ੰਸਾ ਪੱਤਰ ਪ੍ਰਦਾਨ ਕਰਦਿਆਂ ਏਡੀਸੀ (ਜ) ਅਨੁਪ੍ਰਿਤਾ ਜੌਹਲ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕਿਸਾਨ ਝੋਨੇ ਦੀ ਪਰਾਲੀ ਅਤੇ ਹੋਰ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੀ ਬਜਾਏ ਖੇਤਾਂ ਵਿੱਚ ਹੀ ਵਾਹ ਕੇ ਮਿੱਟੀ ਵਿੱਚ ਮਿਲਾਉਣ ਜਾਂ ਬੇਲਰਾਂ ਦੀ ਮਦਦ ਨਾਲ ਖੇਤਾਂ ਵਿੱਚੋਂ ਬਾਹਰ ਕੱਢਣ, ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੇ ਨਾਲ-ਨਾਲ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਬਰਕਰਾਰ ਰੱਖਿਆ ਜਾ ਸਕੇ। ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਤੋਂ ਏਈਓ ਰਵਿੰਦਰਪਾਲ ਸਿੰਘ ਚੱਠਾ ਅਤੇ ਏਏਈ ਪ੍ਰਭਦੀਪ ਸਿੰਘ ਵੀ ਮੌਜੂਦ ਸਨ।

ਅਨੁਪ੍ਰਿਤਾ ਜੌਹਲ ਨੇ ਕਿਹਾ ਕਿ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਦੀ ਅਗਾਂਹਵਧੂ ਸੋਚ ਹੋਰਨਾਂ ਕਿਸਾਨਾਂ ਲਈ ਮਾਰਗਦਰਸ਼ਕ ਬਣ ਰਹੀ ਹੈ। ਉਨ੍ਹਾਂ ਸਨਮਾਨਿਤ ਕੀਤੇ ਗਏ ਸਾਰੇ 22 ਕਿਸਾਨਾਂ ਨੂੰ ਵਧਾਈ ਦਿੰਦਿਆਂ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਦੇ ਹੋਰਨਾਂ ਕਿਸਾਨਾਂ ਨੂੰ ਵੀ ਪਰਾਲੀ ਸਾੜਨ ਦੀ ਬਜਾਏ ਇਸ ਦੇ ਸੁਚੱਜੇ ਪ੍ਰਬੰਧਨ ਲਈ ਪ੍ਰੇਰਿਤ ਕਰਨ, ਤਾਂ ਜੋ ਸਾਂਝੇ ਯਤਨਾਂ ਨਾਲ ਸਾਫ਼-ਸੁਥਰੇ ਵਾਤਾਵਰਣ ਦੀ ਸਿਰਜਣਾ ਕੀਤੀ ਜਾ ਸਕੇ। ਸੁਚੱਜਾ ਪਰਾਲੀ ਪ੍ਰਬੰਧਨ ਕਰਨ ਵਾਲੇ ਕਿਸਾਨਾਂ ਨੇ ਵੀ ਇਸ ਦੇ ਲਾਭ ਸਾਂਝੇ ਕਰਦਿਆਂ ਕਿਹਾ ਕਿ ਪਰਾਲੀ ਨਾ ਸਾੜਨ ਨਾਲ ਵਾਤਾਵਰਣ ਦੀ ਸੰਭਾਲ ਹੁੰਦੀ ਹੈ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਵਿੱਚ ਮਦਦ ਮਿਲਦੀ ਹੈ।

ਸਨਮਾਨਿਤ ਕਿਸਾਨਾਂ ਵਿੱਚ ਅਮਨਦੀਪ ਸਿੰਘ ਸੁਲਤਾਨਪੁਰ, ਨਛੱਤਰ ਸਿੰਘ ਗੱਜੂਮਾਜਰਾ, ਅਮਰੀਕ ਸਿੰਘ ਕਕਰਾਲਾ, ਪ੍ਰਗਟ ਸਿੰਘ ਸ਼ੇਖੂਪੁਰ, ਗੁਰਬਚਨ ਸਿੰਘ ਅਤੇ ਬਿੱਕਰ ਸਿੰਘ ਪਿੰਡ ਚਲੈਲਾ ਤੋਂ, ਅਰਸ਼ਦੀਪ ਸਿੰਘ ਅਤੇ ਸੁਖਵਿੰਦਰ ਸਿੰਘ ਪਿੰਡ ਰੇਤਗੜ੍ਹ ਤੋਂ, ਬਖ਼ਸ਼ੀਸ਼ ਸਿੰਘ ਕੌਲੀ, ਸਰਬਜੀਤ ਸਿੰਘ ਮੋਹਬੱਤਪੁਰ, ਹਰਿੰਦਰ ਸਿੰਘ ਰਾਮਗੜ੍ਹ, ਬੁੱਧ ਸਿੰਘ ਦਿਆਗੜ੍ਹ, ਹਰਦੀਪ ਸਿੰਘ ਅਲੌਹਰਾਂ, ਅੱਛਰ ਸਿੰਘ ਬਿਰੜਵਾਲ, ਜਸਵਿੰਦਰ ਸਿੰਘ ਮੱਲ੍ਹੇਵਾਲ, ਜਗਜੀਤ ਸਿੰਘ ਟੋਡਰਵਾਲ, ਬਲਵਿੰਦਰ ਸਿੰਘ ਗਲਵੱਟੀ, ਕੀਮਤ ਸਿੰਘ ਢੀਂਗੀ, ਨਵਜੋਤ ਸਿੰਘ ਕਮੇਲੀ, ਮਨਜੀਤ ਸਿੰਘ ਖੋਖ, ਹਰਦੇਵ ਸਿੰਘ ਬਨੇਰਾ ਖੁਰਦ ਅਤੇ ਧਰਮਜੀਤ ਸਿੰਘ ਪਿੰਡ ਆਲੋਵਾਲ ਤੋਂ ਸ਼ਾਮਲ ਹਨ।

# ਪੀ.ਆਰ.ਟੀ.ਸੀ ਦੀ ਬਿਹਤਰੀ ਤੇ ਸਵਾਰੀਆਂ ਲਈ ਵਧੀਆ ਸਫ਼ਰ ਸਹੂਲਤਾਂ ਪ੍ਰਦਾਨ ਕਰਨ ਲਈ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਅਹਿਮ ਮੀਟਿੰਗ

**ਪਟਿਆਲਾ, 18 ਅਕਤੂਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੀਆਰਟੀਸੀ ਨੂੰ ਹੋਰ ਮਜ਼ਬੂਤ ਬਣਾਉਣ, ਆਵਾਜਾਈ ਪ੍ਰਬੰਧਾਂ ਵਿੱਚ ਸੁਧਾਰ ਲਿਆਉਣ ਅਤੇ ਸਵਾਰੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੀਆਰਟੀਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਦੀ ਪ੍ਰਧਾਨਗੀ ਹੇਠ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਪੀਆਰਟੀਸੀ ਦੇ ਵਧੀਕ ਮੈਨੇਜਿੰਗ ਡਾਇਰੈਕਟਰ ਨਵਦੀਪ ਕੁਮਾਰ, ਚੀਫ਼ ਅਕਾਊਂਟਸ ਅਫ਼ਸਰ ਰਾਕੇਸ਼ ਸ਼ਰਮਾ, ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਗਰੇਵਾਲ ਅਤੇ ਸਮੂਹ ਜਨਰਲ ਮੈਨੇਜਰਜ਼ ਵੀ ਸ਼ਾਮਿਲ ਸਨ।

ਚੇਅਰਮੈਨ ਜੁਨੇਜਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਪੀਆਰਟੀਸੀ ਦੇ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣ ਅਤੇ ਵਿਭਾਗ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਲਿਆਉਣ ਲਈ ਵੱਖ-ਵੱਖ ਅਹਿਮ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।

ਚੇਅਰਮੈਨ ਹਰਪਾਲ ਜੁਨੇਜਾ ਨੇ ਦੱਸਿਆ ਕਿ ਮੀਟਿੰਗ ਵਿੱਚ ਪਟਿਆਲਾ ਦੇ ਪੁਰਾਣੇ ਬੱਸ ਸਟੈਂਡ ਦੇ ਨਵੀਨੀਕਰਨ ਨੂੰ ਵਿਸ਼ੇਸ਼ ਤਰਜੀਹ ਦਿੰਦਿਆਂ ਇਸ ਨੂੰ ਸਵਾਰੀਆਂ ਲਈ ਵਧੇਰੇ ਸੁਵਿਧਾਜਨਕ ਬਣਾਉਣ ਸਬੰਧੀ ਵਿਚਾਰ-ਚਰਚਾ ਕੀਤੀ ਗਈ। ਇਸ ਦੇ ਨਾਲ ਹੀ ਪੀਆਰਟੀਸੀ ਦੇ ਸਮੂਹ ਡਿਪੂਆਂ ਅਤੇ ਵਰਕਸ਼ਾਪਾਂ ਵਿੱਚ ਸਾਫ਼-ਸਫ਼ਾਈ ਦੇ ਉੱਚ ਮਿਆਰ ਕਾਇਮ ਰੱਖਣ ਅਤੇ ਸਮੁੱਚੇ ਪ੍ਰਬੰਧਾਂ ਨੂੰ ਹੋਰ ਬਿਹਤਰ ਬਣਾਉਣ ਸਬੰਧੀ ਵੀ ਵਿਚਾਰ ਕੀਤਾ ਗਿਆ।

# ਦੂਜ ਦਾ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ



**ਮੋਰਿੰਡਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਸ਼ਵਕਰਮਾ ਸਭਾ ਮੋਰਿੰਡਾ ਵਲੋਂ ਸਭਾ ਦੇ ਪ੍ਰਧਾਨ ਪਵਨ ਕੁਮਾਰ ਧੀਮਾਨ ਦੀ ਅਗਵਾਈ 'ਚ ਵਿਸ਼ਵਕਰਮਾ ਭਵਨ ਮੋਰਿੰਡਾ ਵਿਖੇ ਦੂਜ ਦਾ ਦਿਹਾੜਾ ਸਰਧਾ ਪੂਰਵਕ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਵਾਇਸ ਪ੍ਰਧਾਨ ਹਰਜੀਤ ਸਿੰਘ ਸੱਲ੍ਹ ਤੇ ਸਕੱਤਰ ਅਮਰੀਕ ਸਿੰਘ ਡੱਫੂ ਨੇ ਦੱਸਿਆ ਕਿ ਇਸ ਦਿਹਾੜੇ ਮੌਕੇ ਸਵੇਰ ਸਮੇਂ ਆਰਤੀ ਕੀਤੀ ਗਈ ਅਤੇ ਬਾਬਾ ਸ੍ਰੀ ਵਿਸ਼ਵਕਰਮਾਂ ਜੀ ਦਾ ਆਸ਼ੀਰਵਾਦ ਲਿਆ ਗਿਆ।

ਇਸ ਮੌਕੇ ਸਰਦਾਰ ਗੁਰਬਚਨ ਸਿੰਘ ਗੀਹਲ ਵਲੋਂ ਆਪਣੇ ਪੁੱਤਰ ਇੰਦਰ ਪ੍ਰੀਤ ਸਿੰਘ ਗੀਹਲ ਅਤੇ ਦੋਹਤੀ ਸਵਰੀਨ ਕੌਰ ਡੱਫੂ ਦੇ ਜਨਮ ਦਿਨ ਦੀ ਖੁਸ਼ੀ ਵਿਚ ਛੋਲੇ ਭਟੂਰਿਆਂ ਦੇ ਲੰਗਰ ਚਲਾਇਆ ਗਿਆ। ਇਸ ਮੌਕੇ ਸਭਾ ਦੇ ਸਰਪ੍ਰਸਤ ਗੁਰਿੰਦਰ ਸਿੰਘ ਗੀਹਲ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਏ.ਐਸ, ਸੁਖਵਿੰਦਰ ਸਿੰਘ ਘੰਨਾ, ਵਿਕਰਮ ਵਹਾਦਰ, ਪਾਲ ਸਿੰਘ, ਅਮਰੀਕ ਸਿੰਘ ਗੀਹਲ, ਚਰਨਜੀਤ ਸਿੰਘ ਗੀਹਲ, ਅਵਤਾਰ ਸਿੰਘ ਬਾਵਲੂ। ਹਰਮੀਤ ਸਿੰਘ, ਅਮਰਜੀਤ ਸਿੰਘ, ਸਰਭਜੀਤ ਕੌਰ ਗੀਹਲ, ਦਰਸਨ ਸਿੰਘ ਮੁੰਡਿਆਂ, ਗੁਰਿੰਦਰ ਸਿੰਘ ਸੋਨੀ ਮੋਟਰ, ਗੁਰਦੀਪ ਸਿੰਘ ਕਾਲਾ ਬੀਟੀ, ਗੁਰਪ੍ਰੀਤ ਸਿੰਘ ਗੀਹਲ, ਸਰਭਜੀਤ ਕੌਰ ਗੀਹਲ, ਕਰਮਜੀਤ ਕੌਰ ਡੱਫੂ, ਪਰਮਿੰਦਰ ਕੌਰ ਡੱਫੂ, ਹਰਪ੍ਰੀਤ ਸਿੰਘ ਡੱਫੂ ਆਦਿ ਹਾਜ਼ਰ ਸਨ।

# ਹੰਝੂਆਂ 'ਚ ਭਿੱਜਿਆ ਜੈਤੋ ਦਾ ਪੰਡਾਲ, ਭਰਤ ਮਿਲਾਪ ਨੇ ਛੋਹੀਆਂ ਦਿਲਾਂ ਦੀਆਂ ਤਾਰਾਂ

**ਜੈਤੋ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਮਾ ਕ੍ਰਿਸ਼ਨਾ ਡਰਾਮਾਟਿਕ ਕਲੱਬ (ਰਜਿ.) ਜੈਤੋ ਵੱਲੋਂ ਕਰਵਾਈ ਜਾ ਰਹੀ ਰਾਮਲੀਲਾ ਦੀ ਬੀਤੀ ਰਾਤ ਦੀ ਪੇਸ਼ਕਾਰੀ 'ਭਰਤ ਮਿਲਾਪ' ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਸ੍ਰੀ ਰਾਮ ਅਤੇ ਭਰਤ ਦੇ ਮਿਲਾਪ ਦੇ ਦ੍ਰਿਸ਼ ਨੇ ਪੰਡਾਲ ਵਿੱਚ ਬੈਠੇ ਦਰਸ਼ਕਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਰਾਮਾਇਣ ਦੀ ਕਥਾ 'ਤੇ ਆਧਾਰਿਤ ਇਸ ਮੰਚਨ ਰਾਹੀਂ ਭਰਾਤਰੀ ਪਿਆਰ, ਤਿਆਗ, ਮਰਿਆਦਾ ਅਤੇ ਪਰਿਵਾਰਕ ਸਾਂਝ ਦਾ ਸੰਦੇਸ਼ ਦਿੱਤਾ ਗਿਆ। ਰਾਮਾਇਣ ਅਨੁਸਾਰ, ਪਿਤਾ ਰਾਜਾ ਦਸ਼ਰਥ ਦੇ ਬਚਨਾਂ ਦੀ ਮਰਿਆਦਾ ਨਿਭਾਉਂਦਿਆਂ ਸ੍ਰੀ ਰਾਮ ਚੌਦਾਂ ਸਾਲਾਂ ਦੇ ਬਨਵਾਸ ਲਈ ਚਲੇ ਗਏ ਸਨ। ਇਸ ਦੌਰਾਨ ਭਰਤ ਨੇ ਰਾਜਸਿੰਘਾਸਨ ਸਵੀਕਾਰ ਕਰਨ ਦੀ ਥਾਂ ਸ੍ਰੀ ਰਾਮ ਦੀਆਂ ਖੜਾਵਾਂ ਨੂੰ ਸਿੰਘਾਸਨ 'ਤੇ ਸਥਾਪਤ ਕਰਕੇ ਆਪਣੇ ਵੱਡੇ ਭਰਾ ਪ੍ਰਤੀ ਸਮਰਪਣ ਦਾ ਵਿਲੱਖਣ ਉਦਾਹਰਨ ਪੇਸ਼ ਕੀਤਾ। ਭਰਤ ਮਿਲਾਪ ਦੇ ਪ੍ਰਸੰਗ ਨੇ ਇਸੇ ਤਿਆਗ ਅਤੇ ਭਰਾਤਰੀ ਪਿਆਰ ਨੂੰ ਜੀਵੰਤ ਕਰ ਦਿੱਤਾ।

ਇਸ ਮੌਕੇ ਸੁਰਜੀਤ ਡੇਅਰੀ ਵਾਲੇ ਆਪਣੇ ਪਰਿਵਾਰ ਸਮੇਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਕਲੱਬ ਵੱਲੋਂ ਉਨ੍ਹਾਂ ਨੂੰ ਸ੍ਰੀ ਰਾਮ ਦਰਬਾਰ ਦੀ ਸੁੰਦਰ ਮੂਰਤੀ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਸ੍ਰੀ ਰਾਮ ਦੇ ਕਿਰਦਾਰ ਵਿੱਚ ਹਰਸ਼ ਲੂੰਬਾ, ਭਰਤ ਦੇ ਕਿਰਦਾਰ ਵਿੱਚ ਸੋਨੂੰ ਸੂਰੀ ਅਤੇ ਲਕਸ਼ਮਣ ਦੇ ਕਿਰਦਾਰ ਵਿੱਚ ਅੰਕੁਰ ਗਰਗ ਨੇ ਪ੍ਰਭਾਵਸ਼ਾਲੀ ਅਦਾਕਾਰੀ ਕੀਤੀ। ਕਲੱਬ ਦੇ ਅਹੁਦੇਦਾਰਾਂ ਨੇ ਸਹਿਯੋਗ ਦੇਣ ਵਾਲੀਆਂ ਸੰਸਥਾਵਾਂ, ਪੁਲਿਸ ਪ੍ਰਸ਼ਾਸਨ, ਸੇਵਾਦਾਰਾਂ ਅਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਜੈਤੋ ਦੇ ਉਘੇ ਸਮਾਜ ਸੇਵੀ ਸੰਦੀਪ ਕੁਮਾਰ ਲੂੰਬਾ ਅਤੇ ਸੰਦੀਪ ਪਾਟਿਲ ਟੋਨੀ ਸ਼ਰਮਾ ਜੀ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।

# ਡਾਕਟਰ ਜਾਕਿਰ ਹੁਸੈਨ ਸਟੇਡੀਅਮ ਵਿਖੇ 2 ਜਨਵਰੀ ਨੂੰ ਹੋਵੇਗਾ ਅੱਠਵਾਂ ਸ਼ਾਨਦਾਰ ਕਬੱਡੀ ਕੱਪ

**ਮਲੇਰਕੋਟਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਹਾਅ ਦਾ ਨਾਅਰਾ ਨਵਾਬ ਸ਼ੇਰ ਖ਼ਾਂ ਸਪੋਰਟਸ ਐਂਡ ਵੈੱਲਫੇਅਰ ਸੁਸਾਇਟੀ (ਰਜਿ.) ਮਾਲੇਰਕੋਟਲਾ ਵੱਲੋਂ ਅੱਠਵਾਂ ਸ਼ਾਨਦਾਰ ਕਬੱਡੀ ਕੱਪ 2 ਜਨਵਰੀ 2027 ਨੂੰ ਡਾਕਟਰ ਜਾਕਿਰ ਹੁਸੈਨ ਸਟੇਡੀਅਮ ਮਾਲੇਰਕੋਟਲਾ ਵਿਖੇ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਸਬੰਧੀ ਸੁਸਾਇਟੀ ਦੀ ਇਕ ਅਹਿਮ ਮੀਟਿੰਗ ਇਮਤਿਆਜ਼ ਅਲੀ ਅਤੇ ਲਛਮਣ ਸਰੋਦ ਦੀ ਅਗਵਾਈ ਹੇਠ ਹੋਈ, ਜਿਸ ਵਿਚ ਕਬੱਡੀ ਕੱਪ ਦੇ ਪ੍ਰਬੰਧਾਂ, ਖੇਡ ਮੁਕਾਬਲਿਆਂ ਅਤੇ ਖਿਡਾਰੀਆਂ ਨੂੰ ਦਿੱਤੇ ਜਾਣ ਵਾਲੇ ਇਨਾਮਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਦੌਰਾਨ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਕਬੱਡੀ ਕੱਪ ਦੀ ਮਿਤੀ 2 ਜਨਵਰੀ 2027 ਨਿਰਧਾਰਤ ਕੀਤੀ ਗਈ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਖੇਡ ਮੇਲੇ ਦੌਰਾਨ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸ਼ਾਨਦਾਰ ਇਨਾਮ ਰੱਖੇ ਗਏ ਹਨ। ਕਬੱਡੀ ਮੁਕਾਬਲੇ ਦੀ ਜੇਤੂ ਟੀਮ ਨੂੰ ਪਹਿਲਾ ਇਨਾਮ 1 ਲੱਖ 31 ਹਜ਼ਾਰ ਰੁਪਏ, ਜਦਕਿ ਉਪ-ਜੇਤੂ ਟੀਮ ਨੂੰ 1 ਲੱਖ 11 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਵਧੀਆ ਪ੍ਰਦਰਸ਼ਨ ਕਰਨ ਵਾਲੇ ਬੈਸਟ ਰੇਡਰ ਅਤੇ ਬੈਸਟ ਜਾਫੀ ਨੂੰ ਮੋਟਰਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ।

ਕਬੱਡੀ ਕੱਪ ਦਾ ਇਕ ਹੋਰ ਖਿੱਚ ਦਾ ਕੇਂਦਰ ਲੜਕੀਆਂ ਦਾ ਕਬੱਡੀ ਮੁਕਾਬਲਾ ਹੋਵੇਗਾ। ਪ੍ਰਬੰਧਕਾਂ ਨੇ ਕਿਹਾ ਕਿ ਲੜਕੀਆਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨ ਦੇ ਮਕਸਦ ਨਾਲ ਇਸ ਵਾਰ ਮਹਿਲਾ ਕਬੱਡੀ ਮੁਕਾਬਲੇ ਨੂੰ ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਖੇਡ ਪ੍ਰੇਮੀਆਂ ਨੂੰ ਇਕ ਰੋਮਾਂਚਕ ਅਤੇ ਦਿਲਚਸਪ ਮੁਕਾਬਲਾ ਦੇਖਣ ਨੂੰ ਮਿਲੇਗਾ।

ਮੀਟਿੰਗ ਵਿਚ ਹਰਦੀਪ ਸਿੰਘ ਦੀਪਾ ਝੂੰਦਾ, ਗਿੱਲ ਉੱਪੋਕੀ, ਦੁਪਿੰਦਰ ਸਿੰਘ ਫਰੀਦਪੁਰ, ਕਰਮਾਂ ਬਿੰਜੋਕੀ, ਸਰਪੰਚ ਪਵਿੱਤਰ ਸਿੰਘ, ਗੋਗੀ ਇਮਾਮਗੜ੍ਹ ਅਤੇ ਸਤਨਾਮ ਵੜੈਚ ਸਮੇਤ ਸੁਸਾਇਟੀ ਦੇ ਹੋਰ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

ਪ੍ਰਬੰਧਕਾਂ ਨੇ ਕਿਹਾ ਕਿ ਕਬੱਡੀ ਕੱਪ ਨੂੰ ਯਾਦਗਾਰੀ ਬਣਾਉਣ ਲਈ ਪੂਰੀ ਮਿਹਨਤ ਨਾਲ ਪ੍ਰਬੰਧ ਕੀਤੇ ਜਾਣਗੇ ਅਤੇ ਇਲਾਕੇ ਦੇ ਖੇਡ ਪ੍ਰੇਮੀਆਂ ਨੂੰ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਸਰਕਾਰੀ ਕਾਲਜਾਂ ਵਿਚਲੇ ਚੌਥਾ ਦਰਜਾ ਮੁਲਾਜਮਾਂ ਵੱਲੋਂ ਰੋਸ ਰੈਲੀ ਕੀਤੀ

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਦੇ ਬੈਨਰ ਹੇਠ, ਸਰਕਾਰੀ ਕਾਲਜਾਂ ਵਿਚਲੇ ਚੌਥਾ ਦਰਜਾ ਮੁਲਾਜਮਾਂ / ਕੱਚਿਆਂ ਅਤੇ ਪੱਕਿਆ ਵੱਲੋਂ ਸਰਕਾਰੀ ਫਿਜੀਕਲ ਕਾਲਜ ਅੱਗੇ ਗੇਟ ਰੈਲੀ ਕਰਕੇ ਪ੍ਰਿੰਸੀਪਲ ਖਿਲਾਫ ਰੋਸ ਪ੍ਰਗਟ ਕੀਤਾ ਕਿ ਪ੍ਰਿੰਸੀਪਲ ਵਲੋਂ ਲੰਮੀ ਸੇਵਾ ਕਰਦੇ ਚੌਥਾ ਦਰਜਾ ਮੁਲਾਜਮ ਸ੍ਰੀ ਸਲਿੰਦਰ ਨੂੰ ਬਗੈਰ ਕੋਈ ਨੋਟਿਸ ਦਿੱਤੇ ਤੇ ਕੋਈ ਸੁਣਵਾਈ ਕੀਤੀਆਂ ਨੌਕਰੀਆਂ ਤੋਂ ਫਾਰਗ ਕਰ ਦਿੱਤਾ, ਯੂਨੀਅਨ ਵਲੋਂ ਵਾਰ—ਵਾਰ ਬੇਨਤੀਆਂ ਕਰਨ ਤੇ ਲਿਖਾਪੜੀ ਕਰਨ ਦਾ ਵੀ ਕੋਈ ਨੋਟਿਸ ਨਹੀਂ ਲਿਆ, ਇੱਥੇ ਇਹ ਜਿਕਰ ਕੀਤਾ ਜਾਂਦਾ ਹੈ ਕਿ ਇਹ ਕਾਲਜ ਮਹਾਰਾਜਾ ਭੁਪਿੰਦਰ ਸਿੰਘ ਸਪੋਰਟਸ ਯੂਨੀਵਰਸਿਟੀ ਅਧੀਨ ਆਉਂਦਾ ਹੈ। ਯੂਨੀਅਨ ਦੇ ਆਗੂਆਂ ਦਰਸ਼ਨ ਸਿੰਘ ਲੁਬਾਣਾ, ਰਾਮ ਲਾਲ ਰਾਮਾ, ਰਾਮ ਜ਼ੋਧਾ, ਬੁੱਧ ਰਾਮ, ਪ੍ਰਕਾਸ਼ ਸਿੰਘ ਲੁਬਾਣਾ, ਇੰਦਰਪਾਲ ਵਾਲਿਆ, ਲਖਵੀਰ ਸਿੰਘ, ਸਤਨਾਮ ਸਿੰਘ ਬਾਗਬਾਨੀ, ਨੇ ਗੇਟ ਰੈਲੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪ੍ਰਿੰਸੀਪਲ ਦਾ ਇਹ ਨਾਦਰਸ਼ਾਹੀ ਫੈਸਲਾ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਵਿਚਲੇ 64 ਸਰਕਾਰੀ ਕਾਲਜਾਂ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਚੌਥਾ ਦਰਜਾ ਕਰਮਚਾਰੀਆਂ ਕੱਚਿਆਂ ਅਤੇ ਪੱਕਾ ਕਰਨ ਲਈ ਉੱਚ ਸਿੱਖਿਆ ਅਧਿਕਾਰੀਆਂ ਵਲੋਂ ਕੁੱਝ ਵੀ ਨਹੀਂ ਕੀਤਾ ਜਾ ਰਿਹਾ, ਇਸ ਤਰ੍ਹਾਂ ਮਿਤੀ 07 ਜੁਲਾਈ 2026 ਨੂੰ ਡਾਇਰੈਕਟਰ ਸਿੱਖਿਆ ਵਿਭਾਗ ਕਾਲਜ ਪੰਜਾਬ ਨਾਲ ਹੋਈਆਂ ਮੀਟਿੰਗਾਂ ਵਿੱਚ ਮੰਗਾਂ ਦੇ ਫੈਸਲਿਆਂ, ਘੱਟੋ—ਘੱਟ ਉਜਰਤਾਂ ਲਾਗੂ ਕਰਨ ਤੇ ਇਨ੍ਹਾਂ ਉਜਰਤਾਂ ਦੇ ਬਣਦੇ ਬਕਾਏ ਕਾਲਜ ਪ੍ਰਿੰਸੀਪਲ ਵਲੋਂ ਜਾਣਬੁੱਝ ਕੇ ਅਦਾਇਗੀ ਨਾ ਕਰਨ ਵਰਗੀਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਗਿਆ ਤੇ ਅਗਲਾ ਸੰਘਰਸ਼ ਉਲੀਕਿਆ ਜਾਵੇਗਾ। ਗੇਟ ਰੈਲੀ ਵਿੱਚ ਹੋਰ ਜ਼ੋ ਆਗੂ ਸ਼ਾਮਲ ਸਨ ਉਨ੍ਹਾਂ ਵਿੱਚ ਸਰਵ ਸ੍ਰੀ ਤਰਲੋਚਨ ਮਾਡੂ, ਸੁਨਿਲ ਦੱਤ, ਰਾਮ ਨਰੇਸ਼, ਬੀਧੀ ਚੰਦ ਨਾਭਾ, ਆਦਿ ਹਾਜਰ ਸਨ। ਗੇਟ ਰੈਲੀ ਵਿੱਚ ਡੀ.ਐਸ.ਪੀ. ਸ਼ਹਿਰੀ ਸ੍ਰੀ ਸੰਜੀਵ ਸਿੰਘ ਨੇ ਗੱਲਬਾਤ ਕਰਕੇ ਵੀ.ਸੀ. ਨਾਲ ਮੀਟਿੰਗ ਦਾ ਸਮਾਂ ਨਿਸ਼ਚਿਤ ਕਰਵਾਇਆ।



# ਵਾਰਡ ਨੰਬਰ 38 ਦੇ ਈਸ਼ਰ ਨਗਰ ਵਿੱਚ ਟਿਊਬਵੈੱਲ ਦਾ ਉਦਘਾਟਨ, ਵਸਨੀਕਾਂ ਨੂੰ ਪਾਣੀ ਦੀ ਸਮੱਸਿਆ ਤੋਂ ਮਿਲੇਗੀ ਰਾਹਤ

**ਲੁਧਿਆਣਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰਡ ਨੰਬਰ 38 ਦੇ ਮੁਹੱਲਾ ਈਸ਼ਰ ਨਗਰ ਵਿਖੇ ਟਿਊਬਵੈੱਲ ਦਾ ਉਦਘਾਟਨ ਕੀਤਾ ਗਿਆ। ਇਸ ਨਾਲ ਮੁਹੱਲਾ ਵਾਸੀਆਂ ਨੂੰ ਪਾਣੀ ਦੀ ਸਮੱਸਿਆ ਤੋਂ ਰਾਹਤ ਮਿਲਣ ਦੀ ਉਮੀਦ ਹੈ। ਇਹ ਕਾਰਜ ਮੁਹੱਲੇ ਦੇ ਮੌਜੂਦਾ ਕੌਂਸਲਰ ਸਤਪਾਲ ਸਿੰਘ ਲੋਹਾਰਾ ਅਤੇ ਵਾਰਡ ਨੰ: 38 ਦੇ ਪ੍ਰਧਾਨ ਕੁਲਜਿੰਦਰ ਸਿੰਘ ਝੱਜ ਦੇ ਯਤਨਾਂ ਸਦਕਾ ਨੇਪਰੇ ਚੜ੍ਹਿਆ।



ਇਸ ਮੌਕੇ ਹਾਜ਼ਰ ਆਗੂਆਂ ਨੇ ਕਿਹਾ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਪਹਿਲ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ। ਟਿਊਬਵੈੱਲ ਦੀ ਸਹੂਲਤ ਸ਼ੁਰੂ ਹੋਣ ਨਾਲ ਇਲਾਕਾ ਨਿਵਾਸੀਆਂ ਨੂੰ ਪਾਣੀ ਦੀ ਕਿੱਲਤ ਤੋਂ ਰਾਹਤ ਮਿਲੇਗੀ।

ਇਸ ਮੌਕੇ ਕਾਂਗਰਸੀ ਆਗੂ ਵਿਕਰਮ ਘਈ, ਸਿਕੰਦਰ ਸਿੰਘ, ਸਤਿੰਦਰ ਸਿੰਘ ਟੋਨੀ, ਰਣਜੀਤ ਸਿੰਘ, ਡਾਕਟਰ ਕਾਲੀਆ, ਪ੍ਰਧਾਨ ਜਰਨੈਲ ਸਿੰਘ, ਜੁਗਿੰਦਰ ਸਿੰਘ ਬਾਬਾ ਮਤੋਤਾ, ਰਣਜੀਤ ਸਿੰਘ ਬੇਗੋਆਣਾ, ਬਿਲਖੂ, ਮੇਵਾ ਲਾਲ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਅਤੇ ਮੁਹੱਲਾ ਨਿਵਾਸੀ ਮੌਜੂਦ ਸਨ।

# ਮਹਾਰਾਜ ਦਸ਼ਰਥ ਅਤੇ ਕੈਕੇਈ ਦੇ ਭਾਵੁਕ ਸੰਵਾਦ ਨੇ ਦਰਸ਼ਕਾਂ ਦੀਆਂ ਅੱਖਾਂ ਕੀਤੀਆਂ ਨਮ, ਭਗਵਾਨ ਪਰਸ਼ੂਰਾਮ ਦੇ ਰੂਪ ਵਿੱਚ ਵਰੁਣ ਜਿੰਦਲ ਨੇ ਖੂਬ ਵਾਹ-ਵਾਹ ਖੱਟੀ

**ਪਟਿਆਲਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੀ ਰਾਮਲੀਲਾ ਪ੍ਰਬੰਧਕ ਕਮੇਟੀ ਅਤੇ ਜੋੜੀਆਂ ਭੱਠੀਆਂ ਰਾਇਲ ਯੂਥ ਕਲੱਬ ਵੱਲੋਂ ਜੋੜੀਆਂ ਭੱਠੀਆਂ ਚੌਂਕ ਵਿੱਚ ਕਰਵਾਈ ਜਾ ਰਹੀ ਸ਼੍ਰੀ ਰਾਮਲੀਲਾ ਦੇ ਤੀਜੇ ਦਿਨ ਭਾਵਨਾਵਾਂ ਅਤੇ ਭਗਤੀ ਨਾਲ ਭਰਪੂਰ ਦ੍ਰਿਸ਼ਾਂ ਦਾ ਸ਼ਾਨਦਾਰ ਮੰਚਨ ਕੀਤਾ ਗਿਆ। ਸੀਤਾ ਸਵਯੰਵਰ ਵਿੱਚ ਭਗਵਾਨ ਪਰਸ਼ੂਰਾਮ ਦੇ ਪ੍ਰਭਾਵਸ਼ਾਲੀ ਪਾਤਰ ਵਿੱਚ ਕਮੇਟੀ ਦੇ ਪ੍ਰਧਾਨ ਵਰੁਣ ਜਿੰਦਲ ਨੇ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦੀ ਖੂਬ ਵਾਹ-ਵਾਹੀ ਖੱਟੀ। ਉੱਥੇ ਹੀ, ਮਹਾਰਾਜ ਦਸ਼ਰਥ ਅਤੇ ਕੈਕੇਈ ਦੇ ਭਾਵੁਕ ਸੰਵਾਦ ਨੇ ਹਾਜ਼ਰ ਦਰਸ਼ਕਾਂ ਦੀਆਂ ਅੱਖਾਂ ਨਮ ਕਰ ਦਿੱਤੀਆਂ। ਵਿਸ਼ੇਸ਼ ਤੌਰ 'ਤੇ ਮਹਾਰਾਜ ਦਸ਼ਰਥ ਅਤੇ ਕੈਕੇਈ ਦੇ ਸੰਵਾਦ ਵਿੱਚ ਇੱਕ ਪਾਸੇ ਕੈਕੇਈ ਦੀ ਜ਼ਿੱਦ ਅਤੇ ਦੂਜੇ ਪਾਸੇ ਆਪਣੇ ਵਚਨ ਨਾਲ ਬੱਝੇ ਮਹਾਰਾਜ ਦਸ਼ਰਥ ਦੀ ਮਜਬੂਰੀ ਨੂੰ ਆਸ਼ੀਸ਼ ਗੁਪਤਾ ਅਤੇ ਭਾਵਨਾ ਨੇ ਬਹੁਤ ਹੀ ਮਾਰਮਿਕ ਢੰਗ ਨਾਲ ਨਿਭਾਇਆ। ਉਹਨਾਂ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਇਸ ਮੌਕੇ ਧਰਮ ਪ੍ਰਚਾਰਕ ਸੰਜੀਵ ਗੁਰੂ ਜੀ ਮਹਾਰਾਜ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ਼੍ਰੀ ਰਾਮਲੀਲਾ ਆਯੋਜਨ ਦੀ ਸ਼ਲਾਘਾ ਕਰਦਿਆਂ ਪ੍ਰਬੰਧਕਾਂ ਅਤੇ ਕਲਾਕਾਰਾਂ ਨੂੰ ਆਸ਼ੀਰਵਾਦ ਦਿੱਤਾ। ਉਹਨਾਂ ਨੇ ਜੋੜੀਆਂ ਭੱਠੀਆਂ ਚੌਂਕ ਵਿੱਚ ਆਯੋਜਿਤ ਸ਼੍ਰੀ ਰਾਮਲੀਲਾ ਦੀ ਪ੍ਰਸ਼ੰਸਾ ਕਰਦਿਆਂ ਇਸ ਨੂੰ ਪੰਜਾਬ ਦੀ ਸਰਵੋਤਮ ਰਾਮਲੀਲਾ ਦੱਸਿਆ, ਜਿਸ ਨਾਲ ਪ੍ਰਬੰਧਕਾਂ ਅਤੇ ਕਲਾਕਾਰਾਂ ਵਿੱਚ ਉਤਸ਼ਾਹ ਵਧ ਗਿਆ। ਇਸ ਮੌਕੇ ਸਤਬੀਰ ਸਿੰਘ ਖਟੜਾ, ਵਿਸ਼ਨੂੰ ਸ਼ਰਮਾ ਸਮੇਤ ਹੋਰ ਪਤਵੰਤੇ ਸੱਜਣ ਅਤੇ ਰਾਮ ਭਗਤ ਹਾਜ਼ਰ ਸਨ। ਪ੍ਰਸਿੱਧ ਨਿਰਦੇਸ਼ਕ ਮੋਹਨ ਕੰਬੋਜ ਅਤੇ ਉਹਨਾਂ ਦੇ ਸੁਪੁੱਤਰ ਐੱਸ. ਕੁੰਤਲ ਕੰਬੋਜ ਦੇ ਨਿਰਦੇਸ਼ਨ ਹੇਠ ਸੀਤਾ ਸਵਯੰਵਰ, ਹਨੂਮਾਨ ਜਨਮ, ਮਹਾਰਾਜ ਦਸ਼ਰਥ ਦਾ ਸੁਪਨੇ ਤੋਂ ਘਬਰਾ ਕੇ ਉੱਠਣਾ, ਕੈਕੇਈ ਦੇ ਕਮਰੇ ਵਿੱਚ ਮੰਥਰਾ ਦਾ ਆਉਣਾ, ਕੈਕੇਈ ਦਾ ਕੋਪ ਭਵਨ, ਮਾਤਾ ਕੌਸ਼ਲਿਆ ਦੇ ਭਵਨ ਵਿੱਚ ਮਹਾਰਾਜ ਦਸ਼ਰਥ ਅਤੇ ਸ਼੍ਰੀ ਰਾਮ ਦਾ ਸੰਵਾਦ ਅਤੇ ਸ਼੍ਰੀ ਰਾਮ, ਲਕਸ਼ਮਣ ਅਤੇ ਸੀਤਾ ਜੀ ਦੇ ਦ੍ਰਿਸ਼ਾਂ ਦਾ ਮੰਚਨ ਕੀਤਾ ਗਿਆ। ਇਸ ਤੋਂ ਇਲਾਵਾ ਸੁਮਿੱਤਰਾ ਮਾਤਾ ਦੇ ਭਵਨ ਵਿੱਚ ਸ਼੍ਰੀ ਰਾਮ, ਲਕਸ਼ਮਣ, ਉਰਮਿਲਾ ਅਤੇ ਸੀਤਾ ਜੀ ਨਾਲ ਸੰਬੰਧਿਤ ਦ੍ਰਿਸ਼ ਵੀ ਪੇਸ਼ ਕੀਤੇ ਗਏ। ਇਹਨਾਂ ਸਾਰੇ ਪ੍ਰਸੰਗਾਂ ਦੇ ਮਾਧਿਅਮ ਨਾਲ ਕਲਾਕਾਰਾਂ ਨੇ ਮਰਿਆਦਾ, ਤਿਆਗ, ਕਰਤੱਵ, ਪਰਿਵਾਰਕ ਰਿਸ਼ਤਿਆਂ ਅਤੇ ਧਰਮ ਪ੍ਰਤੀ ਸਮਰਪਣ ਦਾ ਸੰਦੇਸ਼ ਦਿੱਤਾ। ਇਸ ਵਿੱਚ ਮਹਾਰਾਜ ਦਸ਼ਰਥ ਦੀ ਭੂਮਿਕਾ ਆਸ਼ੀਸ਼ ਗੁਪਤਾ, ਮਹਾਰਾਣੀ ਕੌਸ਼ਲਿਆ ਦੀ ਜਗਜੀਤ ਕੌਰ, ਰਾਣੀ ਕੈਕੇਈ ਦੀ ਭਾਵਨਾ, ਰਾਣੀ ਸੁਮਿੱਤਰਾ ਦੀ ਅੰਜਲੀ, ਸ਼੍ਰੀ ਰਾਮ ਦੀ ਗੌਰਵ ਗੋਇਲ, ਲਕਸ਼ਮਣ ਜੀ ਦੀ ਨੀਰਜ ਸ਼ਰਮਾ, ਸੀਤਾ ਜੀ ਦੀ ਮੋਕਸ਼ਾ, ਉਰਮਿਲਾ ਦੀ ਕਨੂਪ੍ਰਿਆ, ਮਾਂਡਵੀ ਦੀ ਰੀਤੂ, ਸ਼ੁਤਕੀਰਤੀ ਦੀ ਜਨੀਸ਼ਾ, ਮਹਾਰਿਸ਼ੀ ਵਿਸ਼ਵਾਮਿੱਤਰ ਜੀ ਦੀ ਪ੍ਰਵੀਨ, ਸ਼ਰਵਣ ਕੁਮਾਰ ਦੇ ਪਿਤਾ ਦੀ ਲਵਕੇਸ਼ ਅਤੇ ਮੰਥਰਾ ਦੀ ਭੂਮਿਕਾ ਪਰਮਜੀਤ ਕੌਰ ਨੇ ਨਿਭਾਈ। ਇਸ ਤੋਂ ਇਲਾਵਾ ਮਯੰਕ, ਰਚਦੀਪ, ਆਦਿੱਤਿਆ ਸ਼ਰਮਾ, ਕਨਵ, ਮੀਤ, ਤਨੀਸ਼, ਗੌਰਿਸ਼ ਅਤੇ ਰੋਬਿਨ ਨੇ ਵੀ ਵੱਖ-ਵੱਖ ਪਾਤਰ ਨਿਭਾਏ। ਪ੍ਰਧਾਨ ਵਰੁਣ ਜਿੰਦਲ ਨੇ ਕਿਹਾ ਕਿ ਸ਼੍ਰੀ ਰਾਮਲੀਲਾ ਭਾਰਤੀ ਸੰਸਕ੍ਰਿਤੀ, ਧਾਰਮਿਕ ਆਸਥਾ ਅਤੇ ਨੈਤਿਕ ਮੁੱਲਾਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਇੱਕ ਮਜ਼ਬੂਤ ਮਾਧਿਅਮ ਹੈ। ਉਹਨਾਂ ਕਿਹਾ ਕਿ ਕਮੇਟੀ ਦਾ ਯਤਨ ਹੈ ਕਿ ਹਰ ਸਾਲ ਰਾਮਾਇਣ ਦੇ ਆਦਰਸ਼ਾਂ ਨੂੰ ਪ੍ਰਭਾਵਸ਼ਾਲੀ ਮੰਚਨ ਰਾਹੀਂ ਜਨ-ਜਨ ਤੱਕ ਪਹੁੰਚਾਇਆ ਜਾਵੇ। ਸ਼੍ਰੀ ਰਾਮਲੀਲਾ ਦਾ ਮੰਚਨ ਰੋਜ਼ਾਨਾ ਰਾਤ 9 ਵਜੇ ਤੋਂ 11:30 ਵਜੇ ਤੱਕ ਕੀਤਾ ਜਾਂਦਾ ਹੈ। ਇਸ ਦੌਰਾਨ ਦਰਸ਼ਕਾਂ ਨੇ ਕਲਾਕਾਰਾਂ ਦੀ ਅਦਾਕਾਰੀ ਦੀ ਸ਼ਲਾਘਾ ਕੀਤੀ ਅਤੇ 'ਜੈ ਸ਼੍ਰੀ ਰਾਮ' ਦੇ ਜੈਕਾਰਿਆਂ ਨਾਲ ਵਾਤਾਵਰਨ ਭਗਤੀਮਈ ਹੋ ਗਿਆ।

# 19 ਅਕਤੂਬਰ ਨੂੰ ਮਨਾਇਆ ਜਾਵੇਗਾ 48ਵਾਂ ਪ੍ਰੋ. ਮੋਹਨ ਸਿੰਘ ਯਾਦਗਾਰੀ ਸੱਭਿਆਚਾਰਕ ਮੇਲਾ



**ਲੁਧਿਆਣਾ, 18 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੀ ਵਿਸ਼ੇਸ਼ ਇਕੱਤਰਤਾ ਵਿੱਚ 48ਵਾਂ ਪ੍ਰੋ. ਮੋਹਨ ਸਿੰਘ ਯਾਦਗਾਰੀ ਸੱਭਿਆਚਾਰਕ ਮੇਲਾ 19 ਅਕਤੂਬਰ ਨੂੰ ਮਨਾਉਣ ਦਾ ਫੈਸਲਾ ਕੀਤਾ ਗਿਆ। ਸ. ਪਰਗਟ ਸਿੰਘ ਗਰੇਵਾਲ ਦੀ ਸਰਪ੍ਰਸਤੀ ਹੇਠ ਹੋਈ ਇਸ ਇਕੱਤਰਤਾ ਦੀ ਪ੍ਰਧਾਨਗੀ ਰਾਜੀਵ ਕੁਮਾਰ ਲਵਲੀ ਅਤੇ ਗੁਰਨਾਮ ਸਿੰਘ ਧਾਲੀਵਾਲ ਨੇ ਕੀਤੀ। ਉਨ੍ਹਾਂ ਦੱਸਿਆ ਕਿ 20 ਅਕਤੂਬਰ ਨੂੰ ਦੁਸਹਿਰਾ ਹੋਣ ਕਾਰਨ 19 ਅਕਤੂਬਰ ਨੂੰ ਸਾਦਾ ਸ਼ਰਧਾਂਜਲੀ ਸਮਾਗਮ ਕਰਵਾਇਆ ਜਾਵੇਗਾ। ਇਸ ਦੌਰਾਨ ਸਵੇਰੇ 10 ਵਜੇ ਪੰਜਾਬੀ ਭਵਨ ਨੇੜੇ ਪ੍ਰੋ. ਮੋਹਨ ਸਿੰਘ ਦੇ ਬੁੱਤ 'ਤੇ ਫੁੱਲਮਾਲਾ ਭੇਟ ਕਰਕੇ ਪ੍ਰੋ. ਮੋਹਨ ਸਿੰਘ ਅਤੇ ਸ. ਜਗਦੇਵ ਸਿੰਘ ਜੱਸੋਵਾਲ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ। ਸਮਾਗਮ ਵਿੱਚ ਗਾਇਕ, ਕਵੀ ਅਤੇ ਸਾਹਿਤਕਾਰ ਆਪਣੇ ਅੰਦਾਜ਼ ਵਿੱਚ ਪ੍ਰੋ. ਮੋਹਨ ਸਿੰਘ ਨੂੰ ਯਾਦ ਕਰਨਗੇ।

ਫਾਊਂਡੇਸ਼ਨ ਵੱਲੋਂ ਸਮੂਹ ਪੰਜਾਬੀ ਕਲਾ ਪ੍ਰੇਮੀਆਂ ਅਤੇ ਮੇਲੇ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ 19 ਅਕਤੂਬਰ ਨੂੰ ਸਵੇਰੇ 10 ਵਜੇ ਸਮਾਗਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ।

# ਰਿਕਾਰਡ ਨਾ ਦਿਖਾਉਣ 'ਤੇ 2 ਮੈਡੀਕਲ ਸਟੋਰ ਸੀਲ, 2 ਜਨ ਔਸ਼ਧੀ ਕੇਂਦਰ 45 ਦਿਨਾਂ ਲਈ ਮੁਅੱਤਲ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 18 ਅਕਤੂਬਰ। ਦਵਾਈਆਂ ਦੀ ਖਰੀਦ-ਵਿਕਰੀ ਸਬੰਧੀ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਦਵਾਈ ਵਿਕਰੇਤਾਵਾਂ ਖ਼?ਲਾਫ਼ ਖੁਰਾਕ ਅਤੇ ਡਰੱਗ ਪ੍ਰਸ਼ਾਸਨ ਦੇ ਡਰੱਗਜ਼ ਵਿੰਗ ਵੱਲੋਂ ਸਖ਼ਤ ਕਾਰਵਾਈ ਜਾਰੀ ਹੈ। ਵਿਭਾਗ ਨੇ ਅੰਮ੍ਰਿਤਸਰ ਜ਼ੋਨ ਨਾਲ ਸਬੰਧਤ ਦੋ ਮੈਡੀਕਲ ਸਟੋਰਾਂ ਦੇ ਡਰੱਗ ਲਾਇਸੈਂਸ ਰੱਦ ਕਰ ਦਿੱਤੇ ਹਨ, ਜਦਕਿ ਦੋ ਪ੍ਰਧਾਨ ਮੰਤਰੀ ਭਾਰਤੀ ਜਨ ਔਸ਼ਧੀ ਕੇਂਦਰਾਂ ਦੇ ਲਾਇਸੈਂਸ 45-45 ਦਿਨਾਂ ਲਈ ਮੁਅੱਤਲ ਕੀਤੇ ਗਏ ਹਨ। ਜ਼ੋਨਲ ਲਾਇਸੈਂਸਿੰਗ ਅਥਾਰਟੀ ਅੰਮ੍ਰਿਤਸਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਡਰੱਗਜ਼ ਐਂਡ ਕਾਸਮੈਟਿਕਸ ਐਕਟ ਅਤੇ ਡਰੱਗਜ਼ ਰੂਲਜ਼, 1945 ਦੀਆਂ ਉਲੰਘਣਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਖ਼ਾਸ ਤੌਰ 'ਤੇ ਪ੍ਰੀਗਾਬਾਲਿਨ ਵਾਲੀਆਂ ਦਵਾਈਆਂ ਦੀ ਖਰੀਦ ਅਤੇ ਵਿਕਰੀ ਦਾ ਰਿਕਾਰਡ ਪੇਸ਼ ਨਾ ਕਰਨਾ ਜਾਂ ਨਿਯਮਾਂ ਦੀ ਪਾਲਣਾ ਨਾ ਕਰਨਾ ਜਾਂਚ ਦੌਰਾਨ ਗੰਭੀਰ ਉਲੰਘਣਾ ਵਜੋਂ ਸਾਹਮਣੇ ਆਇਆ। ਉਨ੍ਹਾਂ ਦੱਸਿਆ ਕਿ 11 ਸਤੰਬਰ ਨੂੰ ਡਰੱਗ ਕੰਟਰੋਲ ਅਫਸਰ ਅੰਮ੍ਰਿਤਸਰ-5 ਗੁਰਦੀਪ ਸਿੰਘ ਵੱਲੋਂ ਪਿੰਡ ਖੁਰਮਾਨੀਆ, ਨਾਨਕਸਰ



ਗੇਟ ਨੇੜੇ ਸਥਿਤ ਇਕ ਮੈਡੀਕਲ ਸਟੋਰ ਦੀ ਅਚਨਚੇਤ ਜਾਂਚ ਕੀਤੀ ਗਈ। ਜਾਂਚ ਦੌਰਾਨ ਚਾਰ ਕਿਸਮ ਦੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ, ਜਿਨ੍ਹਾਂ ਵਿਚ ਪ੍ਰੀਗਾਬਾਲਿਨ ਮੁੱਖ ਤੱਤ ਵਾਲੀ ਦਵਾਈ ਵੀ ਸ਼ਾਮਲ ਸੀ। ਦੁਕਾਨ ਦਾ ਇੰਚਾਰਜ ਇਨ੍ਹਾਂ ਦਵਾਈਆਂ ਦੀ ਖਰੀਦ ਅਤੇ ਵਿਕਰੀ ਸਬੰਧੀ ਰਿਕਾਰਡ ਪੇਸ਼ ਨਹੀਂ ਕਰ ਸਕਿਆ। ਇਸ ਤੋਂ ਇਲਾਵਾ ਜਾਂਚ ਸਮੇਂ ਯੋਗਤਾ ਪ੍ਰਾਪਤ ਫਾਰਮਾਸਿਸਟ ਵੀ ਦੁਕਾਨ 'ਤੇ ਮੌਜੂਦ ਨਹੀਂ ਸੀ। ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਬਾਵਜੂਦ ਤਸੱਲੀਬਖਸ਼ ਜਵਾਬ ਅਤੇ ਜ਼ਬਤ ਕੀਤੀਆਂ ਦਵਾਈਆਂ ਦਾ ਰਿਕਾਰਡ ਪੇਸ਼ ਨਾ ਕੀਤੇ ਜਾਣ 'ਤੇ ਦੁਕਾਨ ਦਾ ਡਰੱਗ ਲਾਇਸੈਂਸ ਰੱਦ ਕਰ ਦਿੱਤਾ ਗਿਆ। ਇਸੇ ਤਰ੍ਹਾਂ 27 ਅਗਸਤ ਨੂੰ ਡਰੱਗ ਕੰਟਰੋਲ ਅਫਸਰ ਤਰਨਤਾਰਨ ਹਰਪ੍ਰੀਤ ਸਿੰਘ ਵੱਲੋਂ ਅਲਗੋਂ ਕੋਠੀ ਸਥਿਤ 'ਮੈਡੀਕੋਜ਼' ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ ਤਿੰਨ ਕਿਸਮ ਦੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ, ਜਿਨ੍ਹਾਂ ਵਿਚ ਪ੍ਰੀਗਾਬਾਲਿਨ ਵਾਲੀ ਦਵਾਈ ਵੀ ਸ਼ਾਮਲ ਸੀ। ਦੁਕਾਨ ਦਾ ਇੰਚਾਰਜ ਦਵਾਈਆਂ ਦੀ ਖਰੀਦ ਅਤੇ ਵਿਕਰੀ ਸਬੰਧੀ ਰਿਕਾਰਡ ਪੇਸ਼ ਕਰਨ ਵਿਚ ਅਸਫਲ ਰਿਹਾ। ਜਾਂਚ ਦੌਰਾਨ ਯੋਗਤਾ ਪ੍ਰਾਪਤ ਫਾਰਮਾਸਿਸਟ ਵੀ ਗੈਰ-ਹਾਜ਼ਰ ਪਾਇਆ ਗਿਆ। ਉਕਤ ਦੁਕਾਨ ਨੂੰ ਜਨਤਕ ਹਿੱਤ ਵਿਚ ਸੀਲ ਕਰ ਦਿੱਤਾ ਗਿਆ ਸੀ। ਬਾਅਦ ਵਿਚ ਜਾਰੀ ਕੀਤੇ ਕਾਰਨ ਦੱਸੋ ਨੋਟਿਸ ਦਾ ਤਸੱਲੀਬਖਸ਼ ਜਵਾਬ ਨਾ ਮਿਲਣ 'ਤੇ ਦੁਕਾਨ ਦਾ ਡਰੱਗ ਲਾਇਸੈਂਸ ਰੱਦ ਕਰਨ ਦੇ ਹੁਕਮ ਜਾਰੀ ਕੀਤੇ ਗਏ। ਡਰੱਗਜ਼ ਰੂਲਜ਼, 1945 ਦੀ ਉਲੰਘਣਾ ਦੇ ਮਾਮਲੇ ਵਿਚ ਗੁਰੂ ਨਾਨਕ ਨਿਰੰਕਾਰ ਕਲੋਨੀ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਸਥਿਤ ਪ੍ਰਧਾਨ ਮੰਤਰੀ ਭਾਰਤੀ ਜਨ ਔਸ਼ਧੀ ਕੇਂਦਰ ਅਤੇ ਸਿਵਲ ਹਸਪਤਾਲ ਤਰਨਤਾਰਨ ਦੇ ਬਾਹਰ ਸਥਿਤ ਜਨ ਔਸ਼ਧੀ ਕੇਂਦਰ ਦੇ ਲਾਇਸੈਂਸ ਵੀ 45-45 ਦਿਨਾਂ ਲਈ ਮੁਅੱਤਲ ਕੀਤੇ ਗਏ ਹਨ। ਜ਼ੋਨਲ ਲਾਇਸੈਂਸਿੰਗ ਅਥਾਰਟੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਜ਼ੋਨ ਦੇ ਡਰੱਗਜ਼ ਵਿੰਗ ਵੱਲੋਂ ਪਿਛਲੇ ਕੁਝ ਮਹੀਨਿਆਂ ਦੌਰਾਨ ਨਿਯਮਾਂ ਦੀ ਉਲੰਘਣਾ ਕਰਨ ਵਾਲੇ 17 ਕੈਮਿਸਟਾਂ ਦੇ ਲਾਇਸੈਂਸ ਪਹਿਲਾਂ ਹੀ ਰੱਦ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਵਿਭਾਗ ਦਾ ਮੁੱਖ ਉਦੇਸ਼ ਦਵਾਈਆਂ ਦੀ ਗੈਰ-ਕਾਨੂੰਨੀ ਵਿਕਰੀ ਅਤੇ ਦਵਾਈਆਂ ਦੀ ਦੁਰਵਰਤੋਂ ਨੂੰ ਰੋਕਣ ਦੇ ਨਾਲ-ਨਾਲ ਲੋਕਾਂ ਦੀ ਸਿਹਤ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ। ਸਿਵਲ ਸਰਜਨ ਡਾ. ਭਾਰਤੀ ਧਵਨ ਨੇ ਕਿਹਾ ਕਿ ਦਵਾਈਆਂ ਦੀ ਖਰੀਦ-ਵਿਕਰੀ ਦਾ ਸਹੀ ਰਿਕਾਰਡ ਰੱਖਣਾ ਅਤੇ ਨਿਰਧਾਰਿਤ ਨਿਯਮਾਂ ਦੀ ਪਾਲਣਾ ਕਰਨਾ ਹਰ ਦਵਾਈ ਵਿਕਰੇਤਾ ਲਈ ਲਾਜ਼ਮੀ ਹੈ। ਜਾਂਚ ਦੌਰਾਨ ਸਾਹਮਣੇ ਆਉਣ ਵਾਲੀਆਂ ਗੰਭੀਰ ਉਲੰਘਣਾਵਾਂ ਖ਼?ਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਖ਼ਾਸ ਤੌਰ 'ਤੇ ਪ੍ਰੀਗਾਬਾਲਿਨ ਵਰਗੀਆਂ ਦਵਾਈਆਂ ਦੀ ਵਿਕਰੀ ਦੌਰਾਨ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣਾ ਬੇਹੱਦ ਜ਼ਰੂਰੀ ਹੈ।

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸ਼ਰੋਮਣੀ ਕਮੇਟੀ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਈ ਇਕੱਤਰਤਾ

ਅੰਮ੍ਰਿਤਸਰ 18 ਅਕਤੂਬਰ। ਪਾਤਸ਼ਾਹੀ ਚੌਥੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਕੀਤੇ ਜਾਣ ਵਾਲੇ ਸਮਾਗਮਾਂ ਸਬੰਧੀ ਸ਼?ਰੋਮਣੀ ਕਮੇਟੀ ਅਧਿਕਾਰੀਆਂ ਨੇ ਜ਼ਿਲ੍ਹਾ ਸਿਵਲ ਪ੍ਰਸ਼ਾਸਨ ਅਤੇ ਪੁਲਸ ਅਧਿਕਾਰੀਆਂ ਨਾਲ ਇਕੱਤਰਤਾ ਕੀਤੀ। ਇਸ ਦੌਰਾਨ ਸ਼?ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਨੇਜਰ ਮੇਜਰ ਸਿੰਘ, ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਨਗਰ ਨਿਗਮ ਦੇ ਕਮਿਸ਼ਨ ਬਿਕਰਮਜੀਤ ਸਿੰਘ ਸ਼ੇਰਗਿੱਲ, ਐਸਡੀਐਮ ਗੁਰਮੰਦਰ ਸਿੰਘ, ਨਗਰ ਨਿਗਮ ਦੇ ਜੁਆਇੰਟ ਕਮਿਸ਼ਨਰ ਜੈਇੰਦਰ ਸਿੰਘ, ਡੀਸੀਪੀ ਰਵਿੰਦਰਪਾਲ ਸਿੰਘ, ਏਡੀਸੀਪੀ ਬੀਬੀ ਅਮਨਦੀਪ ਕੌਰ ਸਮੇਤ ਹੋਰ ਅਧਿਕਾਰੀ ਸ਼ਾਮਲ ਹੋਏ। ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ ਅਤੇ ਗੁਰੂ ਨਗਰੀ ਵਿਚ ਸਾਫ਼ ਸਫ਼ਾਈ, ਟ?ਰੈਫ਼ਿਕ ਸਮੇਤ ਹੋਰ ਅਹਿਮ ਮਸਲਿਆਂ ਨੂੰ ਵਿਚਾਰਿਆ ਗਿਆ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸ਼ਹਿਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਗੁਰਪੁਰਬ 27 ਅਕਤੂਬਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਹਰ ਸਾਲ ਵਾਂਗ 26 ਅਕਤੂਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਆਯੋਜਤ ਕੀਤਾ ਜਾਵੇਗਾ, ਜੋ ਅੰਮ੍ਰਿਤਸਰ ਦੇ ਪੁਰਾਤਨ ਦਰਵਾਜ਼ਿਆਂ ਤੋਂ ਹੁੰਦਾ ਹੋਇਆ ਵਾਪਸ ਸ੍ਰੀ ਅਕਾਲ ਤਖ਼ਤ



ਸਾਹਿਬ ਵਿਖੇ ਸੰਪੰਨ ਹੋਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਈ ਇਸ ਇਤਿਹਾਸਕ ਨਗਰੀ ਨੂੰ ਸਾਫ਼ ਸੁਥਰਾ ਰੱਖਣਾ ਸਾਡੀ ਸਭ ਦੀ ਜ਼ੁੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਹਰ ਸਾਲ ਪ੍ਰਸ਼ਾਸਨ ਵੱਲੋਂ ਵੱਡਾ ਸਹਿਯੋਗ ਪ੍ਰਾਪਤ ਹੁੰਦਾ ਹੈ ਅਤੇ ਇਸ ਵਾਰ ਵੀ ਸਾਂਝੇ ਤੌਰ 'ਤੇ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ। ਇਸ ਦੌਰਾਨ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਤੇ ਨਗਰ ਨਿਗਮ ਦੇ ਕਮਿਸ਼ਨ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਆਪਣੇ ਜ਼ੁੰਮੇ ਲੱਗੀ ਹਰ ਸੇਵਾ ਤਨਦੇਹੀ ਨਾਲ ਨਿਭਾਈ ਜਾਵੇਗੀ ਅਤੇ ਸ਼?ਰੋਮਣੀ ਕਮੇਟੀ ਨੂੰ ਹਰ ਪੱਧਰ 'ਤੇ ਸਹਿਯੋਗ ਕੀਤਾ ਜਾਵੇਗਾ। ਇਸ ਮੌਕੇ ਮੈਨੇਜਰ ਨਰਿੰਦਰ ਸਿੰਘ, ਰਾਜਿੰਦਰ ਸਿੰਘ ਰੂਬੀ ਅਟਾਰੀ, ਵਧੀਕ ਮੈਨੇਜਰ ਸ. ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਭੋਮਾਂ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਗੁੰਮਰਾਹਕੁੰਨ ਦਾਅਵੇ ਕਰਨੇ ਪਏ ਮਹਿੰਗੇ, Amazon-Flipkart ਸਮੇਤ ਛੇ ਕੰਪਨੀਆਂ ਨੂੰ FSSAI ਦਾ ਨੋਟਿਸ

ਬਿਜ਼ਨੈੱਸ ਡੈਸਕ 18 ਅਕਤੂਬਰ। ਪ੍ਰੋਟੀਨ ਪਾਊਡਰ ਅਤੇ ਹੈਲਥ ਸਪਲੀਮੈਂਟ ਦੇ ਤੇਜ਼ੀ ਨਾਲ ਵਧ ਰਹੇ ਬਾਜ਼ਾਰ ਵਿਚਕਾਰ, ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਨੇ ਗੁੰਮਰਾਹਕੁੰਨ ਦਾਅਵਿਆਂ 'ਤੇ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਫੂਡ ਰੈਗੂਲੇਟਰ ਨੇ ਪ੍ਰੋਟੀਨ ਨਾਲ ਸਬੰਧਤ ਦਾਅਵਿਆਂ ਦੇ ਸਬੰਧ ਵਿੱਚ ਐਮਾਜ਼ੋਨ, ਫਲਿੱਪਕਾਰਟ, ਨੇਸਟਲੇ ਹੈਲਥ ਸਾਇੰਸ, ਡਾ. ਰੈਡੀਜ਼, ਤਿਰੂਪਤੀ ਵੈਲਨੈਸ ਅਤੇ ਨੈੱਟਮੇਡਜ਼ ਸਮੇਤ ਛੇ ਕੰਪਨੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ। ਇਹ ਵੀ ਸਾਹਮਣੇ ਆਇਆ ਹੈ ਕਿ ਸ਼੍ਰੇਯਸ਼ ਰਿਟੇਲ ਪ੍ਰਾਈਵੇਟ ਲਿਮਟਿਡ ਦਾ ਲਾਇਸੈਂਸ ਮੁਅੱਤਲ ਕਰਨ ਦੀ ਬਜਾਏ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤਾ ਗਿਆ ਹੈ। ਫਿਟਨੈਸ ਅਤੇ ਸਿਹਤ ਪ੍ਰਤੀ ਵਧਦੀ ਜਾਗਰੂਕਤਾ ਕਾਰਨ, ਪ੍ਰੋਟੀਨ ਪਾਊਡਰ ਦੀ ਮੰਗ ਵਧ ਰਹੀ ਹੈ। ਬਹੁਤ ਸਾਰੇ ਲੋਕ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਅਤੇ ਆਪਣੀਆਂ ਪ੍ਰੋਟੀਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਨ੍ਹਾਂ ਉਤਪਾਦਾਂ ਦੀ ਵਰਤੋਂ ਕਰਦੇ ਹਨ। ਇਸ ਦੌਰਾਨ, ਫੂਡ ਰੈਗੂਲੇਟਰ ਨੇ ਉਤਪਾਦਾਂ 'ਤੇ ਕੀਤੇ ਗਏ ਦਾਅਵਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ। FSSAI ਦਾ




ਇਤਰਾਜ਼ ਉਨ੍ਹਾਂ ਉਤਪਾਦਾਂ ਦੀ ਲੇਬਲਿੰਗ ਅਤੇ ਪ੍ਰਚਾਰ ਨਾਲ ਸਬੰਧਤ ਹੈ ਜੋ ਉੱਚ ਪ੍ਰੋਟੀਨ ਸਮੱਗਰੀ, ਮਾਸਪੇਸ਼ੀ ਤਾਕਤ, ਲੀਨ ਮਾਸਪੇਸ਼ੀ ਪੁੰਜ ਅਤੇ ਊਰਜਾ ਮੈਟਾਬੋਲਿਜ਼ਮ ਵਰਗੇ ਦਾਅਵੇ ਕਰਦੇ ਹਨ। ਰੈਗੂਲੇਟਰ ਨੇ ਕੰਪਨੀਆਂ ਨੂੰ ਪੁੱਛਿਆ ਹੈ ਕਿ ਅਜਿਹੇ ਦਾਅਵਿਆਂ ਦੇ ਆਧਾਰ 'ਤੇ ਉਨ੍ਹਾਂ ਵਿਰੁੱਧ ਕਾਰਵਾਈ ਕਿਉਂ ਨਹੀਂ ਕੀਤੀ ਜਾਣੀ ਚਾਹੀਦੀ। ਐਮਾਜ਼ਾਨ ਦੇ ਬੁਲਾਰੇ ਅਨੁਸਾਰ, ਤੀਜੀ-ਧਿਰ ਵਿਕਰੇਤਾ ਆਪਣੇ ਉਤਪਾਦ Amazon.in 'ਤੇ ਵੇਚਦੇ ਹਨ। ਕੰਪਨੀ ਕਹਿੰਦੀ ਹੈ ਕਿ ਵਿਕਰੇਤਾਵਾਂ ਨੂੰ ਭਾਰਤੀ ਕਾਨੂੰਨ ਅਤੇ ਐਮਾਜ਼ੋਨ ਦੀਆਂ ਨੀਤੀਆਂ ਦੀ ਪਾਲਣਾ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ। ਜੇਕਰ ਕਿਸੇ ਉਤਪਾਦ ਵਿਰੁੱਧ ਕਾਰਵਾਈ ਕੀਤੀ ਜਾਂਦੀ ਹੈ, ਤਾਂ ਇਸਨੂੰ ਪਲੇਟਫਾਰਮ ਤੋਂ ਹਟਾਇਆ ਜਾ ਸਕਦਾ ਹੈ। FSSAI ਨੇ ਸ਼੍ਰੇਯਸ਼ ਰਿਟੇਲ ਪ੍ਰਾਈਵੇਟ ਲਿਮਟਿਡ ਦਾ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤਾ ਹੈ। ਉਪਲਬਧ ਜਾਣਕਾਰੀ ਅਨੁਸਾਰ, ਕੰਪਨੀ ਵਿਰੁੱਧ ਮਿਆਦ ਪੁੱਗ ਚੁੱਕੇ ਅਤੇ ਨੁਕਸਦਾਰ ਉਤਪਾਦਾਂ ਨੂੰ ਵੇਚਣ ਦੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਨਿਰੀਖਣ ਦੌਰਾਨ, ਇਮਾਰਤ 'ਤੇ ਮਿਆਦ ਪੁੱਗ ਚੁੱਕੇ ਅਤੇ ਲਗਭਗ ਮਿਆਦ ਪੁੱਗਣ ਵਾਲੇ ਉਤਪਾਦ ਪਾਏ ਗਏ ਸਨ। ਫੂਡ ਰੈਗੂਲੇਟਰ ਨੇ ਪਹਿਲਾਂ ਨੋ ਸ਼ੂਗਰ, 100% ਕੁਦਰਤੀ, ਸਿਹਤਮੰਦ, ਅਤੇ ਪ੍ਰੋਟੀਨ ਰਿਚ ਵਰਗੇ ਦਾਅਵਿਆਂ ਨੂੰ ਲੇਬਲ ਕਰਨ ਵਾਲੀਆਂ ਕੰਪਨੀਆਂ ਵਿਰੁੱਧ ਕਾਰਵਾਈ ਕੀਤੀ ਹੈ। ਇਸ ਤੋਂ ਇਲਾਵਾ, ਭੋਜਨ ਸਟੋਰੇਜ ਵਿੱਚ ਕਮੀਆਂ ਅਤੇ ਮਿਆਦ ਪੁੱਗ ਚੁੱਕੇ ਉਤਪਾਦਾਂ ਲਈ ਤੇਜ਼ ਵਪਾਰ ਪਲੇਟਫਾਰਮਾਂ 'ਤੇ ਡਾਰਕ ਸਟੋਰਾਂ 'ਤੇ ਨਿਰੀਖਣ ਕੀਤੇ ਗਏ ਹਨ। FSSAI ਦੀ ਕਾਰਵਾਈ ਦਾ ਉਦੇਸ਼ ਭੋਜਨ ਉਤਪਾਦਾਂ ਦੀ ਗੁਣਵੱਤਾ, ਸਹੀ ਲੇਬਲਿੰਗ ਅਤੇ ਖਪਤਕਾਰਾਂ ਲਈ ਸਹੀ ਜਾਣਕਾਰੀ ਨੂੰ ਯਕੀਨੀ ਬਣਾਉਣਾ ਹੈ, ਤਾਂ ਜੋ ਖਪਤਕਾਰ ਗੁੰਮਰਾਹਕੁੰਨ ਦਾਅਵਿਆਂ ਦੇ ਅਧਾਰ 'ਤੇ ਖਰੀਦਦਾਰੀ ਨਾ ਕਰਨ।

# ਅੰਤਿਮ ਸੰਸਕਾਰ ਦੀ ਲੱਕੜ ਲਈ ਨਹੀਂ ਸਨ ਪੈਸੇ, ਪਰਿਵਾਰਕ ਮੈਂਬਰਾਂ ਨੇ ਸ਼ਮਸ਼ਾਨਘਾਟ 'ਚ ਲਾਵਾਰਸ ਛੱਡੀ ਲਾਸ਼

**ਕੌਮੀ ਪਤ੍ਰਿਕਾ**

ਪਣਜੀ 18 ਅਕਤੂਬਰ। ਭਾਰਤ ਦੇ ਸਭ ਤੋਂ ਛੋਟੇ ਰਾਜ ਗੋਆ ਵਿੱਚ ਪ੍ਰਤੀ ਵਿਅਕਤੀ ਆਮਦਨ ਦੇਸ਼ ਵਿੱਚ ਦੂਜੇ ਸਥਾਨ 'ਤੇ ਹੈ, ਬੀਚ ਵਿਲਾ ਕਰੋੜਾਂ ਵਿੱਚ ਵਿਕਦੇ ਹਨ ਅਤੇ ਜੀ.ਡੀ.ਪੀ. ਦੇ ਅੰਕੜੇ ਹਮੇਸ਼ਾ ਸ਼ਾਨਦਾਰ ਦਿਖਾਈ ਦਿੰਦੇ ਹਨ। ਇਸ ਦੇ ਬਾਵਜੂਦ, ਇੱਕ ਵਿਅਕਤੀ ਦੀ ਲਾਸ਼ ਪੂਰੀ ਰਾਤ ਸ਼ਮਸ਼ਾਨਘਾਟ ਵਿੱਚ ਲਾਵਾਰਸ ਪਈ ਰਹੀ, ਕਿਉਂਕਿ ਉਸ ਦੇ ਪਰਿਵਾਰ ਕੋਲ ਚਿਤਾ ਜਗਾਉਣ ਲਈ ਲੱਕੜਾਂ ਖਰੀਦਣ ਦੇ ਪੈਸੇ ਨਹੀਂ ਸਨ। ਇਸ ਵਿਅਕਤੀ ਦਾ ਨਾਂ ਅਸ਼ੋਕ ਵਿਸ਼ਣੂ ਪਾਲਯੇਕਰ ਸੀ। ਉੱਤਰੀ ਗੋਆ ਦੇ ਪੇਰਨੇਮ ਸਥਿਤ ਕਾਸਾਰਵਰਨੇ ਦੇ ਦੇਉਲਵਾੜਾ ਵਾਰਡ ਵਿੱਚ ਉਨ੍ਹਾਂ ਦਾ ਘਰ ਕਿਸੇ ਆਮ ਘਰ ਵਰਗਾ ਨਹੀਂ ਹੈ। ਵੱਡੀਆਂ-ਵੱਡੀਆਂ ਇਮਾਰਤਾਂ ਦੇ ਵਿਚਕਾਰ ਮੁਸ਼ਕਿਲ ਨਾਲ 20 ਵਰਗ ਮੀਟਰ ਵਿੱਚ ਬਣਿਆ ਇਹ ਇੱਕ ਛੋਟਾ ਜਿਹਾ ਢਾਂਚਾ ਹੈ। ਇਸ ਵਿੱਚ ਬਿਨਾਂ ਪਲਾਸਟਰ ਵਾਲੇ ਲੈਟਰਾਈਟ ਪੱਥਰ ਦੀਆਂ ਕੰਧਾਂ ਅਤੇ ਦੋ ਕਮਰੇ ਹਨ, ਜੋ ਹੁਣ ਤਾਲੇ ਲੱਗੇ ਹੋਏ ਹਨ। ਅਸ਼ੋਕ ਨੇ ਆਪਣਾ ਜੀਵਨ ਇਸ ਛੋਟੇ ਜਿਹੇ ਘਰ ਅਤੇ ਆਪਣੀਆਂ ਦੋ ਭੈਣਾਂ ਦੇ ਘਰਾਂ ਵਿਚਕਾਰ ਬਿਤਾਇਆ। ਦੋਵੇਂ ਵਿਧਵਾਵਾਂ ਹਨ ਅਤੇ ਪਰਨੇਮ ਦੇ ਦੂਜੇ ਪਿੰਡਾਂ ਵਿੱਚ ਰਹਿੰਦੀਆਂ ਹਨ। ਉਹ ਗਰੀਬਾਂ ਲਈ 2,000 ਰੁਪਏ ਪ੍ਰਤੀ ਮਹੀਨਾ ਦੀ ਸਰਕਾਰੀ ਪੈਨਸ਼ਨ 'ਤੇ ਗੁਜ਼ਾਰਾ ਕਰਦੀਆਂ ਹਨ। ਦੋ ਸਾਲ ਪਹਿਲਾਂ, ਜਦੋਂ ਅਸ਼ੋਕ ਦੀ ਇੱਕ ਲੱਤ ਕੱਟ ਦਿੱਤੀ ਗਈ ਸੀ ਅਤੇ ਇੱਕ ਹੋਟਲ ਵਿੱਚ ਉਸਦੀ ਛੋਟੀ ਜਿਹੀ ਨੌਕਰੀ ਚਲੀ ਗਈ ਸੀ ਤਾਂ ਉਸਦੀਆਂ ਭੈਣਾਂ ਵਾਰੀ-ਵਾਰੀ ਉਸਦੀ ਦੇਖਭਾਲ ਕਰਦੀਆਂ ਸਨ। 13 ਸਤੰਬਰ ਨੂੰ ਗਣੇਸ਼ ਚਤੁਰਥੀ ਦੀ ਪੂਰਵ ਸੰਧਿਆ 'ਤੇ 65 ਸਾਲਾ ਅਸ਼ੋਕ ਆਪਣੇ ਛੋਟੇ ਜਿਹੇ ਘਰ ਵਿੱਚ ਬਿਮਾਰ ਪੈ ਗਿਆ। ਮੁਫ਼ਤ 108 ਐਂਬੂਲੈਂਸ ਉਨ੍ਹਾਂ ਨੂੰ ਨੇੜੇ ਦੇ ਕਾਸਾਰਵਰਨੇ ਸਿਹਤ ਕੇਂਦਰ ਲੈ ਗਈ, ਜਿੱਥੇ ਅਸ਼ੋਕ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉੱਥੇ ਮੌਜੂਦ ਗਾਰਡ ਦੇ ਅਨੁਸਾਰ, ਉਨ੍ਹਾਂ ਦੀ ਮੌਤ ਨੂੰ ਰਜਿਸਟਰ ਵਿੱਚ ਦਰਜ ਤੱਕ ਨਹੀਂ ਕੀਤਾ ਗਿਆ। ਉਨ੍ਹਾਂ ਦੀਆਂ ਭੈਣਾਂ ਨੇ ਕਿਤੇ ਸੁਣਿਆ ਸੀ ਕਿ ਪੇਰਨੇਮ ਨਗਰ ਪਾਲਿਕਾ ਸ਼ਮਸ਼ਾਨਘਾਟ ਵਿੱਚ ਗ਼ਰੀਬਾਂ ਦਾ ਮੁਫ਼ਤ ਵਿੱਚ ਅੰਤਿਮ ਸੰਸਕਾਰ ਕੀਤਾ ਜਾਂਦਾ ਹੈ। ਇਸ ਲਈ, ਉਨ੍ਹਾਂ ਨੇ ਆਪਣੇ ਕੋਲ ਬਚੇ ਥੋੜ੍ਹੇ-ਬਹੁਤੇ ਪੈਸੇ ਇਕੱਠੇ ਕੀਤੇ, ਇੱਕ ਵਾਹਨ ਕਿਰਾਏ 'ਤੇ ਲਿਆ ਅਤੇ ਆਪਣੇ ਭਰਾ ਦੀ ਲਾਸ਼ ਨੂੰ ਉੱਥੇ ਲੈ ਗਈਆਂ। ਦੇਰ ਸ਼ਾਮ ਦਾ ਵਕਤ ਸੀ ਅਤੇ ਉੱਥੇ ਕੋਈ ਕਰਮਚਾਰੀ ਮੌਜੂਦ ਨਹੀਂ ਸੀ। ਰਾਜ ਦੇ ਸਭ ਤੋਂ ਵੱਡੇ ਤਿਉਹਾਰ ਤੋਂ ਇੱਕ ਦਿਨ ਪਹਿਲਾਂ ਸ਼ਮਸ਼ਾਨਘਾਟ ਬਿਲਕੁੱਲ ਖਾਲੀ ਸੀ। ਭੈਣਾਂ ਕੋਲ ਲੱਕੜਾਂ ਖਰੀਦਣ ਲਈ ਪੈਸੇ ਨਹੀਂ ਸਨ, ਨਾ ਹੀ ਲਾਸ਼ ਨੂੰ ਵਾਪਸ ਲਿਜਾਣ ਜਾਂ ਕਿਸੇ ਹੋਰ ਜਗ?ਹਾ ਲੈ ਜਾਣ ਦੇ ਪੈਸੇ ਸਨ। ਇਸ ਲਈ, ਮਜਬੂਰਨ ਉਨ੍ਹਾਂ ਨੂੰ ਆਪਣੇ ਭਰਾ ਦੀ ਲਾਸ਼ ਉੱਥੇ ਹੀ ਛੱਡਣੀ ਪਈ। ਪੁਲਿਸ ਨੂੰ ਬਾਅਦ ਵਿੱਚ ਅਹਿਸਾਸ ਹੋਇਆ ਕਿ ਇਹ ਕਿਸੇ ਬੇਰਹਿਮੀ ਕਾਰਨ ਨਹੀਂ ਸੀ, ਸਗੋਂ ਇਸ ਉਮੀਦ ਕਾਰਨ ਸੀ ਕਿ ਸਰਕਾਰ ਉਹ ਕੰਮ ਪੂਰਾ ਕਰੇਗੀ ਜੋ ਪਰਿਵਾਰ ਨਹੀਂ ਕਰ ਸਕਿਆ ਅਤੇ ਉਨ੍ਹਾਂ ਦੇ ਭਰਾ ਨੂੰ ਸਨਮਾਨਜਨਕ ਵਿਦਾਇਗੀ ਮਿਲੇਗੀ। ਅਗਲੀ ਸਵੇਰ ਜਦੋਂ ਪੁਲਿਸ ਨੂੰ ਸ਼ਮਸ਼ਾਨ ਵਿੱਚ ਲਾਸ਼ ਮਿਲੀ, ਤਾਂ ਉਨ੍ਹਾਂ ਨੂੰ ਲੱਗਿਆ ਕਿ ਇਹ ਕਿਸੇ ਬੇਘਰ ਇਨਸਾਨ ਦੀ ਲਾਵਾਰਸ ਲਾਸ਼ ਹੈ। ਇਹ ਪੇਰਨੇਮ ਪੁਲਿਸ ਦੇ ਸਬ-ਇੰਸਪੈਕਟਰ ਆਦਿਤਿਆ ਗਾਡ ਸਨ, ਜਿਨ੍ਹਾਂ ਨੇ ਇਸ ਪੂਰੀ ਕਹਾਣੀ ਦੀਆਂ ਕੜੀਆਂ ਜੋੜੀਆਂ ਅਤੇ ਕਾਸਾਰਵਰਨੇ ਦੇ ਉਸ 20 ਵਰਗ ਮੀਟਰ ਵਾਲੇ ਘਰ ਤੱਕ ਪਹੁੰਚੇ। ਇੱਕ ਗੁਆਂਢੀ ਨੇ ਕਿਹਾ ਕਿ ਉਸਦੀ ਲੱਤ ਕੱਟਣ ਤੋਂ ਪਹਿਲਾਂ, ਅਸ਼ੋਕ ਇੱਕ ਹੋਟਲ ਵਿੱਚ ਛੋਟੇ-ਮੋਟੇ ਕੰਮ ਕਰਦਾ ਸੀ। ਪਰਿਵਾਰ ਹਮੇਸ਼ਾ ਇੱਕ ਝੌਂਪੜੀ ਵਿੱਚ ਰਹਿੰਦਾ ਸੀ। ਦਸ ਸਾਲ ਪਹਿਲਾਂ, ਉਸਦੇ ਭਰਾ, ਜੋ ਖਾਣਾਂ ਵਿੱਚ ਟਰੱਕ ਚਲਾਉਂਦਾ ਸੀ, ਨੇ ਇਹ ਸਥਾਈ ਢਾਂਚਾ ਬਣਾਇਆ ਸੀ ਪਰ ਥੋੜ੍ਹੀ ਦੇਰ ਬਾਅਦ ਉਸਦੀ ਮੌਤ ਹੋ ਗਈ, ਅਤੇ ਪਰਿਵਾਰ ਦੁਬਾਰਾ ਗਰੀਬੀ ਵਿੱਚ ਡੁੱਬ ਗਿਆ।

# ਐਕਸ ਦੀ ਪ੍ਰੋਫਾਈਲ 'ਤੇ ਚੁੱਪ-ਚੁੱਪ ਕੇ ਰੱਖਦੇ ਨੇ ਨਜ਼ਰ ! ਇਨ੍ਹਾਂ 3 ਮੂਲ ਅੰਕ ਵਾਲਿਆਂ ਲਈ 'ਮੂਵ ਆਨ' ਕਰਨਾ ਹੁੰਦਾ ਹੈ ਸਭ ਤੋਂ ਔਖਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 18 ਅਕਤੂਬਰ। ਪਿਆਰ ਅਤੇ ਬ੍ਰੇਕਅਪ ਦਾ ਸਿਲਸਿਲਾ ਹਰ ਕਿਸੇ ਦੀ ਜ਼ਿੰਦਗੀ ਵਿੱਚ ਚੱਲਦਾ ਰਹਿੰਦਾ ਹੈ। ਕੁਝ ਲੋਕਾਂ ਨੂੰ ਬ੍ਰੇਕਅਪ ਦੇ ਦੁੱਖ ਤੋਂ ਬਾਹਰ ਆਉਣ ਵਿੱਚ ਕਾਫ਼ੀ ਸਮਾਂ ਲੱਗਦਾ ਹੈ, ਜਦਕਿ ਕੁਝ ਲੋਕ ਅਗਲੇ ਹੀ ਦਿਨ ਮੂਵ ਆਨ ਕਰ ਜਾਂਦੇ ਹਨ। ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਬ੍ਰੇਕਅਪ ਦੇ ਕਈ ਮਹੀਨਿਆਂ ਜਾਂ ਸਾਲਾਂ ਬਾਅਦ ਵੀ ਕੁਝ ਲੋਕ ਆਪਣੇ ਐਕਸ ਦੀਆਂ ਯਾਦਾਂ ਤੋਂ ਬਾਹਰ ਕਿਉਂ ਨਹੀਂ ਨਿਕਲ ਪਾਉਂਦੇ? ਕਈ ਵਾਰ ਲੋਕ ਅਜਿਹੇ ਲੋਕਾਂ ਨੂੰ 'ਟੌਕਸਿਕ' ਅਤੇ 'ਸਾਇਕੋ' ਵਰਗੇ ਨਾਂ ਵੀ ਦੇ ਦਿੰਦੇ ਹਨ। ਪਰ ਅੰਕ ਜੋਤਿਸ਼ ਦੀ ਮੰਨੀਏ ਤਾਂ ਇਸਦਾ ਸਿੱਧਾ ਸਬੰਧ ਤੁਹਾਡੀ ਜਨਮ ਤਾਰੀਖ, ਯਾਨੀ ਤੁਹਾਡੇ ਮੂਲ ਅੰਕ ਨਾਲ ਹੋ ਸਕਦਾ ਹੈ। ਆਓ ਜਾਣਦੇ ਹਾਂ ਉਨ੍ਹਾਂ 3 ਮੂਲ ਅੰਕਾਂ ਵਾਲੇ ਲੋਕਾਂ ਬਾਰੇ, ਜਿਨ੍ਹਾਂ ਨੂੰ ਪਿਆਰ ਵਿੱਚ ਮੂਵ ਆਨ ਕਰਨ ਵਿੱਚ ਸਭ ਤੋਂ ਜ਼ਿਆਦਾ ਸਮਾਂ ਲੱਗਦਾ ਹੈ। ਅੰਕ ਸ਼ਾਸਤਰ ਦੀ ਦੁਨੀਆ ਵਿੱਚ ਇਹ ਕਿਹੜੇ 3 ਮੂਲ ਅੰਕ ਹਨ, ਆਓ ਜਾਣਦੇ ਹਾਂ। ਕਿਸੇ ਵੀ ਮਹੀਨੇ ਦੀ 2, 11, 20 ਜਾਂ 29 ਤਾਰੀਖ ਨੂੰ ਜਨਮ ਲੈਣ ਵਾਲੇ ਲੋਕਾਂ ਦਾ ਮੂਲ ਅੰਕ 2 ਹੁੰਦਾ ਹੈ। ਇਨ੍ਹਾਂ ਲੋਕਾਂ 'ਤੇ ਚੰਦਰਮਾ ਦਾ ਡੂੰਘਾ ਪ੍ਰਭਾਵ ਮੰਨਿਆ ਜਾਂਦਾ ਹੈ। ਇਹ ਸੁਭਾਅ ਤੋਂ ਬਹੁਤ ਇਮੋਸ਼ਨਲ ਅਤੇ ਸੰਵੇਦਨਸ਼ੀਲ ਹੁੰਦੇ ਹਨ। ਜਦੋਂ ਇਹ ਕਿਸੇ ਨਾਲ ਰਿਸ਼ਤਾ ਜੋੜਦੇ ਹਨ ਤਾਂ ਦਿਮਾਗ ਨਾਲੋਂ ਸਿੱਧੇ ਦਿਲ ਨਾਲ ਜੁੜ ਜਾਂਦੇ ਹਨ। ਬ੍ਰੇਕਅਪ ਤੋਂ ਬਾਅਦ ਇਨ੍ਹਾਂ ਲਈ ਪੁਰਾਣੀਆਂ ਗੱਲਾਂ ਨੂੰ ਭੁੱਲਣਾ ਲਗਭਗ ਨਾਮੁਮਕਿਨ ਹੋ ਜਾਂਦਾ ਹੈ। ਐਕਸ ਦੀ ਪ੍ਰੋਫਾਈਲ 'ਤੇ ਚੁੱਪ-ਚੁੱਪ ਕੇ ਰੱਖਦੇ ਨੇ ਨਜ਼ਰ! ਇਨ੍ਹਾਂ 3 ਮੂਲ ਅੰਕ ਵਾਲਿਆਂ ਲਈ 'ਮੂਵ ਆਨ' ਕਰਨਾ ਹੁੰਦਾ ਹੈ ਸਭ ਤੋਂ ਔਖਾ ਇਸ ਤੋਂ ਬਾਅਦ ਲਿਸਟ ਵਿੱਚ ਮੂਲ ਅੰਕ 4 ਵਾਲੇ ਲੋਕ ਆਉਂਦੇ ਹਨ। 4, 12, 22 ਜਾਂ 31 ਤਾਰੀਖ ਨੂੰ ਜਨਮ ਲੈਣ ਵਾਲੇ ਲੋਕ ਮੂਲ ਅੰਕ 4 ਨਾਲ ਸਬੰਧਤ ਹੁੰਦੇ ਹਨ। ਇਸ ਮੂਲ ਅੰਕ ਦਾ ਸਵਾਮੀ ਰਾਹੂ ਮੰਨਿਆ ਜਾਂਦਾ ਹੈ। ਇਹ ਲੋਕ ਬਹੁਤ ਜ਼ਿਆਦਾ ਓਵਰਥਿੰਕਿੰਗ ਦਾ ਸ਼ਿਕਾਰ ਹੁੰਦੇ ਹਨ। ਇੱਕ ਵਾਰ ਰਿਸ਼ਤਾ ਟੁੱਟਣ ਤੋਂ ਬਾਅਦ ਇਹ ਇਸ ਗੱਲ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰਦੇ ਹਨ ਕਿ ਆਖ਼?ਰ ਰਿਸ਼ਤਾ ਕਿਉਂ ਟੁੱਟਿਆ। ਇਨ੍ਹਾਂ ਦੀ ਇਹੀ ਉਲਝਣ ਕਈ ਵਾਰ ਇਨ੍ਹਾਂ ਨੂੰ ਆਪਣੇ ਐਕਸ 'ਤੇ ਨਜ਼ਰ ਰੱਖਣ ਲਈ ਮਜਬੂਰ ਕਰਦੀ ਹੈ। ਜਿਨ੍ਹਾਂ ਲੋਕਾਂ ਦਾ ਜਨਮ ਕਿਸੇ ਵੀ ਮਹੀਨੇ ਦੀ 7, 16 ਜਾਂ 25 ਤਾਰੀਖ ਨੂੰ ਹੁੰਦਾ ਹੈ, ਉਹ ਮੂਲ ਅੰਕ 7 ਵਾਲੇ ਹੁੰਦੇ ਹਨ। ਕੇਤੂ ਤੋਂ ਪ੍ਰਭਾਵਿਤ ਮੰਨੇ ਜਾਣ ਵਾਲੇ ਇਹ ਲੋਕ ਡੂੰਘੀ ਸੋਚ ਰੱਖਣ ਵਾਲੇ, ਯਾਨੀ 'ਡੀਪ ਥਿੰਕਰ' ਹੁੰਦੇ ਹਨ। ਬ੍ਰੇਕਅਪ ਤੋਂ ਬਾਅਦ ਵੀ ਇਹ ਆਪਣੇ ਪਾਰਟਨਰ ਨਾਲ ਬਿਤਾਏ ਪਲਾਂ ਵਿੱਚ ਹੀ ਜੀਉਂਦੇ ਰਹਿੰਦੇ ਹਨ। ਐਕਸ ਦੀ ਹਰ ਨਵੀਂ ਫੋਟੋ, ਸਟੋਰੀ ਜਾਂ ਸਟੇਟਸ ਦੇਖ ਕੇ ਇਹ ਖੁਦ ਨੂੰ ਹੀ ਤਕਲੀਫ਼ ਦਿੰਦੇ ਹਨ। ਭਾਵੇਂ ਉੱਪਰੋਂ ਇਹ ਬਹੁਤ ਸਖ਼ਤ ਬਣਨ ਦੀ ਕੋਸ਼ਿਸ਼ ਕਰਨ, ਪਰ ਅੰਦਰੋਂ ਇਨ੍ਹਾਂ ਦਾ ਮਨ ਵਾਰ-ਵਾਰ ਉਸੇ ਇਨਸਾਨ ਵੱਲ ਖਿੱਚਿਆ ਜਾਂਦਾ ਹੈ। ਇਨ੍ਹਾਂ ਲੋਕਾਂ ਲਈ ਮੂਵ ਆਨ ਕਰਨਾ ਬਹੁਤ ਮੁਸ਼ਕਲ ਮੰਨਿਆ ਜਾਂਦਾ ਹੈ। ਆਗਰਾ ਦੇ ਬਾਹ ਵਾਸੀ ਜੈ ਸਿੰਘ ਰਾਠੌੜ ਨੇ ਭੈਣ ਦੀਆਂ ਅੱਖਾਂ ਦੀ ਸਰਜਰੀ ਦੇ ਨਾਂ 'ਤੇ ਇੰਟਰਨੈੱਟ 'ਤੇ ਭਾਵੁਕ ਅਪੀਲ ਕਰਕੇ ਲੱਖਾਂ ਰੁਪਏ ਠੱਗ ਲਏ। ਦਿੱਲੀ ਦੇ ਸ਼ਰਾਫ਼ ਆਈ ਸੈਂਟਰ ਦੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਇਹ ਧੋਖਾਧੜੀ ਕੀਤੀ ਗਈ। ਇਸ ਤੋਂ ਬਾਅਦ ਇੱਕ ਇੰਫਲੂਐਂਸਰ ਦੀ ਸ਼ਿਕਾਇਤ 'ਤੇ ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

### 2 ਵੱਡੇ ਨੈੱਟਵਰਕ ਚਲਾਉਣ ਵਾਲੇ 4 ਮੁਲਜ਼ਮ ਕਾਬੂ, ਭਾਰੀ ਮਾਤਰਾ 'ਚ ਨਸ਼ੀਲਾ ਪਦਾਰਥ ਤੇ ਹਥਿਆਰ ਵੀ ਬਰਾਮਦ

ਅੰਮ੍ਰਿਤਸਰ 18 ਅਕਤੂਬਰ। ਅੰਮ੍ਰਿਤਸਰ ਦਿਹਾਤੀ ਪੁਲਸ ਨੇ ਦੋ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਵਾਲੇ ਨੈੱਟਵਰਕਾਂ ਦਾ ਪਰਦਾਫਾਸ਼ ਕਰਦਿਆਂ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੌਰਾਨ ਮੁਲਜ਼ਮਾਂ ਕੋਲੋਂ 15 ਕਿਲੋਗ੍ਰਾਮ ਅਫੀਮ, 1 ਆਧੁਨਿਕ $16 ਰਾਈਫਲ, 9 ਗੈਰ-ਕਾਨੂੰਨੀ ਪਿਸਤੌਲ ਅਤੇ 25 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਸਾਂਝੀ ਕੀਤੀ ਹੈ। ਡੀ. ਜੀ. ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮਾਂ ਦੇ ਵਿਦੇਸ਼ਾਂ 'ਚ ਬੈਠੇ ਤਸਕਰਾਂ ਨਾਲ ਕਥਿਤ ਸਬੰਧ ਹਨ ਅਤੇ ਉਹ ਨਾਜਾਇਜ਼ ਹਥਿਆਰਾਂ ਦੀ ਖ਼ਰੀਦ 'ਚ ਸ਼ਾਮਲ ਹਨ। ਮੁਲਜ਼ਮਾਂ ਖਿਲਾਫ਼ ਅੰਮ੍ਰਿਤਸਰ ਦੇ ਥਾਣਾ ਘਰਿੰਡਾ ਅਤੇ ਥਾਣਾ ਲੋਪੋਕੇ ਵਿਖੇ ਵੱਖ-ਵੱਖ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਮੁਲਜ਼ਮਾਂ ਦੇ ਪਿਛਲੇ ਅਤੇ ਅਗਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਇਸ 'ਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਲਈ ਹੋਰ ਜਾਂਚ ਜਾਰੀ ਹੈ।

# ਦੁਕਾਨ 'ਚ ਲੱਗ ਗਈ ਅੱਗ ! ਮਾਂ-ਧੀ ਦੀ ਦਰਦਨਾਕ ਮੌਤ, ਪਿਓ ਵੀ ਗੰਭੀਰ ਰੂਪ 'ਚ ਝੁਲਸਿਆ

ਨੈਸ਼ਨਲ ਡੈਸਕ 18 ਅਕਤੂਬਰ। ਉੱਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਖੇਕੜਾ ਕਸਬੇ 'ਚ ਵੀਰਵਾਰ ਸਵੇਰੇ ਇੱਕ ਦੁਕਾਨ 'ਚ ਭਿਆਨਕ ਅੱਗ ਲੱਗਣ ਕਾਰਨ ਮਾਂ



ਅਤੇ ਉਸ ਦੀ 6 ਸਾਲਾ ਧੀ ਦੀ ਜ਼ਿੰਦਾ ਸੜ ਕੇ ਦਰਦਨਾਕ ਮੌਤ ਹੋ ਗਈ। ਇਸ ਹਾਦਸੇ 'ਚ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਪਰਿਵਾਰ ਦਾ ਮੁਖੀ ਵੀ ਗੰਭੀਰ ਰੂਪ ਵਿੱਚ ਝੁਲਸ ਗਿਆ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਬਾਗਪਤ ਦੇ ਜ਼ਿਲ੍ਹਾ ਮੈਜਿਸਟ?ਰੇਟ (4$) ਦਿਵਿਆਂਸ਼ੂ ਪਟੇਲ ਨੇ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਖੇਕੜਾ ਕਸਬੇ ਦੇ ਮੇਨ ਬਾਜ਼ਾਰ ਸਥਿਤ ਦੁਕਾਨ 'ਚ ਸਵੇਰੇ ਅਚਾਨਕ ਅੱਗ ਭੜਕ ਉੱਠੀ। ਅੱਗ ਇੰਨੀ ਭਿਆਨਕ ਸੀ ਕਿ ਇਸ ਨੇ ਜਲਦੀ ਹੀ ਦੁਕਾਨ ਦੇ ਨਾਲ-ਨਾਲ ਉੱਪਰਲੀ ਮੰਜ਼ਿਲ 'ਤੇ ਬਣੇ ਘਰ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ। ਇਸ ਅਗਨੀਕਾਂਡ 'ਚ ਦੁਕਾਨ ਦੇ ਅੰਦਰ ਮੌਜੂਦ ਸਵਾਤੀ ਜੈਨ (ਪਤਨੀ) ਅਤੇ ਉਸ ਦੀ 6 ਸਾਲਾ ਮਾਸੂਮ ਧੀ ਅਨੰਨਿਆ ਜੈਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ 'ਚ ਅੰਕੁਰ ਜੈਨ ਗੰਭੀਰ ਰੂਪ 'ਚ ਝੁਲਸ ਗਏ। ਸਥਾਨਕ ਲੋਕਾਂ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਅੱਗ 'ਚ ਕਾਬੂ ਪਾਇਆ। ਗੰਭੀਰ ਰੂਪ 'ਚ ਝੁਲਸੇ ਅੰਕੁਰ ਜੈਨ ਨੂੰ ਪਹਿਲਾਂ ਖੇਕੜਾ ਦੇ ਸੀ.ਐੱਚ.ਸੀ. (383) 'ਚ ਮੁੱਢਲਾ ਇਲਾਜ ਦਿੱਤਾ ਗਿਆ, ਜਿੱਥੋਂ ਉਨ੍ਹਾਂ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਦਿੱਲੀ ਦੇ ਸਫ਼ਦਰਜੰਗ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ ਹੈ। ਹਾਦਸੇ ਦੀ ਜਾਣਕਾਰੀ ਮਿਲਣ ਮਗਰੋਂ ਡੀ.ਐੱਮ. ਦਿਵਿਆਂਸ਼ੂ ਪਟੇਲ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਰਕਾਰੀ ਅਤੇ ਆਰਥਿਕ ਸਹਾਇਤਾ ਪ੍ਰਦਾਨ ਕਰਨ ਦੇ ਹੁਕਮ ਦਿੱਤੇ। ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਟੀਮਾਂ ਗਠਿਤ ਕਰ ਦਿੱਤੀਆਂ ਗਈਆਂ ਹਨ। ਮੁੱਢਲੀ ਜਾਂਚ 'ਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਮੰਨਿਆ ਜਾ ਰਿਹਾ ਹੈ, ਹਾਲਾਂਕਿ ਅਸਲ ਕਾਰਨਾਂ ਦੀ ਪੁਸ਼ਟੀ ਜਾਂਚ ਤੋਂ ਬਾਅਦ ਹੀ ਹੋ ਸਕੇਗੀ।

### ਪੈਟਰੋਲ ਪੰਪ 'ਤੇ ਚੈਕਿੰਗ ਕਰਨ ਆਏ IOC ਅਧਿਕਾਰੀ ਦਾ ਬੇਰਹਿਮੀ ਨਾਲ ਕਤਲ ! ਪੁਲਸ ਨੇ 4 ਨੂੰ ਕੀਤਾ ਗ੍ਰਿਫ਼ਤਾਰ

ਛਤਰਪਤੀ ਸੰਭਾਜੀਨਗਰ 18 ਅਕਤੂਬਰ। ਮਹਾਰਾਸ਼ਟਰ ਦੇ ਹਿੰਗੋਲੀ ਜ਼ਿਲ੍ਹੇ 'ਚ ਇੰਡੀਅਨ ਆਇਲ ਕਾਰਪੋਰੇਸ਼ਨ (9®3) ਦੇ ਅਧਿਕਾਰੀ ਮਹੇਸ਼ ਸ਼ੇਲਕੇ ਦੇ ਕਤਲ ਦੇ ਮਾਮਲੇ ਵਿੱਚ ਬੁੱਧਵਾਰ ਨੂੰ ਇੱਕ ਔਰਤ ਸਮੇਤ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਮਹੇਸ਼ ਸ਼ੇਲਕੇ ਦਾ ਇਕ ਦਿਨ ਪਹਿਲਾਂ ਪੈਟਰੋਲ ਪੰਪ 'ਤੇ ਨਿਰੀਖਣ ਦੌਰਾਨ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਅਧਿਕਾਰੀ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਸ਼ਰਵਣ ਵਾਕੁੜੇ, ਰਾਹੁਲ ਧਾਯਜੇ, ਉਮੇਸ਼ ਪਾਂਡਵੀਰ ਅਤੇ ਲਤਾ ਪਾਂਡਵੀਰ ਵਜੋਂ ਹੋਈ ਹੈ। ਉਨ੍ਹਾਂ ਨੇ ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਨਹੀਂ ਦਿੱਤੀ। ਪੁਲਸ ਨੇ ਇੰਡੀਅਨ ਆਇਲ ਦੇ ਇਕ ਸੀਨੀਅਰ ਅਧਿਕਾਰੀ ਦੀ ਸ਼ਿਕਾਇਤ ਦੇ ਆਧਾਰ 'ਤੇ ਕਤਲ, ਗੈਰ-ਕਾਨੂੰਨੀ ਇਕੱਠ, ਦੰਗਾ ਅਤੇ ਅਪਰਾਧਿਕ ਧਮਕੀ ਦੇ ਦੋਸ਼ 'ਚ ਭਾਰਤੀ ਦੰਡ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਇਹ ਘਟਨਾ ਮੰਗਲਵਾਰ ਸ਼ਾਮ ਨੂੰ ਵਾਪਰੀ ਜਦੋਂ ਇੰਡੀਅਨ ਆਇਲ ਮੈਨੇਜਰ (ਰਿਟੇਲ ਸੇਲਜ਼) ਮਹੇਸ਼ ਸ਼ੇਲਕੇ ਅਤੇ ਹੋਰ ਕਰਮਚਾਰੀ ਇੰਡੀਅਨ ਆਇਲ ਦੇ ਇਕ ਰਿਟੇਲ ਆਊਟਲੈਟ ਨੂੰ ਹਾਸਲ ਕਰਨ ਦੀ ਪ੍ਰਕਿਰਿਆ ਪੂਰੀ ਕਰ ਰਹੇ ਸਨ। ਪੁਲਸ ਨੇ ਕਿਹਾ ਕਿ ਦੋਸ਼ੀ ਉਮੇਸ਼ ਪਾਂਡਵੀਰ ਅਤੇ ਚਾਰ ਹੋਰਾਂ ਨੇ ਸ਼ੇਲਕੇ ਨੂੰ ਇਹ ਪੁੱਛਣ ਤੋਂ ਬਾਅਦ ਚਾਕੂ ਮਾਰ ਦਿੱਤਾ ਕਿ ਉਹ ਪੈਟਰੋਲ ਪੰਪ ਕਿਸੇ ਹੋਰ ਨੂੰ ਚਲਾਉਣ ਲਈ ਕਿਵੇਂ ਦੇ ਸਕਦਾ ਹੈ? ਕੁਰੂੰਡਾ ਪੁਲਸ ਸਟੇਸ਼ਨ ਦੇ ਇਕ ਅਧਿਕਾਰੀ ਨੇ ਕਿਹਾ,ਉਸ ਦੀ ਪਿੱਠ, ਛਾਤੀ, ਸਿਰ, ਬਾਹਾਂ ਅਤੇ ਪੇਟ 'ਚ ਚਾਕੂ ਮਾਰਿਆ ਗਿਆ ਸੀ। ਹਮਲੇ ਦੌਰਾਨ ਪੱਥਰ ਵੀ ਮਾਰੇ ਗਏ ਸਨ। ਸ਼ੇਲਕੇ ਨੂੰ ਵਸਮਤ ਦੇ ਇਕ ਤਾਲੁਕਾ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਤੋਂ ਪਹਿਲਾਂ ਦਿਨ 'ਚ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਇੰਡੀਅਨ ਆਇਲ ਕਾਰਪੋਰੇਸ਼ਨ ਨੇ ਸ਼ੇਲਕੇ 'ਤੇ ਹੋਏ ਘਾਤਕ ਹਮਲੇ ਤੋਂ ਬਾਅਦ ਮਹਾਰਾਸ਼ਟਰ ਅਧਿਕਾਰੀਆਂ ਨੂੰ ਮਾਮਲੇ 'ਚ ਤੇਜ਼ੀ ਨਾਲ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ।

# ਐਡਵੋਕੇਟ ਧਾਮੀ ਵੱਲੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਬਲਾਕ 'ਚ ਗਿਆਨੀ ਦਿੱਤ ਸਿੰਘ ਦੇ ਨਾਂ 'ਤੇ ਆਡੀਟੋਰੀਅਮ ਦਾ ਉਦਘਾਟਨ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 18 ਅਕਤੂਬਰ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸ਼?ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਦੇ ਪ੍ਰਬੰਧਕੀ ਬਲਾਕ ਦੀਆਂ ਤਿਆਰ ਕੀਤੀਆਂ ਦੋ ਮੰਜ਼ਲਾਂ ਅਤੇ ਸਿੰਘ ਸਭਾ ਲਹਿਰ ਦੇ ਮੋਢੀ ਆਗੂ ਤੇ ਸਿੱਖ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਦੇ ਨਾਂ 'ਤੇ 220 ਸੀਟਾਂ ਦੀ ਸਮਰੱਥਾ ਵਾਲੇ ਨਵੇਂ ਆਡੀਟੋਰੀਅਮ ਦਾ ਉਦਘਾਟਨ ਕੀਤਾ । ਇਸ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼?ਰੋਮਣੀ ਕਮੇਟੀ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਹੁੰਦਿਆਂ ਸਿੱਖੀ ਪ੍ਰਚਾਰ ਪ੍ਰਚਾਰ, ਸਿਹਤ ਸੇਵਾਵਾਂ, ਵਿਦਿਅਕ ਪ੍ਰਚਾਰ ਅਤੇ ਲੋਕ ਭਲਾਈ ਕਾਰਜਾਂ ਵਿਚ ਵੱਡੀ ਪੱਧਰ 'ਤੇ ਸੇਵਾਵਾਂ ਦੇ ਰਹੀ ਹੈ। ਇਸ ਵੱਲੋਂ ਕੌਮੀ ਭਾਵਨਾ ਦੀ ਤਰਜਮਾਨੀ ਕਰਦਿਆਂ ਇਕ ਸਦੀ ਦਾ ਸਫ਼ਰ ਤੈਅ ਕੀਤਾ ਜਾ ਚੁੱਕਾ ਹੈ। ਇਸ ਸੰਸਥਾ ਦੀਆਂ ਪ੍ਰਬੰਧਕੀ ਲੋੜਾਂ ਨੂੰ ਮੁੱਖ ਰੱਖਦਿਆਂ ਪ੍ਰਬੰਧਕੀ ਬਲਾਕ ਦਾ ਵਿਸਥਾਰ ਕਰਨ ਦੇ ਨਾਲ-ਨਾਲ ਭਵਿੱਖ ਦੀਆਂ ਤਰਜੀਹਾਂ ਨੂੰ ਧਿਆਨ ਵਿੱਚ ਰੱਖ ਕੇ ਆਧੁਨਿਕ ਆਡੀਟੋਰੀਅਮ ਤਿਆਰ ਕੀਤਾ ਗਿਆ ਹੈ। ਇਸ ਆਡੀਟੋਰੀਅਮ ਦਾ ਨਾਂ ਸਿੰਘ ਸਭਾ ਲਹਿਰ ਦੇ ਆਗੂ ਤੇ ਸਿੱਖ ਵਿਦਵਾਨ



ਗਿਆਨੀ ਦਿੱਤ ਸਿੰਘ ਜੀ ਦੇ ਨਾਂ 'ਤੇ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਸਿੱਖ ਇਤਿਹਾਸ ਦੀਆਂ ਅਹਿਮ ਲਹਿਰਾਂ ਸਨ, ਜਿਨ੍ਹਾਂ ਨੇ ਸੁਚੱਜੇ ਗੁਰਦੁਆਰਾ ਪ੍ਰਬੰਧ ਅਤੇ ਸਿੱਖੀ ਦੀਆਂ ਕਦਰਾਂ-ਕੀਮਤਾਂ ਨੂੰ ਉਭਾਰਨ ਲਈ ਵੱਡਾ ਯੋਗਦਾਨ ਪਾਇਆ। ਉਨ੍ਹਾਂ ਆਖਿਆ ਕਿ ਆਡੀਟੋਰੀਅਮ ਦਾ ਨਾਂ ਗਿਆਨੀ ਦਿੱਤ ਸਿੰਘ ਜੀ ਦੇ ਨਾਂ 'ਤੇ ਇਸ ਕਰਕੇ ਰੱਖਿਆ ਗਿਆ ਹੈ ਕਿ ਹਮੇਸ਼ਾ ਸਿੱਖੀ ਦੇ ਮੌਲਿਕ ਸਿਧਾਂਤਾਂ ਅਤੇ ਮਰਯਾਦਾ ਦੇ ਉਭਾਰ ਲਈ ਚੇਤਨਾ ਮਿਲਦੀ ਰਹੇ। ਉਨ੍ਹਾਂ ਸਮਾਗਮ ਦੌਰਾਨ ਹਾਜ਼ਰ ਸ਼?ਰੋਮਣੀ ਕਮੇਟੀ ਦੇ ਸਮੂਹ ਮੁਲਾਜ਼ਮਾਂ ਨੂੰ ਯਾਦ ਦਵਾਇਆ ਕਿ ਗਿਆਨੀ ਦਿੱਤ ਸਿੰਘ ਜੀ ਨੇ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਵਡਮੁੱਲਾ ਯੋਗਦਾਨ ਪਾਇਆ ਅਤੇ ਕੁਰੀਤੀਆਂ ਵਿਰੁੱਧ ਜ਼ੋਰਦਾਰ ਅਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਗਿਆਨੀ ਦਿੱਤ ਸਿੰਘ ਪ੍ਰਬੁੱਧ ਵਿਦਵਾਨ ਸਨ, ਜਿਨ੍ਹਾਂ ਤੋਂ ਸਿੱਖੀ ਸਿਧਾਂਤਾਂ ਪ੍ਰਤੀ ਸਮਰਪਿਤ ਰਹਿਣ ਦੀ ਪ੍ਰੇਰਨਾ ਵੀ ਮਿਲਦੀ ਹੈ। ਐਡਵੋਕੇਟ ਧਾਮੀ ਇਸ ਕਾਰਜ ਨੂੰ ਮੁਕੰਮਲ ਕਰਨ ਲਈ ਸੇਵਾਵਾਂ ਨਿਭਾਉਣ ਵਾਲੇ ਬਾਬਾ ਜਗਤਾਰ ਸਿੰਘ ਤੇ ਬਾਬਾ ਮਹਿੰਦਰ ਸਿੰਘ ਕਾਰਸੇਵਾ ਤਰਨ ਤਾਰਨ ਵਾਲਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਨੇ ਗੁਰੂ ਘਰ ਦੀਆਂ ਇਮਾਰਤਾਂ ਅਤੇ ਸੰਗਤ ਦੀਆਂ ਲੋੜਾਂ ਨਾਲ ਸਬੰਧਤ ਸੇਵਾਵਾਂ ਨੂੰ ਹਮੇਸ਼ਾ ਸ਼ਰਧਾ ਤੇ ਸਮਰਪਣ ਨਾਲ ਨਿਭਾਇਆ ਹੈ। ਇਸ ਮੌਕੇ ਕਾਰਸੇਵਾ ਵਾਲੇ ਮਹਾਂਪੁਰਖਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਬਾਬਾ ਜਗਤਾਰ ਸਿੰਘ ਕਾਰਸੇਵਾ ਤਰਨ ਤਾਰਨ ਸਾਹਿਬ, ਬਾਬਾ ਮਹਿੰਦਰ ਸਿੰਘ, ਸ਼?ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਬਾਵਾ ਸਿੰਘ ਗੁਮਾਨਪੁਰਾ, ਓਐਸਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਬਿਜੈ ਸਿੰਘ, ਜਸਵਿੰਦਰ ਸਿੰਘ ਜੱਸੀ, ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਗੁਰਮੀਤ ਸਿੰਘ ਮੁਕਤਸਰੀ, ਅਜ਼ਾਦ ਦੀਪ ਸਿੰਘ, ਸਤਨਾਮ ਸਿੰਘ ਰਿਆੜ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਮੇਜਰ ਸਿੰਘ, ਬਾਬਾ ਗੁਰਮੀਤ ਸਿੰਘ, ਬਾਬਾ ਗੁਰਮੇਲ ਸਿੰਘ ਜਾਮਨੀ ਸਾਹਿਬ, ਬਾਬਾ ਸੁੱਖਾ ਸਿੰਘ ਟਾਂਡਾ ਹੁਸ਼ਿਆਰਪੁਰ, ਬਾਬਾ ਜੋਗਾ ਸਿੰਘ ਅੰਮ੍ਰਿਤਸਰ, ਬਾਬਾ ਹਰਦੇਵ ਸਿੰਘ, ਬਾਬਾ ਦਲਬੀਰ ਸਿੰਘ, ਐਕਸੀਅਨ ਜਤਿੰਦਰਪਾਲ ਸਿੰਘ, ਸੁਖਜਿੰਦਰ ਸਿੰਘ, ਅਮਨਦੀਪ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਐਸਡੀਓ ਸੁਖਬੀਰ ਸਿੰਘ, ਸਤਬੀਰ ਸਿੰਘ ਤੇ ਸਮੂਹ ਸਟਾਫ਼ ਮੌਜੂਦ ਸੀ।